10-MAR-PAGE-1.qxd 3/9/2024 10:30 PM Page 1

ਐਤਵਾਰ, 10 ਮਾਰਚ, 2024

27 ਫੱਗਣ { ਨਾਨਕਸ਼ਾਹੀ 555 / ਬਿਕਰਮੀ 2080 }

ਜਿਲਦ/VOL. : 72

ਅੰਕ/NO. : 280

# ਨਵਾਂ ਜ਼ਮਾਨਾ

DAILY NAWAN ZAMANA • SUNDAY, 10 MARCH, 2024 ਜਲੰਧਰ

nawan zamana TV

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14

# ਨਵੀਂ ਆਬਕਾਰੀ ਨੀਤੀ ਨੂੰ ਪ੍ਰਵਾਨਗੀ

**ਪਹਿਲੀ ਵਾਰ 10,000 ਕਰੋੜ ਤੋਂ ਵੱਧ ਮਾਲੀਏ ਦਾ ਟੀਚਾ ਮਿੱਥਿਆ, ਦੋ ਦਹਾਕਿਆਂ ਬਾਅਦ ਹੇਠਲੀਆਂ ਅਦਾਲਤਾਂ ਦੀਆਂ 3842 ਆਰਜ਼ੀ ਅਸਾਮੀਆਂ ਨੂੰ ਪੱਕੀਆਂ ਅਸਾਮੀਆਂ 'ਚ ਤਬਦੀਲ ਕਰਨ ਨੂੰ ਹਰੀ ਝੰਡੀ, 2 ਕਰੋੜ ਰੁਪਏ ਤੱਕ ਕਾਰੋਬਾਰ ਕਰਨ ਵਾਲੇ ਵਪਾਰੀਆਂ ਨੂੰ ਵੀ ਮਿਲੇਗਾ ਸਿਹਤ ਬੀਮਾ ਯੋਜਨਾ ਦਾ ਲਾਭ**



**ਚੰਡੀਗੜ੍ਹ (ਗੁਰਜੀਤ ਬਿੱਲਾ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਮੰਤਰੀ ਮੰਡਲ ਨੇ ਅਹਿਮ ਫੈਸਲਾ ਲੈਂਦਿਆਂ ਸ਼ਨੀਵਾਰ ਹੇਠਲੀਆਂ ਅਦਾਲਤਾਂ ਵਿੱਚ ਸਥਿਤ ਨਿਆਂਇਕ ਵਿੰਗ ਦੀਆਂ 3842 ਆਰਜ਼ੀ ਅਸਾਮੀਆਂ ਨੂੰ ਸਥਾਈ ਅਸਾਮੀਆਂ ਵਿੱਚ ਤਬਦੀਲ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ।ਇਸ ਬਾਰੇ ਫੈਸਲਾ ਸ਼ਨੀਵਾਰ ਸਵੇਰੇ ਇੱਥੇ ਮੁੱਖ ਮੰਤਰੀ ਦੀ ਅਗਵਾਈ ਹੇਠ ਉਨ੍ਹਾਂ ਦੇ ਸਰਕਾਰੀ ਨਿਵਾਸ 'ਤੇ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਲਿਆ ਗਿਆ।ਇਹ ਖੁਲਾਸਾ ਕਰਦਿਆਂ ਮੁੱਖ ਮੰਤਰੀ ਦਫ਼ਤਰ ਦੇ ਇੱਕ ਬੁਲਾਰੇ ਨੇ ਦੱਸਿਆ ਕਿ ਮੰਤਰੀ ਮੰਡਲ ਨੇ ਨਿਆਂਇਕ ਵਿੰਗ ਦੀਆਂ 3842 ਅਸਥਾਈ ਅਸਾਮੀਆਂ ਨੂੰ ਸਥਾਈ ਅਸਾਮੀਆਂ ਵਿੱਚ ਤਬਦੀਲ ਕਰਨ ਦੀ ਮਨਜ਼ੂਰੀ ਦੇ ਦਿੱਤੀ ਹੈ।ਇਹ ਅਸਾਮੀਆਂ ਦੋ ਦਹਾਕਿਆਂ ਤੋਂ ਵੱਧ ਸਮੇਂ ਤੋਂ ਆਰਜ਼ੀ ਅਸਾਮੀਆਂ ਵਜੋਂ ਮਨੋਨੀਤ ਹਨ ਅਤੇ ਇਸ ਨੂੰ ਨਿਰੰਤਰ ਰੱਖਣ ਲਈ ਹਰੇਕ ਸਾਲ ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ਅਤੇ ਵਿੱਤ ਵਿਭਾਗ ਪਾਸੋਂ ਪ੍ਰਵਾਨਗੀ ਲੈਣੀ ਪੈਂਦੀ ਸੀ।ਇਨ੍ਹਾਂ ਅਸਾਮੀਆਂ ਨੂੰ ਸਥਾਈ ਅਸਾਮੀਆਂ ਵਿੱਚ ਤਬਦੀਲ ਕਰਨ ਦੇ ਫੈਸਲੇ ਨਾਲ ਹਰੇਕ ਸਾਲ ਅਸਾਮੀਆਂ ਦੀ ਨਿਰੰਤਰਤਾ ਕਾਇਮ ਰੱਖਣ ਦੀ ਬੇਲੋੜੀ ਪ੍ਰੇਸ਼ਾਨੀ ਖਤਮ ਕਰਨ ਵਿੱਚ ਮਦਦ ਮਿਲੇਗੀ।

ਮੰਤਰੀ ਮੰਡਲ ਨੇ ਜਿਨਸੀ ਅਪਰਾਧ ਤੋਂ ਬੱਚਿਆਂ ਦੇ ਬਚਾਅ ਸੰਬੰਧੀ ਐਕਟ (ਪੋਕਸੋ) ਅਤੇ ਜਬਰ-ਜਨਾਹ ਨਾਲ ਸੰਬੰਧਤ ਕੇਸਾਂ ਦੇ ਤੇਜ਼ ਨਿਪਟਾਰੇ ਨੂੰ ਯਕੀਨੀ ਬਣਾਉਣ ਲਈ ਸੰਗਰੂਰ ਅਤੇ ਤਰਨ ਤਾਰਨ ਜ਼ਿਲ੍ਹਿਆਂ ਵਿੱਚ ਦੋ ਫਾਸਟ ਟਰੈਕ ਵਿਸ਼ੇਸ਼ ਅਦਾਲਤਾਂ ਸਥਾਪਤ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਪੋਕਸੋ ਐਕਟ ਅਤੇ ਜਬਰ-ਜਨਾਹ ਦੇ ਕੇਸਾਂ ਦੇ ਨਿਪਟਾਰੇ ਲਈ ਸਮਰਪਿਤ ਅਦਾਲਤਾਂ ਦੀ ਸਥਾਪਨਾ ਨਾਲ ਬਕਾਇਆ ਕੇਸਾਂ ਦੀ ਗਿਣਤੀ ਖਤਮ ਹੋਵੇਗੀ ਅਤੇ ਅਜਿਹੇ ਮਾਮਲਿਆਂ ਵਿੱਚ ਮੁਕੱਦਮਿਆਂ ਦੀ ਸੁਣਵਾਈ ਵਿੱਚ ਤੇਜ਼ੀ ਆਵੇਗੀ। ਮੰਤਰੀ ਮੰਡਲ ਨੇ ਇਨ੍ਹਾਂ ਅਦਾਲਤਾਂ ਲਈ 2 ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਅਤੇ 18 ਹੋਰ ਸਹਾਇਕ ਸਟਾਫ ਸਮੇਤ ਕੁੱਲ 20 ਨਵੀਆਂ ਅਸਾਮੀਆਂ ਦੀ ਰਚਨਾ ਕਰਨ ਦੀ ਮਨਜ਼ੂਰੀ ਦਿੱਤੀ ਗਈ ਹੈ।

ਪੰਜਾਬ ਵਾਸੀਆਂ ਨੂੰ ਨਿਰਵਿਘਨ ਅਤੇ ਮਿਆਰੀ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਮੈਡੀਕਲ ਅਫਸਰਾਂ (ਜਨਰਲ) ਦੀਆਂ 189 ਅਸਾਮੀਆਂ ਬਹਾਲ ਕਰਨ ਅਤੇ ਮੈਡੀਕਲ ਅਫਸਰ (ਜਨਰਲ) ਦੀਆਂ 1390 ਅਸਾਮੀਆਂ ਹੋਰ ਸਿਰਜਣ ● ਬਾਕੀ ਸਫ਼ਾ 2 'ਤੇ

## ਗੈਰ-ਕਾਨੂੰਨੀ ਢੰਗ ਨਾਲ ਬਣਾਏ ਮਹਿਲ ਤੇ ਫਾਰਮ ਹਾਊਸ ਹੋਣਗੇ ਜ਼ਮੀਨਦੋਜ਼ : ਭਗਵੰਤ ਮਾਨ

**ਸੰਗਰੂਰ ਵਾਸੀਆਂ ਨੂੰ 869 ਕਰੋੜ ਰੁਪਏ ਦਾ ਤੋਹਫ਼ਾ, ਭਾਜਪਾ ਦੇ ਪੰਜਾਬ ਵਿਰੋਧੀ ਰੁਖ਼ ਦੇ ਮੁੱਦੇ 'ਤੇ ਕੈਪਟਨ, ਜਾਖੜ ਤੇ ਮਨਪ੍ਰੀਤ ਚੁੱਪ ਕਿਉਂ**

**ਚੀਮਾ ਮੰਡੀ/ਸੰਗਰੂਰ/ਸੁਨਾਮ (ਰਵਿੰਦਰ ਚੀਮਾ/ਪ੍ਰਵੀਨ ਸਿੰਘ/ਹਾਕਮ ਸਿੰਘ ਭੱਟੀ, ਅਸ਼ੋਕ ਬਾਂਸਲ)**



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਨੀਵਾਰ ਨੂੰ ਸੰਗਰੂਰ ਜ਼ਿਲ੍ਹੇ ਵਿੱਚ ਕਈ ਵਿਕਾਸ ਕਾਰਜਾਂ ਦਾ ਨੀਂਹ ਪੱਥਰ ਰੱਖ ਕੇ ਮੁਕਾਮੀ ਬਸ਼ਿੰਦਿਆਂ ਨੂੰ 839 ਕਰੋੜ ਰੁਪਏ ਦਾ ਤੋਹਫ਼ਾ ਦਿੱਤਾ। ਇੱਥੇ ਵਿਕਾਸ ਕ੍ਰਾਂਤੀ ਰੈਲੀ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਉਹ ਹਮੇਸ਼ਾ ਤੋਂ ਚਾਹੁੰਦੇ ਸਨ ਕਿ ਇਸ ਖਿੱਤੇ ਵਿੱਚ ਇੱਕ ਅਤਿ-ਆਧੁਨਿਕ ਹਸਪਤਾਲ ਹੋਵੇ ਤਾਂ ਜੋ ਲੋਕਾਂ ਨੂੰ ਮਿਆਰੀ ਸਿਹਤ ਸੇਵਾਵਾਂ ਮਿਲ ਸਕਣ। ਉਨ੍ਹਾਂ ਕਿਹਾ ਕਿ ਅੱਜ ਉਨ੍ਹਾਂ ਦਾ ਸੁਫਨਾ ਪੂਰੀ ਵਿਖੇ 80 ਬਿਸਤਰਿਆਂ ਵਾਲੇ ਜੱਚਾ-ਬੱਚਾ ਹਸਪਤਾਲ, ਚੀਮਾ ਵਿਖੇ 30 ਬਿਸਤਰਿਆਂ ਵਾਲੇ ਰੂਰਲ ਹਸਪਤਾਲ ਅਤੇ ਕੌਹਰੀਆਂ ਵਿਖੇ 30 ਬਿਸਤਰਿਆਂ ਵਾਲੇ ਕਮਿਊਨਿਟੀ ਹੈਲਥ ਸੈਂਟਰ ਦੀ ਸਥਾਪਨਾ ਨਾਲ ਸਾਕਾਰ ਹੋਇਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਪਹਿਲਾਂ ਹੀ ਹਸਪਤਾਲ ਦੇ ਅੰਦਰ ਹੀ ਮਰੀਜ਼ਾਂ ਨੂੰ ਮੁਫ਼ਤ ਦਵਾਈ ਮੁਹੱਈਆ ਕਰਵਾਈ ਜਾ ਰਹੀ ਹੈ ਤਾਂ ਜੋ ਮਰੀਜ਼ਾਂ ਨੂੰ ਬਾਹਰ ਨਾ ਜਾਣਾ ਪਵੇ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੇਸ਼ ਦਾ ਅੰਨ ਭੰਡਾਰ ਤੇ ਖੜਗ ਭੁਜਾ ਹੈ ਅਤੇ ਕੌਮੀ ਆਜ਼ਾਦੀ ਸੰਘਰਸ਼ ਵਿੱਚ ਪੰਜਾਬੀਆਂ ਵੱਲੋਂ 90 ਫੀਸਦੀ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਆਮ ਲੋਕਾਂ ਨੂੰ ਲਾਭ ਪਹੁੰਚਾਉਣ ਲਈ ਵੱਖ-ਵੱਖ ਪਹਿਲਕਦਮੀਆਂ ਕੀਤੀਆਂ ਹਨ। ਮੁੱਖ ਮੰਤਰੀ ਨੇ ਕਿਹਾ ਕਿ ਇਹ ਕਲੀਨਿਕ ਵਿਸ਼ਵ ਪੱਧਰੀ ਸਿਹਤ ਸੰਭਾਲ ਪ੍ਰਣਾਲੀ ਦੀ ਕਾਇਆ-ਕਲਪ ਕਰ ਰਹੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦਾ ਖ਼ਜ਼ਾਨਾ ਕਦੇ ਵੀ ਖਾਲੀ ਨਹੀਂ ਰਿਹਾ, ਪਰ ਸਿਆਸੀ ਆਗੂਆਂ ਕੋਲ ਆਮ ਆਦਮੀ ਦੀ ਭਲਾਈ ਲਈ ਨੀਅਤ ਦੀ ਘਾਟ ਸੀ, ਜਿਸ ਕਾਰਨ ਉਨ੍ਹਾਂ ਨੇ ਲੋਕਾਂ ਦੀ ਭਲਾਈ ਲਈ ਕੋਈ ਉਪਰਾਲਾ ਨਹੀਂ ਕੀਤਾ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਲੋਕਾਂ ਨੂੰ ਬਹੁਤ ਚੰਗੀ ਖ਼ਬਰ ਮਿਲੇਗੀ ਕਿਉਂਕਿ ਲੀਡਰਾਂ ਵੱਲੋਂ ਗੈਰ-ਕਾਨੂੰਨੀ ਢੰਗ ਨਾਲ ਬਣਾਏ ਵੱਡੇ ਪੈਲੇਸ ਅਤੇ ਫਾਰਮ ਹਾਊਸਾਂ ਨੂੰ ਜਲਦੀ ਢਾਹ ਦਿੱਤਾ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਲੋਕਾਂ ਨੇ ਆਮ ਆਦਮੀ ਦੇ ਖ਼ੂਨ-ਪਸੀਨੇ ਨਾਲ ਕਮਾਏ ਪੈਸੇ ਨਾਲ ਇਹ ਸ਼ਾਨਦਾਰ ਮਹਿਲ ਬਣਾਏ ਹਨ, ਜੋ ਬਰਦਾਸ਼ਤਯੋਗ ਨਹੀਂ ਹੈ ਅਤੇ ਹਰ ਪੰਜਾਬੀ ਦੇ ਮਨ ਨੂੰ ਸਕੂਨ ਪਹੁੰਚਾਉਣ ਲਈ ਇਨ੍ਹਾਂ ਨੂੰ ਜਲਦੀ ਹੀ ਢਹਿ-ਢੇਰੀ ਕਰ ਦਿੱਤਾ ਜਾਵੇਗਾ। ਮੁੱਖ ● ਬਾਕੀ ਸਫ਼ਾ 2 'ਤੇ

## ਜ਼ਰਦਾਰੀ ਦੂਜੀ ਵਾਰ ਬਣੇ ਪਾਕਿਸਤਾਨ ਦੇ ਰਾਸ਼ਟਰਪਤੀ



**ਇਸਲਾਮਾਬਾਦ :** ਪਾਕਿਸਤਾਨ ਪੀਪਲਜ਼ ਪਾਰਟੀ (ਪੀ ਪੀ ਪੀ) ਦੇ ਸਹਿ-ਪ੍ਰਧਾਨ ਆਸਿਫ਼ ਅਲੀ ਜ਼ਰਦਾਰੀ ਨੂੰ ਸ਼ਨੀਵਾਰ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਸਮਰਥਿਤ ਉਮੀਦਵਾਰ ਮਹਿਮੂਦ ਖਾਨ ਅਚਕਜ਼ਈ ਨੂੰ ਹਰਾ ਕੇ ਭਾਰੀ ਬਹੁਮਤ ਹਾਸਲ ਕਰਨ ਤੋਂ ਬਾਅਦ ਦੂਜੀ ਵਾਰ ਦੇਸ਼ ਦਾ ਰਾਸ਼ਟਰਪਤੀ ਚੁਣਿਆ ਗਿਆ। ਜ਼ਰਦਾਰੀ (68) ਪਾਕਿਸਤਾਨ ਪੀਪਲਜ਼ ਪਾਰਟੀ (ਪੀ ਪੀ ਪੀ) ਅਤੇ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀ ਐੱਮ ਐੱਲ-ਐੱਨ) ਦੇ ਸਾਂਝੇ ਉਮੀਦਵਾਰ ਸਨ, ਜਦੋਂ ਕਿ ਉਨ੍ਹਾਂ ਦੇ ਵਿਰੋਧੀ ਮਹਿਮੂਦ ਖਾਨ ਅਚਕਜ਼ਈ (75) ਸੁੰਨੀ ਇਤੇਹਾਦ ਕੌਂਸਲ (ਐੱਸ ਆਈ ਸੀ) ਦੇ ਉਮੀਦਵਾਰ ਸਨ।ਨਵੇਂ ਪ੍ਰਧਾਨ ਦੀ ਚੋਣ ਸੰਵਿਧਾਨ ਦੇ ਉਪਬੰਧਾਂ ਅਨੁਸਾਰ ਨੈਸ਼ਨਲ ਅਸੈਂਬਲੀ ਅਤੇ ਚਾਰ ਸੂਬਾਈ ਅਸੈਂਬਲੀਆਂ ਦੇ ਨਵੇਂ ਚੁਣੇ ਗਏ ਮੈਂਬਰਾਂ ਦੇ ਇਲੈਕਟੋਰਲ ਕਲਾਜ਼ ਦੁਆਰਾ ਕੀਤੀ ਗਈ। ਪਾਕਿਸਤਾਨੀ ਮੀਡੀਆ ਨੇ ਦੱਸਿਆ ਕਿ ਜ਼ਰਦਾਰੀ ਨੂੰ 255 ਵੋਟਾਂ ਮਿਲੀਆਂ, ਜਦਕਿ ਉਹਨਾ ਦੇ ਵਿਰੋਧੀ ਨੂੰ 119 ਵੋਟਾਂ ਮਿਲੀਆਂ।ਜ਼ਰਦਾਰੀ ਮੌਜੂਦਾ ਰਾਸ਼ਟਰਪਤੀ ਡਾਕਟਰ ਆਰਿਫ ਅਲਵੀ ਦੀ ਥਾਂ ਲੈਣਗੇ, ਜਿਨ੍ਹਾ ਦਾ ਪੰਜ ਸਾਲ ਦਾ ਕਾਰਜਕਾਲ ਪਿਛਲੇ ਸਾਲ ਖਤਮ ਹੋਇਆ ਸੀ।

## ਜੰਗਾਲ ਲੱਗੇ ਗ੍ਰਨੇਡ ਤੇ ਵਿਸਫੋਟਕਾਂ ਦਾ ਜਖ਼ੀਰਾ ਬਰਾਮਦ

**ਜੰਮੂ :** ਜੰਮੂ ਅਤੇ ਕਸ਼ਮੀਰ ਦੇ ਰਾਜੌਰੀ ਜ਼ਿਲ੍ਹੇ 'ਚ ਸ਼ਨੀਵਾਰ ਪੁਲਸ ਅਤੇ ਕੇਂਦਰੀ ਰਿਜ਼ਰਵ ਪੁਲਸ ਬਲ ਨੇ ਰਾਜੌਰੀ ਦੇ ਦਰਹਾਲ ਚੌਕੀਯਾਨ ਇਲਾਕੇ 'ਚ ਜੰਗਾਲ ਲੱਗੇ ਗ੍ਰਨੇਡ, ਗੋਲੀਆਂ ਅਤੇ ਵਿਸਫੋਟਕ ਬਰਾਮਦ ਕੀਤੇ। ਸੂਚਨਾ ਮਿਲਣ 'ਤੇ ਪੁਲਸ ਸਟੇਸ਼ਨ ਦਰਹਾਲ ਅਤੇ ਸੀ ਆਰ ਪੀ ਐੱਫ ਦੀ ਇੱਕ ਪਾਰਟੀ ਮੌਕੇ 'ਤੇ ਪਹੁੰਚੀ ਅਤੇ ਗ੍ਰਨੇਡ, ਗੋਲੀਆਂ ਅਤੇ ਵਿਸਫੋਟਕਾਂ ਦਾ ਜਖ਼ੀਰਾ ਬਰਾਮਦ ਕੀਤਾ।

## ਤੇਰੀਆਂ ਗਾਲਾਂ ਸੁਣੀਆਂ ਤੇ ਤੈਨੂੰ ਹੀ ਭਾਜਪਾ ਜੁਆਇਨ ਕਰਵਾ ਰਿਹਾਂ : ਵਿਜੈਵਰਗੀਆ

**ਭੂਪਾਲ :** ਲੋਕ ਸਭਾ ਚੋਣਾਂ 2024 ਤੋਂ ਪਹਿਲਾਂ ਮੱਧ ਪ੍ਰਦੇਸ਼ 'ਚ ਕਾਂਗਰਸ ਨੂੰ ਝਟਕਾ ਦਿੰਦੇ ਹੋਏ ਸਾਬਕਾ ਕੇਂਦਰੀ ਮੰਤਰੀ ਸੁਰੇਸ਼ ਪਚੌਰੀ, ਸਾਬਕਾ ਸਾਂਸਦ ਗਜੇਂਦਰ ਸਿੰਘ ਰਾਜੂਖੇੜੀ ਅਤੇ ਪਾਰਟੀ ਦੇ ਸਾਬਕਾ ਵਿਧਾਇਕ ਸੰਜੈ ਸ਼ੁਕਲਾ ਸਮੇਤ ਕਈ ਨੇਤਾ ਸ਼ਨੀਵਾਰ ਨੂੰ ਭਾਜਪਾ 'ਚ ਸ਼ਾਮਲ ਹੋਏ। ਇਸ ਦੌਰਾਨ ਭੂਪਾਲ ਦੇ ਪਾਰਟੀ ਮੁੱਖ ਦਫ਼ਤਰ 'ਚ ਨੇਤਾਵਾਂ ਵਿਚਾਲੇ ਹਾਸਾ-ਮਜ਼ਾਕ ਦਾ ਮਾਹੌਲ ਬਣ ਗਿਆ, ਜਦ ਵਿਧਾਨ ਸਭਾ ਚੋਣਾਂ 'ਚ ਆਪਣਾ ਵਿਰੋਧੀ ਰਹੇ ਸੰਜੈ ਸ਼ੁਕਲਾ ਨੂੰ ਭਗਵਾਂ ਪਟਕਾ ਪਹਿਨਾਉਂਦੇ ਹੋਏ ਕੈਲਾਸ਼ ਵਿਜੈਵਰਗੀਆ ਕਹਿੰਦੇ ਹਨ—ਆਓ, ਤੇਰੀਆਂ ਗਾਲਾਂ ਸੁਣੀਆਂ ਅਤੇ ਤੈਨੂੰ ਹੀ ਭਾਜਪਾ 'ਚ ਸ਼ਾਮਲ ਕਰ ਰਿਹਾ ਹਾਂ...।

ਅਸਲ 'ਚ ਵਿਧਾਨ ਸਭਾ ਚੋਣਾਂ 2024 'ਚ ਇੰਦੌਰ-1 ਸੀਟ ਤੋਂ ਸੰਜੈ ਸ਼ੁਕਲਾ ਕਾਂਗਰਸ ਉਮੀਦਵਾਰ ਸਨ। ਕਾਂਗਰਸ ਉਮੀਦਵਾਰ ਸ਼ੁਕਲਾ ਨੇ ਚੋਣ ਰੈਲੀਆਂ ਤੋਂ ਭਾਜਪਾ ਉਮੀਦਵਾਰ ਕੈਲਾਸ਼ ਵਿਜੈਵਰਗੀਆ 'ਤੇ ਪੱਛਮੀ ਬੰਗਾਲ 'ਚ ਕੇਸ ਦਰਜ ਹੋਣ ਸਮੇਤ ਭੂ ਮਾਫੀਆ ਨੂੰ ਪਨਾਹ ਦੇਣ ਦੇ ਦੋਸ਼ ਲਾਏ ਸਨ।



ਇੱਥੋਂ ਤੱਕ ਕਿ ਵੋਟਿੰਗ ਵਾਲੇ ਦਿਨ ਦੋਵਾਂ ਵਿਚਾਲੇ ਤੂੰ-ਤੂੰ, ਮੈਂ-ਮੈਂ ਵੀ ਹੋਈ ਸੀ।

## ਡਰੱਗ ਤਸਕਰੀ ਦਾ ਸਰਗਨਾ ਸਾਦਿਕ ਗ੍ਰਿਫ਼ਤਾਰ

**ਨਵੀਂ ਦਿੱਲੀ :** ਨਾਰਕੋਟਿਕਸ ਕੰਟਰੋਲ ਬਿਊਰੋ (ਐੱਨ ਸੀ ਬੀ) ਨੇ ਅੰਤਰਰਾਸ਼ਟਰੀ ਨਸ਼ੀਲੇ ਪਦਾਰਥ ਤਸਕਰੀ ਦੇ ਇੱਕ ਮਾਮਲੇ ਦੀ ਜਾਂਚ ਦੇ ਸੰਬੰਧ 'ਚ ਤਾਮਿਲਨਾਡੂ ਦੇ ਕਥਿਤ ਨਸ਼ੀਲੇ ਪਦਾਰਥ ਤਸਕਰ ਜਾਫਰ ਸਾਦਿਕ ਨੂੰ ਗ੍ਰਿਫ਼ਤਾਰ ਕੀਤਾ ਹੈ। ਐੱਨ ਸੀ ਬੀ ਨੇ ਸਾਦਿਕ ਨੂੰ ਭਾਰਤ, ਆਸਟ੍ਰੇਲੀਆ ਅਤੇ ਨਿਊਜ਼ੀਲੈਂਡ 'ਚ ਫੈਲੇ ਅੰਤਰਰਾਸ਼ਟਰੀ ਡਰੱਗ ਤਸਕਰ ਗਰੋਹ ਦਾ ਸਰਗਨਾ ਕਰਾਰ ਦਿੱਤਾ ਹੈ। ਪਿਛਲੇ ਮਹੀਨੇ ਐੱਨ ਸੀ ਬੀ ਨੇ ਤਿੰਨ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਸੀ ਅਤੇ ਦਿੱਲੀ ਦੇ ਇੱਕ ਗੋਦਾਮ 'ਚ ਛਾਪੇਮਾਰੀ ਦੌਰਾਨ 50 ਕਿਲੋਗ੍ਰਾਮ ਨਸ਼ੀਲੇ ਪਦਾਰਥ ਬਣਾਉਣ ਵਾਲੇ ਰਸਾਇਣ ਸੂਡੋਏਫਿਡ੍ਰਿਨ ਜ਼ਬਤ ਕੀਤਾ ਸੀ। ਉਸ ਤੋਂ ਬਾਅਦ ਐੱਨ ਸੀ ਬੀ ਸਾਦਿਕ ਦੀ ਤਲਾਸ਼ 'ਚ ਸੀ ਅਤੇ ਤਾਮਿਲਨਾਡੂ 'ਚ ਉਸ ਨਾਲ ਜੁੜੇ ਟਿਕਾਣਿਆਂ 'ਤੇ ਛਾਪੇਮਾਰੀ ਕੀਤੀ ਸੀ। ਅਸਲ 'ਚ ● ਬਾਕੀ ਸਫ਼ਾ 2 'ਤੇ

## ਬਸਪਾ ਆਪਣੇ ਬਲਬੂਤੇ 'ਤੇ ਚੋਣ ਲੜੇਗੀ : ਮਾਇਆਵਤੀ



**ਨਵੀਂ ਦਿੱਲੀ :** ਅਗਾਊਂ ਲੋਕ ਸਭਾ ਚੋਣਾਂ ਬਹੁਜਨ ਸਮਾਜ ਪਾਰਟੀ ਆਪਣੇ ਦਮ 'ਤੇ ਲੜੇਗੀ। ਇਸ ਨੂੰ ਲੈ ਕੇ ਸ਼ਨੀਵਾਰ ਬਸਪਾ ਪ੍ਰਮੁੱਖ ਮਾਇਆਵਤੀ ਨੇ 'ਐਕਸ' 'ਤੇ ਇਸ ਦਾ ਐਲਾਨ ਕੀਤਾ। ਨਾਲ ਹੀ ਮੀਡੀਆ ਨੂੰ ਵੀ ਨਸੀਹਤ ਦਿੱਤੀ। ਮਾਇਆਵਤੀ ਨੇ ਕਿਹਾ ਕਿ ਲੋਕ ਸਭਾ ਚੋਣ ਬਸਪਾ ਪੂਰੀ ਤਿਆਰੀ ਅਤੇ ਦਮਦਾਰੀ ਨਾਲ ਲੜ ਰਹੀ ਹੈ। ਬਸਪਾ ਪ੍ਰਮੁੱਖ ਨੇ ਸ਼ਨੀਵਾਰ ਨੂੰ 'ਐਕਸ' 'ਤੇ ਲਿਖਿਆ—ਬਸਪਾ ਦੇਸ਼ 'ਚ ਲੋਕ ਸਭਾ ਦੀ ਆਮ ਚੋਣ ਆਪਣੇ ਬਲਬੂਤੇ 'ਤੇ ਪੂਰੀ ਤਿਆਰੀ ਅਤੇ ਦਮਦਾਰੀ ਨਾਲ ਲੜ ਰਹੀ ਹੈ। ਇਸ 'ਚ ਗਠਜੋੜ ਜਾਂ ਤੀਜਾ ਮੋਰਚਾ ਆਦਿ ਬਣਾਉਣ ਦੀ ਅਫਵਾਹ ਫੈਲਾਉਣਾ ਗਲਤ ਖ਼ਬਰ ਹੈ। ਮੀਡੀਆ ਇਸ ਤਰ੍ਹਾਂ ਦੀਆਂ ਖ਼ਬਰਾਂ ਨਾ ਫੈਲਾਏ। ਲੋਕ ਵੀ ਸਾਵਧਾਨ ਰਹਿਣ। ਉਨ੍ਹਾ ਲਿਖਿਆ ਕਿ ਖਾਸ ਕਰਕੇ ਯੂ ਪੀ 'ਚ ਬਸਪਾ ਦੇ ਕਾਫ਼ੀ ਮਜ਼ਬੂਤੀ ਦੇ ਨਾਲ ਇਕੱਲੇ ਚੋਣ ਲੜਨ ਨਾਲ ਵਿਰੋਧੀ ਖੇਮੇ ਕਾਫ਼ੀ ਬੇਚੈਨ ਲੱਗਦੇ ਹਨ। ਇਸ ਲਈ ਇਹ ਆਏ ਦਿਨ ਅਫਵਾਹਾਂ ਫੈਲਾਅ ਕੇ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾ ਕਿਹਾ ਕਿ ਬਹੁਜਨ ਸਮਾਜ ਦੇ ਹਿੱਤ 'ਚ ਬਸਪਾ ਦਾ ਇਕੱਲੇ ਚੋਣ ਲੜਨ ਦਾ ਫੈਸਲਾ ਅਟਲ ਹੈ। ਲੋਕ ਸਭਾ ਚੋਣਾਂ ਨੂੰ ਲੈ ਕੇ ਬਸਪਾ ਪ੍ਰਮੁੱਖ ਮਾਇਆਵਤੀ ਪਹਿਲਾਂ ਹੀ ਸਪੱਸ਼ਟ ਕਰ ਚੁੱਕੀ ਹੈ ਕਿ ਉਹ ਲੋਕ ਸਭਾ ਚੋਣਾਂ 'ਚ ਕਿਸੇ ਵੀ ਦਲ ਨਾਲ ਗਠਜੋੜ ਨਹੀਂ ਕਰੇਗੀ। ਅਟਕਲਾਂ ਸਨ ਕਿ ਕਾਂਗਰਸ ਪਾਰਟੀ ਮਾਇਆਵਤੀ ਨੂੰ 'ਇੰਡੀਆ' ਗਠਜੋੜ 'ਚ ਸ਼ਾਮਲ ਕਰਨ ਲਈ ਮਨਾ ਸਕਦੀ ਹੈ। ਹਾਲਾਂਕਿ ਉਨ੍ਹਾ ਇੱਕ ਵਾਰ ਫਿਰ ਸਪੱਸ਼ਟ ਕਰ ਦਿੱਤਾ ਕਿ ਉਨ੍ਹਾ ਦੀ ਪਾਰਟੀ ਕਿਸੇ ਦੇ ਨਾਲ ਮਿਲ ਕੇ ਚੋਣ ਨਹੀਂ ਲੜੇਗੀ, ਬਲਕਿ ਆਪਣੇ ਬਲਬੂਤੇ 'ਤੇ ਸਾਰੀਆਂ ਸੀਟਾਂ 'ਤੇ ਉਮੀਦਵਾਰ ਉਤਾਰੇਗੀ।

## ਪੀ ਐੱਸ ਆਈ ਈ ਸੀ ਦੇ ਪਲਾਟਾਂ ਦੀ ਗੈਰ-ਕਾਨੂੰਨੀ ਵੰਡ ਕਰਨ ਵਾਲੇ ਛੇ ਅਧਿਕਾਰੀ ਗ੍ਰਿਫ਼ਤਾਰ

**ਚੰਡੀਗੜ੍ਹ :** ਪੰਜਾਬ ਵਿਜੀਲੈਂਸ ਬਿਊਰੋ ਨੇ ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ (ਪੀ ਐੱਸ ਆਈ ਈ ਸੀ) ਦੇ ਛੇ ਅਧਿਕਾਰੀਆਂ ਐੱਸ ਪੀ ਸਿੰਘ, ਚੀਫ ਜਨਰਲ ਮੈਨੇਜਰ (ਸੇਵਾ-ਮੁਕਤ), ਜਸਵਿੰਦਰ ਸਿੰਘ ਰੰਧਾਵਾ ਜਨਰਲ ਮੈਨੇਜਰ (ਸੇਵਾ-ਮੁਕਤ), ਅਮਰਜੀਤ ਸਿੰਘ ਕਾਹਲੋਂ ਅਸਟੇਟ ਅਫਸਰ (ਸੇਵਾ-ਮੁਕਤ), ਵਿਜੈ ਗੁਪਤਾ ਸੀਨੀਅਰ ਸਹਾਇਕ (ਸੇਵਾ-ਮੁਕਤ), ਦਰਸ਼ਨ ਗਰਗ ਕੰਸਲਟੈਂਟ (ਸੇਵਾ-ਮੁਕਤ) ਅਤੇ ਸਵਤੇਜ ਸਿੰਘ ਐੱਸ ਡੀ ਓ (ਸੇਵਾ-ਮੁਕਤ) ਵਗੈਰਾ ਵਿਰੁੱਧ ਕੇਸ ਦਰਜ ਕੀਤਾ ਗਿਆ ਹੈ। ਇਨ੍ਹਾਂ ਮੁਲਜ਼ਮਾਂ ਉੱਪਰ ਦੋਸ਼ ਹਨ ਕਿ ਇਨ੍ਹਾਂ ਆਪਣੇ ਅਹੁਦੇ ਦੀ ਦੁਰਵਰਤੋਂ ਕਰਕੇ ਮਹਿੰਗੇ ਸਨਅਤੀ ਪਲਾਟ ਗਲਤ ਢੰਗ ਨਾਲ ਆਪਣੇ ਰਿਸ਼ਤੇਦਾਰਾਂ, ਦੋਸਤਾਂ ਤੇ ● ਬਾਕੀ ਸਫ਼ਾ 2 'ਤੇ

## ਕਿਸਾਨੀ ਮੰਗਾਂ ਲਾਗੂ ਕਰਵਾਉਣ ਲਈ ਮਹਾਂ-ਪੰਚਾਇਤ 14 ਨੂੰ ਦਿੱਲੀ 'ਚ : ਅਰਸ਼ੀ



**ਮਾਨਸਾ (ਆਤਮਾ ਸਿੰਘ ਪਮਾਰ)**

ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ 14 ਮਾਰਚ ਨੂੰ ਦਿੱਲੀ ਵਿਖੇ ਹੋ ਰਹੀ ਮਹਾਂ-ਪੰਚਾਇਤ 'ਚ ਸਾਥੀਆਂ ਦੀ ਸ਼ਮੂਲੀਅਤ ਲਈ ਚੋਣਵੇਂ ਆਗੂਆਂ ਦੀ ਮੀਟਿੰਗ ਸਥਾਨਕ ਤੇਜਾ ਸਿੰਘ ਸੁਤੰਤਰ ਭਵਨ ਵਿਖੇ ਜ਼ਿਲ੍ਹਾ ਪ੍ਰਧਾਨ ਰੂਪ ਸਿੰਘ ਢਿੱਲੋਂ ਦੀ ਪ੍ਰਧਾਨਗੀ ਹੇਠ ਹੋਈ।ਇਸ ਮੌਕੇ ਸਾਬਕਾ ਵਿਧਾਇਕ ਤੇ ਕੁੱਲ ਹਿੰਦ ਕਿਸਾਨ ਸਭਾ ਦੇ ਸੂਬਾਈ ਆਗੂ ਹਰਦੇਵ ਸਿੰਘ ਅਰਸ਼ੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਦੇ ਲਿਖਤੀ ਸਮਝੌਤੇ ਨੂੰ ਲਾਗੂ ਕਰਵਾਉਣ ਲਈ ਦਿੱਲੀ ਵਿੱਚ ਵਹੀਰਾਂ ਘੱਤਣ ਲਈ ਆਗੂਆਂ ਤੇ ਵਰਕਰਾਂ ਨੂੰ ਜ਼ੋਰਦਾਰ ਅਪੀਲ ਕੀਤੀ।ਉਹਨਾ ਇਸ ਮੌਕੇ ਐੱਮ ਐੱਸ ਪੀ ਦੀ ਗਰੰਟੀ ਦੇ ਕਾਨੂੰਨ ਦੀ ਮੰਗ ਕਰਦਿਆਂ ਕਿਹਾ ਕਿ ਅਜੋਕੇ ਦੌਰ 'ਚ ਕੁਝ ਅਖੌਤੀ ਆਗੂਆਂ ਨੇ ਸੰਯੁਕਤ ਕਿਸਾਨ ਮੋਰਚੇ ਦੀ ਦਿੱਖ ਨੂੰ ਖਰਾਬ ਕਰਨ ਲਈ ਭੜਕਾਊ ਭਾਸ਼ਣ ਨਾਲ ਗੁੰਮਰਾਹ ਕਰਨ ਲਈ ਤਰ੍ਹਾਂ ਤਰ੍ਹਾਂ ਦੀਆਂ ਫੁੱਟਪਾਊ ਦਲੀਲਾਂ ਦਿੱਤੀਆਂ ਜਾ ਰਹੀਆਂ ਹਨ, ਜਦੋਂ ਕਿ ਮੋਰਚੇ ਵੱਲੋਂ ਕਿਸਾਨਾਂ, ਮਜ਼ਦੂਰਾਂ ਦੇ ਦੁੱਖਾਂ ਦੀ ਮੁਕਤੀ ਅਤੇ ਮਸਲੇ ਹੱਲ ਕਰਨ ਲਈ ਲਗਾਤਾਰ ਸੰਘਰਸ਼ ਜਾਰੀ ਹੈ।ਅਰਸ਼ੀ ਨੇ ਕਿਹਾ ਕਿ ਅੰਦੋਲਨ ਸਮੇਂ ਕਿਸਾਨਾ 'ਤੇ ਦਰਜ ਕੇਸ ਖਾਰਜ ਕਰਨ, ਕਿਸਾਨਾਂ, ਮਜ਼ਦੂਰਾਂ ਦੀ ਸਮੁੱਚੀ ਕਰਜ਼ਾ ਮੁਆਫ਼ੀ, ਸੁਆਮੀਨਾਥਨ ਕਮਿਸ਼ਨ ਦੀ ਰਿਪੋਰਟ ਨੂੰ ਲਾਗੂ ਕਰਨ, ਲਖੀਮਪੁਰ ਖੀਰੀ ਦੇ ਪੀੜਤਾਂ ਨੂੰ ਨਿਆਂ ਤੇ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਕਰਨ ਆਦਿ ਮੁੱਖ ਮੰਗਾਂ ਹਨ।ਮੀਟਿੰਗ ਦੌਰਾਨ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕ੍ਰਿਸ਼ਨ ਚੌਹਾਨ ਤੇ ਕੁਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਰੂਪ ਸਿੰਘ ਢਿੱਲੋਂ ਨੇ ਕਿਹਾ ਕਿ ਸੈਂਕੜੇ ਸਾਥੀ ਦਿੱਲੀ ਵੱਲ ਕੂਚ ਕਰਨਗੇ।ਆਗੂਆਂ ਨੇ ਸੁਚੇਤ ਕਰਦਿਆਂ ਕਿਹਾ ਕਿ ਕਿਸਾਨਾਂ-ਮਜ਼ਦੂਰਾਂ ਵਿੱਚ ਵੰਡ ਪਾਊ ਤਾਕਤਾਂ ਤੋਂ ਦੂਰੀ ਬਣਾਉਣੀ ਸਮੇਂ ਦੀ ਲੋੜ ਹੈ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਰਤਨ ਭੋਲਾ, ਸੁਖਦੇਵ ਪੰਧੇਰ, ਸੁਖਰਾਜ ਸਿੰਘ ਜੋਗਾ, ਗੁਰਦਿਆਲ ਸਿੰਘ ਦਲੇਲ ਸਿੰਘ ਵਾਲਾ, ਪੱਪੀ ਸਿੰਘ ਮੂਲਾ ਸਿੰਘ ਵਾਲਾ, ਜਗਦੇਵ ਸਿੰਘ, ਬਿੰਦਰ ਖਾਂ ਖਿਆਲਾ ਕਲਾਂ, ਕ੍ਰਿਸ਼ਨ ਚੰਦ ਸ਼ਰਮਾ, ਸੁਖਦੇਵ ਭੱਠਲ, ਗੁਲਜ਼ਾਰ ਖਾਂ, ਸੁਖਦੇਵ ਮਾਨਸਾ, ਰਾਜਵਿੰਦਰ ਮਾਨਸਾ ਤੇ ਸਾਥੀ ਬੱਪੀਆਣਾ ਆਦਿ ਆਗੂ ਹਾਜ਼ਰ ਸਨ।

## ਦੇਸ਼ ਨੂੰ ਮਿਲੀ ਦੁਨੀਆ ਦੀ ਸਭ ਤੋਂ ਲੰਮੀ ਡਬਲ ਲੇਨ ਸੁਰੰਗ





**ਗੁਹਾਟੀ :** ਅਰੁਣਾਚਲ ਪ੍ਰਦੇਸ਼ 'ਚ ਦੁਨੀਆ ਦੀ ਸਭ ਤੋਂ ਲੰਮੀ ਸੁਰੰਗ ਪ੍ਰਧਾਨ ਮੰਤਰੀ ਨੇ ਦੇਸ਼ ਨੂੰ ਸਮਰਪਤ ਕਰ ਦਿੱਤੀ। ਸੁਰੰਗ ਦੀ ਨੀਂਹ 2019 'ਚ ਰੱਖੀ ਸੀ। ਲੱਗਭੱਗ 825 ਕਰੋੜ ਦੀ ਲਾਗਤ ਨਾਲ ਇਸ ਸੁਰੰਗ ਨੂੰ ਬਣਾਉਣ 'ਚ ਚਾਰ ਸਾਲ ਦਾ ਸਮਾਂ ਲੱਗਾ। ਇਸ ਸੁਰੰਗ ਨਾਲ ਤੇਜਪੁਰ ਤੋਂ ਤਵਾਂਗ ਦੀ ਯਾਤਰਾ ਦਾ ਸਮਾਂ ਘੱਟੋ-ਘੱਟ ਇੱਕ ਘੰਟਾ ਘਟ ਜਾਵੇਗਾ। ਖਾਸ ਗੱਲ ਇਹ ਹੈ ਕਿ ਸੁਰੰਗ ਦੀ ਮਦਦ ਨਾਲ ਹਰ ਮੌਸਮ 'ਚ ਰਾਬਤਾ ਬਣਿਆ ਰਹੇਗਾ। ਆਮ ਤੌਰ 'ਤੇ ਸਰਦੀਆਂ 'ਚ ਭਾਰੀ ਬਰਫ਼ਬਾਰੀ ਸਮੇਂ ਸੇਲਾ ਪਾਸ ਕਈ ਮਹੀਨੇ ਤੱਕ ਬੰਦ ਰਹਿੰਦਾ ਸੀ। ਸੁਰੰਗ 12.4 ਕਿਲੋਮੀਟਰ ਲੰਮੀ ਹੈ ਤੇ 13000 ਫੁੱਟ ਦੀ ਉਚਾਈ 'ਤੇ ਹੈ। ਸੇਲਾ ਸੁਰੰਗ ਚੀਨ ਸਰਹੱਦ ਦੇ ਬੇਹੱਦ ਨੇੜੇ ਹੈ। ਹੁਣ ਹਰ ਮੌਸਮ 'ਚ ਫੌਜ ਦੀ ਆਵਾਜਾਈ ਵੀ ਬਣੀ ਰਹੇਗੀ। ਪਹਿਲੀ ਸੁਰੰਗ 980 ਮੀਟਰ ਹੀ ਹੈ। ਉੱਥੇ ਹੀ ਦੂਜੀ ਸੁਰੰਗ 1555 ਮੀਟਰ ਲੰਮੀ ਹੈ। ਸੁਰੰਗ ਰਾਹੀਂ ਤਵਾਂਗ ਤੋਂ ਚੀਨ ਸਰਹੱਦ ਤੱਕ ਪਹੁੰਚਣ ਦਾ ਰਸਤਾ 10 ਕਿਲੋਮੀਟਰ ਘੱਟ ਹੋ ਜਾਵੇਗਾ। ਇਸ ਤੋਂ ਇਲਾਵਾ ਅਸਾਮ ਦੇ ਤੇਜਪੁਰ ਅਤੇ ਅਰੁਣਾਚਲ ਦੇ ਤਵਾਂਗ 'ਚ ਫੌਜ ਦੇ ਚਾਰ ਕੋਰ ਮੁੱਖ ਦਫ਼ਤਰਾਂ ਵਿਚਾਲੇ ਦੂਰੀ ਵੀ ਘੱਟ ਹੋ ਜਾਵੇਗੀ।



## ਵਿਸ਼ੇਸ਼ ਸਪਲੀਮੈਂਟ



**ਕਪੂਰਥਲਾ** ਤੋਂ ਜਰਨਲਿਸਟ ਪ੍ਰੈੱਸ ਕਲੱਬ (ਰਜਿ.) ਪੰਜਾਬ ਦੀ 10ਵੀਂ ਵਰ੍ਹੇਗੰਢ ਮੌਕੇ 20 ਮਾਰਚ ਨੂੰ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਸਮੱਗਰੀ ਦੇਣ ਲਈ ਸਾਡੇ ਪੱਤਰਕਾਰ **ਪ੍ਰੀਤ ਸੰਗੋਜਲਾ** ਨਾਲ ਮੋਬਾਇਲ 99143-35663 'ਤੇ ਸੰਪਰਕ ਕਰੋ।

**-ਜਨਰਲ ਮੈਨੇਜਰ**

## ਪੱਤਰਕਾਰਾਂ ਲਈ ਸੂਚਨਾ

'ਨਵਾਂ ਜ਼ਮਾਨਾ' ਦੇ ਜਿਨ੍ਹਾਂ ਪ੍ਰਤੀਨਿਧਾਂ ਦੇ ਸ਼ਨਾਖਤੀ ਕਾਰਡ ਦੀ ਮਿਆਦ ਲੰਘ ਚੁੱਕੀ ਹੈ, ਉਨ੍ਹਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਆਪੋ-ਆਪਣੇ ਕਾਰਡ ਜਲਦੀ ਤੋਂ ਜਲਦੀ 'ਨਵਾਂ ਜ਼ਮਾਨਾ' ਦਫਤਰ ਆ ਕੇ ਬਾਅਦ ਦੁਪਹਿਰ ਸ਼ੁੱਕਰਵਾਰ ਅਤੇ ਸੋਮਵਾਰ ਨੂੰ 2 ਵਜੇ ਤੋਂ ਸ਼ਾਮ 5 ਵਜੇ ਤੱਕ ਨਵਿਆਉਣ। ਪਿਛਲੇ ਸਾਲ ਦੀ ਅਧਿਕਾਰਤ ਪੱਤਰ ਦੀ ਕਾਪੀ ਨਾਲ ਲਿਆਉਣ।

**-ਮੈਨੇਜਰ**



## ਚੇਤਨਾ ਤੇ ਸੰਘਰਸ਼ ਹੀ ਔਰਤ ਨੂੰ ਪਰਵਾਜ਼ ਭਰਨ ਲਈ ਖੁੱਲ੍ਹਾ ਅੰਬਰ ਦੇਵੇਗਾ : ਨਵਜੋਤ ਢਿੱਲੋਂ



**ਜਲੰਧਰ (ਕੇਸਰ)**-ਕੌਮਾਂਤਰੀ ਔਰਤ ਦਿਹਾੜੇ ਨੂੰ ਸਮਰਪਤ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਹੋਏ ਸਮਾਗਮ 'ਚ ਵੈਨਕੂਵਰ (ਕੈਨੇਡਾ) ਦੇ ਜਾਣੇ-ਪਹਿਚਾਣੇ ਬਰਾਡਕਾਸਟਰ, ਦਾ ਨਵਜੋਤ ਢਿੱਲੋਂ ਪੇਜ ਦੀ ਚਰਚਿਤ ਸ਼ਖਸੀਅਤ, ਰੈੱਡ ਐੱਫ ਐੱਮ ਦੇ ਸਾਬਕਾ ਨੈਸ਼ਨਲ ਨਿਊਜ਼ ਡਾਇਰੈਕਟਰ, ਸਮਾਜਕ ਸਰੋਕਾਰਾਂ ਅਤੇ ਔਰਤ ਹੱਕਾਂ ਦੀ ਬੁਲੰਦ ਆਵਾਜ਼ ਨਵਜੋਤ ਢਿੱਲੋਂ ਨੇ ਆਪਣੇ ਕੁੰਜੀਵਤ ਭਾਸ਼ਣ 'ਚ ਔਰਤ ਵਰਗ ਦੀ ਬਹੁ-ਪੱਖੀ ਆਜ਼ਾਦੀ ਅਤੇ ਖੁੱਲ੍ਹੇ ਅੰਬਰ ਵੱਲ ਪਰਵਾਜ਼ ਦੀ ਮੌਲਿਕ ਆਜ਼ਾਦੀ ਲਈ ਸਾਜ਼ਗਾਰ ਮਾਹੌਲ ਸਿਰਜਣ ਉਪਰ ਜ਼ੋਰ ਦਿੱਤਾ। ਉਹਨਾ ਤੁਲਨਾਤਮਕ ਅਧਿਐਨ ਕਰਦਿਆਂ ਤੱਥਾਂ ਸਹਿਤ ਵਰਨਣ ਕੀਤਾ ਕਿ ਸਾਡੇ ਭਾਰਤੀ ਸਮਾਜ ਦੇ ਪਛੜੇਪਣ ਅੰਦਰ ਜੇ ਔਰਤ ਚੌਤਰਫ਼ੀ ਗ਼ੁਲਾਮੀ ਹੰਢਾ ਰਹੀ ਹੈ ਤਾਂ ਕੈਨੇਡਾ ਵਰਗੇ ਮੁਲਕਾਂ ਅੰਦਰ ਵੀ ਦੂਰੋਂ ਇੱਕ ਭਰਮ ਹੀ ਹੈ, ਓਥੇ ਵੀ ਔਰਤ ਕਦਮ-ਕਦਮ 'ਤੇ ਅਨੇਕਾਂ ਪ੍ਰਕਾਰ ਦੀਆਂ ਬੰਦਿਸ਼ਾਂ ਕਾਰਨ ਖੰਭਾਂ ਦੀ ਪਰਵਾਜ਼ ਕੁਤਰੀ ਹੋਈ ● ਬਾਕੀ ਸਫ਼ਾ 2 'ਤੇ

## ਭਾਜਪਾ ਵਿਨਾਸ਼ ਮਾਡਲ ਅਪਣਾ ਰਹੀ : ਕੇਜਰੀਵਾਲ

**ਨਵੀਂ ਦਿੱਲੀ :** ਦਿੱਲੀ ਵਿਧਾਨ ਸਭਾ 'ਚ ਸ਼ਨੀਵਾਰ 10ਵਾਂ ਬਜਟ ਪੇਸ਼ ਕੀਤਾ ਗਿਆ। ਇਸ ਦੌਰਾਨ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਦਿੱਲੀ 'ਚ ਆਪ ਸਰਕਾਰ ਵਿਕਾਸ ਦਾ ਮਾਡਲ ਅਪਣਾ ਰਹੀ ਹੈ, ਜਦਕਿ ਭਾਜਪਾ ਆਪੋਜ਼ੀਸ਼ਨ ਦਲਾਂ ਨੂੰ ਸੱਤਾ ਤੋਂ ਬਾਹਰ ਕਰਨ ਅਤੇ ਸਰਕਾਰਾਂ ਡੇਗਣ ਦੇ ਨਾਲ ਵਿਨਾਸ਼ ਦਾ ਮਾਡਲ ਅਪਣਾ ਰਹੀ ਹੈ। 'ਆਪ' ਸਰਕਾਰ ਨੇ 2024-25 ਬਜਟ 'ਤੇ ਦਿੱਲੀ ਵਿਧਾਨ ਸਭਾ 'ਚ ਬੋਲਦੇ ਹੋਏ ਕੇਜਰੀਵਾਲ ਨੇ ਕਿਹਾ ਕਿ ਇਹ ਏਨਾ ਚੰਗਾ ਬਜਟ ਹੈ ਕਿ ਲੋਕ ਹੁਣ ਕਹਿ ਰਹੇ ਹਨ ਕਿ ਆਪ-ਕਾਂਗਰਸ ਗਠਜੋੜ ਦਿੱਲੀ ਦੀਆਂ ਸਾਰੀਆਂ ਸੱਤ ਲੋਕ ਸਭਾ ਸੀਟਾਂ ਜਿੱਤੇਗਾ। ਇਸ ਦੌਰਾਨ ਕੇਜਰੀਵਾਲ ਨੇ ਈ ਡੀ ਦੇ ਸੰਮਨ 'ਤੇ ਵੀ ਕਿਹਾ—ਮੈਨੂੰ ਹੁਣ ਤੱਕ ਅੱਠ ਸੰਮਨ ਮਿਲ ਚੁੱਕੇ ਹਨ, ਸ਼ਾਇਦ ਨੌਵਾਂ ਵੀ ਮਿਲਣ ਵਾਲਾ ਹੈ, ਪਰ ਮੈਂ ਸਦਨ 'ਚ ਇਹ ਐਲਾਨ ਕਰ ਰਿਹਾ ਹਾਂ ਕਿ ਤੁਸੀਂ ਜਿੰਨੇ ਸੰਮਨ ਭੇਜੋਗੇ, ਮੈਂ ਓਨੇ ● ਬਾਕੀ ਸਫ਼ਾ 2 'ਤੇ

## ਨਿੱਝਰ ਦੀ ਹੱਤਿਆ ਦਾ ਵੀਡੀਓ ਆਇਆ ਸਾਹਮਣੇ

**ਓਟਾਵਾ :** ਕੈਨੇਡਾ 'ਚ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੇ ਨੌਂ ਮਹੀਨੇ ਬਾਅਦ ਘਟਨਾ ਦਾ ਕਥਿਤ ਵੀਡੀਓ ਫੁਟੇਜ਼ ਸਾਹਮਣੇ ਆਇਆ ਹੈ। ਸੀ ਬੀ ਐੱਸ ਨਿਊਜ਼ ਦੀ ਰਿਪੋਰਟ ਮੁਤਾਬਕ ਵੀਡੀਓ ਬਹੁਤ ਦੂਰ ਲੱਗੇ ਕਮਰੇ 'ਚ ਕੈਦ ਹੋ ਗਿਆ। ਸੀ ਬੀ ਐੱਸ ਨਿਊਜ਼ ਨੇ ਇਹ ਵੀਡੀਓ 'ਦਿ ਫਿਫਥ ਅਸਟੇਟ' ਤੋਂ ਹਾਸਲ ਕੀਤਾ। 'ਦਿ ਫਿਫਥ ਅਸਟੇਟ' ਇੱਕ ਕੈਨੇਡੀਅਨ ਇਨਵੈਸਟੀਗੇਸ਼ਨ ਡਾਕੂਮੈਂਟਰੀ ਸੀਰੀਜ਼ ਹੈ। ਜ਼ਿਕਰਯੋਗ ਹੈ ਕਿ ਇਹ ਸੀਰੀਜ਼ ਸੀ ਬੀ ਐੱਸ ਨੈੱਟਵਰਕ 'ਤੇ ਹੀ ਪ੍ਰਸਾਰਤ ਹੁੰਦੀ ਹੈ। ਸੀ ਬੀ ਐੱਸ ਨਿਊਜ਼ ਦੀ ਰਿਪੋਰਟ ਅਨੁਸਾਰ ਫੁਟੇਜ਼ ਨੂੰ ਇੱਕ ਤੋਂ ਵੱਧ ਸੋਰਸਾਂ ਨੇ ਵੈਰੀਫਾਈ ਕੀਤਾ ਹੈ। ਜ਼ਿਕਰਯੋਗ ਹੈ ਕਿ ਕੈਨੇਡਾ ਦੇ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਸਰੀ 'ਚ ਇੱਕ ਗੁਰਦੁਆਰੇ ਦੇ ਬਾਹਰ ਨਿੱਝਰ ਦੀ ਪਿਛਲੇ ਸਾਲ ਜੂਨ ਮਹੀਨੇ 'ਚ ਹੱਤਿਆ ਕਰ ਦਿੱਤੀ ਗਈ ਸੀ। ਇਸ ਨਾਲ ਭਾਰਤ ਅਤੇ ਕੈਨੇਡਾ ਵਿਚਾਲੇ ਸਿਆਸੀ ਵਿਵਾਦ ਪੈਦਾ ਹੋ ਗਿਆ। ਕੈਨੇਡਾ ਨੇ ਭਾਰਤ 'ਤੇ ਦੋਸ਼ ਲਾਇਆ ਕਿ ਉਸ ਦੇ ਏਜੰਟਾਂ ਨੇ ਨਿੱਝਰ ਦੀ ਹੱਤਿਆ ਕੀਤੀ। ਭਾਰਤ ਨੇ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ।

ਹੁਣ ਨਿੱਝਰ ਦੀ ਹੱਤਿਆ ਦਾ ਵੀਡੀਓ ਵਾਇਰਲ ਹੋ ਰਿਹਾ ਹੈ। ਵੀਡੀਓ 'ਚ ਦੇਖਿਆ ਜਾ ਸਕਦਾ ਹੈ ਕਿ ਨਿੱਝਰ ਆਪਣੇ ਗ੍ਰੇ ਰੰਗ ਦੇ ਡਾਜ ਰੈਮ ਪਿਕਅੱਪ ਟਰੱਕ ਰਾਹੀਂ ਗੁਰਦੁਆਰੇ ਦੀ ਪਾਰਕਿੰਗ 'ਚੋਂ ਨਿਕਲ ਰਿਹਾ ਹੈ। ਪਾਰਕਿੰਗ ਦੇ ਨੇੜੇ ਵਾਲੀ ਲੇਨ 'ਚ ਇੱਕ ਚਿੱਟੀ ਰੰਗ ਦੇ ਸੇਡਾਨ ਕਾਰ ਵੀ ਉਸ ਦੇ ਨਾਲ ਅੱਗੇ ਵਧਦੀ ਹੈ। ਜਦੋਂ ਹੀ ਉਹ ਬਾਹਰ ਨਿਕਲ ਕੇ ਨੇੜੇ ਪਹੁੰਚਦਾ ● ਬਾਕੀ ਸਫ਼ਾ 2 'ਤੇ

## ਅੱਜ-ਨਾਮਾ

ਪਲਾਟ ਘੋਟਾਲੇ ਦਾ ਫੜ ਲਿਆ ਹੋਰ ਦੋਸ਼ੀ,
ਉਸ ਤੋਂ ਪਹਿਲਾਂ ਵੀ ਕਈ ਨੇ ਫੜੇ ਬੇਲੀ।
ਛਕ ਲਿਆ ਮਾਲ ਕਰੋੜਾਂ ਦਾ ਮਿਲ ਠੱਗਾਂ,
ਲੋਕਾਂ ਨੂੰ ਲੱਗਣ ਕਸੂਤੇ ਪਏ ਅੜੇ ਬੇਲੀ।
ਲੋਕੀਂ ਆਖਦੇ ਇਹ ਨਹੀਂ ਨਿਕਲ ਸਕਦੇ,
ਰਹਿਣਗੇ ਜੇਲ੍ਹ ਦੇ ਵਿੱਚ ਬੱਸ ਤੜੇ ਬੇਲੀ।
ਏਨੀ ਛੇਤੀ ਨਹੀਂ ਮਾਰ ਇਹ ਖਾਣ ਵਾਲੇ,
ਵਸੀਲੇ ਸੁਣੇ ਆ ਉਨ੍ਹਾਂ ਕੋਲ ਬੜੇ ਬੇਲੀ।
ਆ ਗਈ ਖਬਰ ਤਾਂ ਸਨਸਨੀ ਫੈਲ ਜਾਂਦੀ,
ਖਿਸਕਦੀ ਗੱਡੀ ਨਾ ਪਿੱਛੋਂ ਹੈ ਰਤਾ ਬੇਲੀ।
ਫੜਿਆ ਨਵਾਂ ਤੇ ਜਦੋਂ ਫਿਰ ਖਬਰ ਆਵੇ,
ਲੋਕੀਂ ਆਖਣ ਕੀ ਬਣੂ, ਸਭ ਪਤਾ ਬੇਲੀ।

**-ਤੀਸ ਮਾਰ ਖਾਂ**

## ਕਾਮਰੇਡ ਮੁਕੰਦ ਲਾਲ ਦੇ ਵਿਛੋੜੇ ਨਾਲ ਪਾਰਟੀ ਨੂੰ ਵੱਡਾ ਘਾਟਾ ਪਿਆ : ਬੰਤ ਬਰਾੜ

**ਸ਼ੋਕ ਸਮਾਗਮ 13 ਨੂੰ, ਮ੍ਰਿਤਕ ਦੇਹ ਮੈਡੀਕਲ ਕਾਲਜ ਨੂੰ ਖੋਜ ਕਾਰਜਾਂ ਲਈ ਦਿੱਤੀ**



**ਬੰਗਾ (ਅਵਤਾਰ ਕਲੇਰ)**

ਕਾਮਰੇਡ ਮੁਕੰਦ ਲਾਲ ਪਾਰਟੀ ਦੇ ਬਹੁਤ ਸਰਗਰਮ ਆਗੂ ਸਨ ਅਤੇ ਸਾਰੀਆਂ ਹੀ ਜਥੇਬੰਦੀਆਂ ਦੇ ਹਰ ਕੰਮ 'ਚ ਮੋਹਰੀ ਆਗੂ ਦੀ ਭੂਮਿਕਾ ਨਿਭਾਉਂਦੇ ਅਤੇ ਹਰ ਲੋੜਵੰਦ ਦੀ ਮਦਦ ਕਰਦੇ ਸਨ।ਉਹਨਾ ਦੀ ਬੇਵਕਤ ਮੌਤ ਨਾਲ ਜਿੱਥੇ ਪਰਵਾਰ ਨੂੰ ਘਾਟਾ ਪਿਆ, ਉੱਥੇ ਇਲਾਕੇ ਦੀਆਂ ਜਮਹੂਰੀ ਲਹਿਰਾਂ ਅਤੇ ਪਾਰਟੀ ਨੂੰ ਬਹੁਤ ਘਾਟਾ ਪਿਆ ਹੈ।ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਭਾਰਤੀ ਕਮਿਊਨਿਸਟ ਪਾਰਟੀ ਦੇ ਸੂਬਾ ਸਕੱਤਰ ਬੰਤ ਸਿੰਘ ਬਰਾੜ ਨੇ ਕੀਤਾ।ਉਨ੍ਹਾ ਕਿਹਾ ਕਿ ਮੁਕੰਦ ਲਾਲ ਨੇ ਉਮਰ ਦੇ ਲਗਭਗ 72 ਸਾਲਾਂ 'ਚੋਂ 45 ਸਾਲ ਦੇ ਕਰੀਬ ਭਾਰਤੀ ਕਮਿਊਨਿਸਟ ਪਾਰਟੀ, ਲੋਕ-ਪੱਖੀ ਲਹਿਰਾਂ, ਤਰਕਸ਼ੀਲ ਸੁਸਾਇਟੀ ਪੰਜਾਬ, ਮਜ਼ਦੂਰ, ਕਿਸਾਨ ਜਥੇਬੰਦੀਆਂ, ਮੁਲਾਜ਼ਮ ਯੂਨੀਅਨਾਂ ਅਤੇ ਹੋਰ ਟਰੇਡ ਯੂਨੀਅਨਾਂ 'ਚ ਅੱਗੇ ਹੋ ਕੇ ਕੰਮ ਕੀਤਾ।ਉਨ੍ਹਾ ਨਮਿਤ ਸ਼ੋਕ ਸਮਾਗਮ 13 ਮਾਰਚ (ਬੁੱਧਵਾਰ) ਨੂੰ ਵਜੀਦ ਪੈਲੇਸ, ਨਵਾਂਸ਼ਹਿਰ ਵਿਖੇ ਹੋਵੇਗਾ। ਕਿਸਾਨ ਸਭਾ ਪੰਜਾਬ ਦੇ ਪ੍ਰਧਾਨ ਭੁਪਿੰਦਰ ਸਾਂਬਰ ਨੇ ਕਿਹਾ ਕਿ ਕਾਮਰੇਡ ਮੁਕੰਦ ਲਾਲ ਨੇ ਆਪਣੀ ਸਾਰੀ ਜ਼ਿੰਦਗੀ ਲੋਕਾਂ ਦੇ ਲੇਖੇ ਲਾਈ ਅਤੇ ਲੋਕਾਂ ਨੂੰ ਵਹਿਮਾਂ-ਭਰਮਾਂ 'ਚੋਂ ਕੱਢਣ ਲਈ ਵੱਡਾ ਯੋਗਦਾਨ ਪਾਇਆ ਸਾਂਬਰ ਨੇ ਕਾਮਰੇਡ ਮੁਕੰਦ ਲਾਲ ਦੇ ਪਰਵਾਰਕ ਮੈਂਬਰਾਂ ਧਰਮ ਪਤਨੀ ਜਸਵੀਰ ਕੌਰ, ਪੁੱਤਰ ਰਾਹੁਲ ਦੇਵ, ਪੁੱਤਰ ਸੰਦੀਪ ਕੁਮਾਰ ਨੂੰ ਪਾਰਟੀ ਦਾ ਝੰਡਾ ਸੌਂਪਿਆ ਅਤੇ ਪਰਵਾਰਕ ਮੈਂਬਰਾਂ ਨੇ ਪਾਰਟੀ ਦਾ ਝੰਡਾ ਬੁਲੰਦ ਰੱਖਣ ਦਾ ਵਾਅਦਾ ਕੀਤਾ।ਇਸ ਮੌਕੇ ਉਨ੍ਹਾ ਦੀਆਂ ਬੇਟੀਆਂ ਪੂਜਾ ਰਾਣੀ ਯੂ ਕੇ, ਪੰਕਜ ਕੁਮਾਰੀ ਡਿਪਟੀ ਡਾਇਰੈਕਟਰ ਚੰਡੀਗੜ੍ਹ (ਏਡਜ਼ ਵਿਭਾਗ), ਨੂੰਹ ਮੋਨਿਕਾ, ਪੋਤਰਾ ਅਰਨਵ ਵੀ ਹਾਜ਼ਰ ਸਨ।ਪੰਜਾਬ ਖੇਤ ਮਜ਼ਦੂਰ ਸਭਾ ਦੇ ਜਨਰਲ ਸਕੱਤਰ ਦੇਵੀ ਕੁਮਾਰੀ ਨੇ ਕਿਹਾ ਕਿ ਕਾਮਰੇਡ ਮੁਕੰਦ ਲਾਲ ਦੇ ਜਾਣ ਨਾਲ ਪੰਜਾਬ ਖੇਤ ਮਜ਼ਦੂਰ ਸਭਾ ਨੂੰ ਬਹੁਤ ਘਾਟਾ ਪਿਆ ਹੈ।ਉਹਨਾ ਵੱਲੋਂ ਮਜ਼ਦੂਰਾਂ ਲਈ ਕੀਤੇ ਸੰਘਰਸ਼ ਲਈ ਹਮੇਸ਼ਾ ਯਾਦ ਰੱਖਿਆ ਜਾਵੇਗਾ।ਕਾਮਰੇਡ ਮੁਕੰਦ ਲਾਲ ਭਾਰਤੀ ਕਮਿਊਨਿਸਟ ਪਾਰਟੀ ਦੇ ਸੀਨੀਅਰ ਆਗੂ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਸੀ ਪੀ ਆਈ ਦੇ ਸਹਾਇਕ ਸਕੱਤਰ, ਨਵਾਂ ਸ਼ਹਿਰ ਤਹਿਸੀਲ ਦੇ ਸਕੱਤਰ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾ ਕਮੇਟੀ ਮੈਂਬਰ, ਪੰਜਾਬ ਪੈਨਸ਼ਨਰਜ਼ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਅਤੇ ● ਬਾਕੀ ਸਫ਼ਾ 2 'ਤੇ


ੴ ਸਤਿਗੁਰ ਪ੍ਰਸਾਦਿ॥

*ਜੇਹਾ ਚੀਰੀ ਲਿਖਿਆ ਤੇਹਾ ਹੁਕਮੁ ਕਮਾਹਿ॥*

*ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ॥*

## ਭੋਗ ਅਤੇ ਅੰਤਿਮ ਅਰਦਾਸ



ਆਪ ਜੀ ਨੂੰ ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ

**ਸ੍ਰ. ਅਮਰਜੀਤ ਸਿੰਘ ਸੱਗੂ**

**ਮਿਤੀ** 02.03.2024 ਨੂੰ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ। ਉਹਨਾ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ **ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮਿਤੀ 11-03-2024 ਦਿਨ ਸੋਮਵਾਰ ਨੂੰ ਉਹਨਾ ਦੇ ਗ੍ਰਹਿ ਅੰਮ੍ਰਿਤਸਰ ਵਿਖੇ ਸਵੇਰੇ 10 ਵਜੇ ਪਾਏ ਜਾਣਗੇ,** ਉਪਰੰਤ ਕੀਰਤਨ ਅਤੇ ਅੰਤਿਮ ਅਰਦਾਸ ਦੁਪਹਿਰ 1 ਤੋਂ 2 ਵਜੇ ਤੱਕ ਸ਼ਹੀਦ ਊਧਮ ਸਿੰਘ ਹਾਲ, ਗੇਟ ਭਗਤਾਂ ਵਾਲਾ, ਅੰਮ੍ਰਿਤਸਰ ਵਿਖੇ ਹੋਵੇਗੀ।ਸੋ ਆਪ ਜੀ ਨੇ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਦੀ ਕ੍ਰਿਪਾਲਤਾ ਕਰਨੀ ਜੀ।

**ਗੁਰੂ ਦੇ ਭਾਣੇ ਵਿੱਚ**

- ਸਿਮਰਜੀਤ ਕੌਰ (ਪਤਨੀ) • ਅਮਰਿੰਦਰ ਸਿੰਘ ਸੱਗੂ (ਸਪੁੱਤਰ)
- ਮਨਿੰਦਰ ਸਿੰਘ-ਅਨੂਪ੍ਰੀਤ (ਧੀ-ਜਵਾਈ)
- ਚਰਨਜੀਤ ਸਿੰਘ, ਮਹਿੰਦਰ ਸਿੰਘ, ਜੋਗਿੰਦਰ ਸਿੰਘ, ਗੁਰਨਾਮ ਸਿੰਘ (ਭਰਾ)
- ਮਮਤਾ-ਮਨਿੰਦਰ ਸਿੰਘ (ਭੈਣ-ਭਣਵਈਆ)

**ਸਮੂਹ ਰਿਸ਼ਤੇਦਾਰ ਅਤੇ ਸੱਜਣ-ਮਿੱਤਰ**

10-MAR-PAGE-3-2024.qxd 3/9/2024 10:56 PM Page 1



## ਭਲਕੇ ਰੇਲਾਂ ਦਾ ਚੱਕਾ ਜਾਮ




ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਵੱਲੋਂ ਦਲਬੀਰ ਸਿੰਘ ਲੀਲ੍ਹ ਕਲਾਂ, ਦਲਬੀਰ ਸਿੰਘ ਕੋਟ ਟੋਡਰ ਮੱਲ, ਗੁਰਮੀਤ ਸਿੰਘ ਗਿੱਲ ਮੰਜ, ਰੋਬਿਨ ਮਸੀਹ ਗੋਤ ਖ਼ੁਰਦ, ਅਜੀਤ ਸਿੰਘ ਧੰਨੇ ਚੀਮਾ, ਤਰਸੇਮ ਸਿੰਘ ਸਠਿਆਲੀ ਦੀ ਅਗਵਾਈ ਹੇਠ ਮੀਟਿੰਗ ਹੋਈ।

ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਰਾਜ ਕੁਮਾਰ ਪੰਡੋਰੀ ਅਤੇ ਯੂਥ ਵਿੰਗ ਦੇ ਸੂਬਾ ਆਗੂ ਮੇਜਰ ਸਿੰਘ ਕੋਟ ਟੋਡਰ ਮੱਲ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਮਜ਼ਦੂਰਾਂ ਦੀਆਂ ਮੰਗਾਂ ਨੂੰ ਲੈ ਕੇ 11 ਮਾਰਚ ਨੂੰ ਰੇਲਾਂ ਦਾ ਚੱਕਾ ਜਾਮ ਕੀਤਾ ਜਾ ਰਿਹਾ ਹੈ।

ਇਸ ਵਿੱਚ ਪੇਂਡੂ ਮਜ਼ਦੂਰਾਂ ਦੀ ਵੱਧ ਤੋਂ ਵੱਧ ਸ਼ਮੂਲੀਅਤ ਕਰਵਾਉਣ ਲਈ ਗੁਰਦਾਸਪੁਰ, ਅੰਮ੍ਰਿਤਸਰ, ਸਮੇਤ ਪੰਜਾਬ ਭਰ ਦੇ ਵੱਖ-ਵੱਖ ਜ਼ਿਲ੍ਹਿਆਂ ਅੰਦਰ ਸੈਂਕੜੇ ਪਿੰਡਾਂ ਵਿੱਚ ਮਜ਼ਦੂਰਾਂ ਦੀ ਲਾਮਬੰਦੀ ਕੀਤੀ ਜਾ ਰਹੀ ਹੈ।

## ਔਰਤ ਮੁਕਤੀ ਮੋਰਚਾ ਦੀ ਅਗਵਾਈ 'ਚ ਕੌਮਾਂਤਰੀ ਮਹਿਲਾ ਦਿਵਸ ਮਨਾਇਆ



ਅਜਨਾਲਾ (ਸੁੱਖਤਿੰਦਰ ਸਿੰਘ ਰਾਜੂ)-ਔਰਤ ਮੁਕਤੀ ਮੋਰਚਾ ਦੀ ਅਗਵਾਈ 'ਚ ਅਜਨਾਲਾ ਵਿਖੇ ਕੌਮਾਂਤਰੀ ਮਹਿਲਾ ਦਿਵਸ ਨਾਰੀ ਦੇ ਸਸ਼ਕਤੀਕਰਨ ਦੇ ਪ੍ਰਤੀਕ ਵਜੋਂ ਇਨਕਲਾਬੀ ਭਾਵਨਾ ਨਾਲ ਮਨਾਇਆ ਗਿਆ ਜਿਸ ਵਿੱਚ ਇਲਾਕੇ ਦੀਆਂ ਔਰਤਾਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ। ਇਸ ਸਮਾਗਮ ਦੀ ਪ੍ਰਧਾਨਗੀ ਮੁਕਤੀ ਮੋਰਚੇ ਦੀਆਂ ਆਗੂਆਂ ਸਰਬਜੀਤ ਕੌਰ ਹਰੜ, ਅੰਮ੍ਰਿਤਪਾਲ ਕੌਰ ਭੋਏਵਾਲੀ, ਕੁਲਜੀਤ ਕੌਰ ਤਲਵੰਡੀ, ਹਰਜੀਤ ਕੌਰ ਗਾਲਿਬ ਤੇ ਮਨਜੀਤ ਕੌਰ ਭੂਰੇਗਿੱਲ ਨੇ ਕੀਤੀ! ਇਸ ਸਮੇਂ ਸਮਾਜ ਸੇਵੀ ਡਾ. ਸਤਨਾਮ ਸਿੰਘ ਅਜਨਾਲਾ ਨੇ ਕਿਹਾ ਕਿ ਸਮਾਜ ਵਿੱਚ ਅਜੇ ਔਰਤਾਂ ਨੂੰ ਬਰਾਬਰ ਦੇ ਅਧਿਕਾਰ ਪ੍ਰਾਪਤ ਨਹੀਂ ਹੋਏ। ਔਰਤਾਂ ਨੂੰ ਸ਼ਕਤੀਸ਼ਾਲੀ ਘੋਲ ਲੜਨੇ ਪੈਣੇ ਹਨ ਅਤੇ ਆਪਣੀ ਲੋਕਤੰਤਰ 'ਚ ਹਿੱਸੇਦਾਰੀ ਯਕੀਨੀ ਬਣਾਉਣ, ਮਰਦਾਂ ਬਰਾਬਰ ਨੌਕਰੀ ਤੇ ਹੋਰ ਸਹੂਲਤਾਂ ਲੈਣ ਲਈ ਡਟ ਕੇ ਖੜੇ ਹੋਣਾ ਪੈਣਾ ਹੈ! ਉਨ੍ਹਾਂ ਅੱਗੇ ਕਿਹਾ ਕਿ ਹੁਣ ਤੱਕ ਜਿੰਨੇ ਵੀ ਅਧਿਕਾਰ ਔਰਤਾਂ ਨੂੰ ਮਿਲੇ ਹਨ ਉਨ੍ਹਾਂ ਲੜ ਕੇ ਹੀ ਪ੍ਰਾਪਤ ਕੀਤੇ ਹਨ! ਭਰਾਤਰੀ ਜਥੇਬੰਦੀ ਦਿਹਾਤੀ ਮਜ਼ਦੂਰ ਸਭਾ ਦੇ ਪ੍ਰਧਾਨ ਸੁਰਜੀਤ ਸਿੰਘ ਦੁਧਰਾਏ ਨੇ ਕਿਹਾ ਕਿ ਗਰੀਬ ਔਰਤਾਂ, ਮਜ਼ਦੂਰਾਂ ਤੇ ਗਰੀਬ ਕਿਸਾਨਾਂ ਸਿਰ ਜਿਹੜਾ ਕਰਜ਼ਾ ਚੜ੍ਹਿਆ ਹੈ ਉਸਨੂੰ ਰੱਦ ਕਰਾਉਣ ਲਈ 14 ਮਾਰਚ ਨੂੰ ਵੱਧ ਤੋਂ ਵੱਧ ਦਿੱਲੀ ਪਹੁੰਚ ਕੇ ਸਰਕਾਰ 'ਤੇ ਦਬਾ ਪਾਇਆ ਜਾਵੇ ਕਿ ਉਹ ਮਾਈਕਰੋ ਕੰਪਨੀਆਂ ਸਮੇਤ ਸਾਰੇ ਕਰਜ਼ੇ ਰੱਦ ਕਰੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪਰਮਜੀਤ ਕੌਰ, ਅਮਰਜੀਤ ਕੌਰ, ਹਰਜੀਤ ਕੌਰ ਰਾਏਪੁਰ, ਹਰਮੀਤ ਕੌਰ ਜੋਸ਼, ਪਲਵਿੰਦਰ ਕੌਰ, ਸੀਤਲ ਕੌਰ ਅਜਨਾਲਾ ਤੇ ਅਮਰਜੀਤ ਕੌਰ ਕੋਟ ਰਜਾਦਾ ਨੇ ਵੀ ਆਪਣੇ ਵਿਚਾਰ ਰੱਖੇ।

## ਗੁਰਦੁਆਰਾ ਗੁਰੂ ਕੀ ਬੇਰ ਵਿਖੇ 55ਵਾਂ ਹੋਲਾ ਮਹੱਲਾ ਅੱਜ ਤੋਂ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਇਤਿਹਾਸਕ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਬੋਪਾਰਾਏ ਵਿਖੇ ਸੰਤ ਬਾਬਾ ਸੱਜਣ ਸਿੰਘ ਦੀ ਯੋਗ ਅਗਵਾਈ ਵਿਚ ਅੱਜ 10 ਮਾਰਚ ਤੋਂ 16 ਮਾਰਚ ਤਕ ਸਾਲਾਨਾ 55ਵਾਂ ਹੋਲਾ ਮਹੱਲਾ ਇਲਾਕੇ ਦੀਆਂ ਸੰਗਤਾਂ ਵੱਲੋਂ ਸ਼ਰਧਾ ਨਾਲ ਮਨਾਇਆ ਜਾਵੇਗਾ। ਜਾਣਕਾਰੀ ਦਿੰਦਿਆਂ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਬਾਬਾ ਸੱਜਣ ਸਿੰਘ ਨੇ ਦੱਸਿਆ ਕਿ ਇਸ ਦੌਰਾਨ ਰੋਜ਼ਾਨਾ ਦੁਪਹਿਰ 1 ਵਜੇ ਤੋਂ ਸ਼ਾਮ 5 ਵਜੇ ਤੱਕ ਧਾਰਮਿਕ ਦੀਵਾਨ ਸਜਿਆ ਕਰਨਗੇ, ਜਿਨ੍ਹਾਂ ਵਿਚ ਗਿਆਨੀ ਲਖਵੀਰ ਸਿੰਘ ਮਸਤ ਕਵੀਸ਼ਰੀ ਜੱਥਾ, ਗਿਆਨੀ ਸੁਲੱਖਣ ਸਿੰਘ ਯੂਕੇ ਅਤੇ ਗਿਆਨੀ ਜਰਨੈਲ ਸਿੰਘ ਜੀ ਯੂਕੇ ਵਾਲੇ ਗੁਰੂ ਜੱਸ ਸਰਵਣ ਕਰਵਾਉਣਗੇ। 15 ਨੂੰ ਨਾਮੀ ਪਹਿਲਵਾਨਾਂ ਦੇ ਦਰਮਿਆਨ ਕੁਸ਼ਤੀ ਮੁਕਾਬਲੇ ਹੋਣਗੇ ਅਤੇ 16 ਮਾਰਚ ਨੂੰ ਕਬੱਡੀ ਕੱਪ ਹੋਵੇਗਾ। ਸੰਤ ਬਾਬਾ ਸੱਜਣ ਸਿੰਘ ਨੇ ਇਲਾਕੇ ਦੀਆਂ ਸੰਗਤਾਂ ਨੂੰ ਰੋਜ਼ਾਨਾ ਇਨ੍ਹਾਂ ਧਾਰਮਿਕ ਦੀਵਾਨਾਂ ਵਿਚ ਹਾਜ਼ਰੀ ਭਰ ਕੇ ਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ ਦੀ ਅਪੀਲ ਕੀਤੀ ਹੈ।

## ਕਟਾਰੂਚੱਕ ਨੇ ਕੀਤਾ ਵਾਟਰ ਸਪਲਾਈ ਦੇ ਨਿਰਮਾਣ ਕਾਰਜ ਦਾ ਸ਼ੁਭ ਆਰੰਭ



ਪਠਾਨਕੋਟ (ਦਵਿੰਦਰ ਸਿੰਘ)-ਮਹਾਸ਼ਿਵਰਾਤਰੀ ਦੇ ਪਵਿੱਤਰ ਦਿਹਾੜੇ ਤੇ ਜ਼ਿਲ੍ਹਾ ਵਾਸੀਆਂ ਨੂੰ ਹਾਰਦਿਕ ਸ਼ੁਭਕਾਮਨਾਵਾਂ ਅਤੇ ਪਿੰਡ ਕਟਾਰੂਚੱਕ ਵਿਖੇ ਅੱਜ ਹੋਰ ਵੀ ਖ਼ੁਸ਼ੀ ਦਾ ਦਿਨ ਹੈ ਕਿ ਪੰਜਾਬ ਸਰਕਾਰ ਵੱਲੋਂ ਇੱਕ ਕਰੋੜ ਰੁਪਏ ਖਰਚ ਕਰਕੇ ਪਿੰਡ ਅੰਦਰ ਵਾਟਰ ਸਪਲਾਈ ਲਗਾਈ ਜਾ ਰਹੀ ਹੈ। ਇਹ ਪ੍ਰਗਟਾਵਾ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਪਿੰਡ ਕਟਾਰੂਚੱਕ ਵਿਖੇ ਵਾਟਰ ਸਪਲਾਈ ਦੇ ਨਿਰਮਾਣ ਕਾਰਜ ਦਾ ਸ਼ੁਭ ਆਰੰਭ ਕਰਨ ਮਗਰੋਂ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਆਦਿੱਤਿਆ ਉੱਪਲ ਡਿਪਟੀ ਕਮਿਸ਼ਨਰ ਪਠਾਨਕੋਟ, ਪਰਮਜੀਤ ਸਿੰਘ ਵਧੀਕ ਡਿਪਟੀ ਕਮਿਸ਼ਨਰ (ਵਿਕਾਸ), ਯੁੱਧਵੀਰ ਸਿੰਘ ਜਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਪਠਾਨਕੋਟ, ਪਵਨ ਕੁਮਾਰ ਫੌਜੀ ਬਲਾਕ ਪ੍ਰਧਾਨ, ਠਾਕੁਰ ਭੁਪਿੰਦਰ ਸਿੰਘ, ਬਲਾਕ ਪ੍ਰਧਾਨ ਸੰਦੀਪ ਕੁਮਾਰ ਅਤੇ ਹੋਰ ਪਾਰਟੀ ਕਾਰਜਕਰਤਾ ਹਾਜ਼ਰ ਸਨ। ਕੈਬਨਿਟ ਮੰਤਰੀ ਨੇ ਕਿਹਾ ਕਿ ਮਾਨਯੋਗ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਜੀ ਦੇ ਉਪਰਾਲਿਆਂ ਸਦਕਾ ਵਿਧਾਨ ਸਭਾ ਹਲਕਾਂ ਭੋਆ ਵਿੱਚ ਵਿਕਾਸ ਦੀ ਲਹਿਰ ਚੱਲ ਰਹੀ ਹੈ ਵਾਟਰ ਸਪਲਾਈ, ਸਟੇਡੀਅਮ, ਸੜਕਾਂ ਅਤੇ ਹੋਰ ਵਿਕਾਸ ਕਾਰਜਾਂ ਦੇ ਕਾਰਜ ਚਲ ਰਹੇ ਹਨ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਪੂਰੇ ਪੰਜਾਬ ਅੰਦਰ ਵਿਕਾਸ ਦੀ ਲਹਿਰ ਚਲ ਰਹੀ ਹੈ ਅਤੇ ਵਿਧਾਨ ਸਭਾ ਹਲਕਾ ਭੋਆ ਵੀ ਇਸ ਦਾ ਲਾਭ ਲੈ ਰਿਹਾ ਹੈ। ਉਨ੍ਹਾਂ ਕਿਹਾ ਕਿ ਕਰੀਬ ਇੱਕ ਕਰੋੜ ਰੁਪਏ ਖਰਚ ਕਰਕੇ ਬਣਾਈ ਜਾਣ ਵਾਲੀ ਵਾਟਰ ਸਪਲਾਈ ਦੇ ਨਿਰਮਾਣ ਕਾਰਜ ਨੂੰ ਸ਼ੁਰੂ ਕੀਤਾ ਗਿਆ ਹੈ ਅਤੇ ਇਸ ਵਾਟਰ ਸਪਲਾਈ ਦਾ ਬੋਰ ਕਰੀਬ 450 ਫੁੱਟ ਡੂੰਘਾ ਹੋਵੇਗਾ ਤਾਂ ਜੋ ਪਿੰਡ ਕਟਾਰੂਚੱਕ ਦੇ ਲੋਕਾਂ ਨੂੰ ਪੀਣ ਦਾ ਸਾਫ ਪਾਣੀ ਮਿਲ ਸਕੇ। ਉਨ੍ਹਾਂ ਕਿਹਾ ਕਿ ਆਉਂਣ ਵਾਲੇ ਦਿਨ੍ਹਾਂ ਅੰਦਰ ਹੋਰ ਵੀ ਪਿੰਡਾਂ ਅੰਦਰ ਕਰੋੜਾਂ ਰੁਪਏ ਦੀ ਲਾਗਤ ਨਾਲ ਬਣਾਈਆਂ ਜਾਣ ਵਾਲੀਆਂ ਵਾਟਰ ਸਪਲਾਈਜ ਦੇ ਨਿਰਮਾਣ ਕਾਰਜ ਦਾ ਉਦਘਾਟਨ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਪੂਰੇ ਪੰਜਾਬ ਅੰਦਰ ਆਮ ਆਦਮੀ ਕਲੀਨਿਕ ਬਣਾਏ ਜਾ ਰਹੇ ਹਨ, ਸੜਕਾਂ ਦੀ ਨੁਹਾਰ ਬਦਲੀ ਜਾ ਰਹੀ ਹੈ, ਪੀਣ ਵਾਲੇ ਸਾਫ ਪਾਣੀ ਲਈ ਉਪਰਾਲੇ ਕੀਤੇ ਜਾ ਰਹੇ ਹਨ, ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਜਾ ਰਹੀ ਹਨ। ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਸਮਾਜਿੱਕ ਅਤੇ ਆਰਥਿੱਕ ਲੋੜਾਂ ਨੂੰ ਪੂਰਾ ਕਰਨ ਦੇ ਲਈ ਪੰਜਾਬ ਸਰਕਾਰ ਕਾਰਜ ਕਰ ਰਹੀ ਹੈ। ਅੱਜ ਵੀ ਜਿਸ ਵਾਟਰ ਸਪਲਾਈ ਦਾ ਕਾਰਜ ਦਾ ਸ਼ੁਭ ਆਰੰਭ ਕੀਤਾ ਗਿਆ ਹੈ ਜਲਦੀ ਹੀ ਇਸ ਵਾਟਰ ਸਪਲਾਈ ਦਾ ਨਿਰਮਾਣ ਕਰਕੇ ਲੋਕਾਂ ਨੂੰ ਪੀਣ ਵਾਲਾ ਸਾਫ ਪਾਣੀ ਮੁਹੱਈਆਂ ਕਰਵਾਇਆ ਜਾਵੇਗਾ।

## ਸ੍ਰੀ ਗੁਰੂ ਹਨੂੰਮਾਨ ਅਖਾੜਾ ਵਿਖੇ ਮਹਾਂ-ਸ਼ਿਵਰਾਤਰੀ ਬੜੀ ਧੂਮਧਾਮ ਨਾਲ ਮਨਾਈ



ਬਟਾਲਾ (ਤਰਲੋਕ ਬੱਗਾ)—ਸ੍ਰੀ ਗੁਰੂ ਹਨੂੰਮਾਨ ਅਖਾੜਾ ਵਿਖੇ ਮਹਾਂ ਸ਼ਿਵਰਾਤਰੀ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ।ਇਸ ਮੌਕੇ ਮੁੱਖ ਮਹਿਮਾਨ ਐਡਵੋਕੇਟ ਅਮਨਦੀਪ ਦੀਪੂ ਜੈਂਤੀਪੁਰੀਆ, ਅਖਾੜੇ ਦੇ ਪ੍ਰਧਾਨ ਅਸ਼ਵਨੀ ਸ਼ਰਮਾ, ਐਡਵੋਕੇਟ ਬਲਦੇਵ ਰਾਜ, ਪ੍ਰਵੀਨ ਸ਼ਰਮਾ, ਪਿੰਕੀ ਸ਼ਰਮਾ, ਕੌਂਸਲਰ ਅਨਿਲ ਸੇਖੜੀ ਬੱਬੀ, ਸੁਰਿੰਦਰ ਮਲਹੋਤਰਾ ਭੋਲਾ, ਵਿਪਨ ਸ਼ਰਮਾ, ਰਾਕੇਸ਼ ਰੇਖੀ, ਤਰਲੋਕ ਬੱਗਾ, ਰਿੰਪੀ ਕੋਛੜ, ਧਰਮਿੰਦਰ, ਰਵੀ ਸ਼ਰਮਾ, ਵਿਜੇ ਬਾਬੂ, ਰਾਜੇਸ਼ ਸ਼ੇਰਾ, ਸੁਭਾਸ਼ ਬਾਸ਼ੀ, ਟਿੰਕੂ, ਬਿੱਟੂ, ਸੁਦੇਸ਼ ਕੋਛੜ, ਵਿਜੇ ਮਹਿਤਾ, ਟੀਨੂ ਪੰਡਿਤ, ਰਾਜ ਕੁਮਾਰ ਸੋਹਲ, ਪੰਨਾ ਲਾਲ, ਮਾਧਵ ਖੋਸਲਾ ਤੋਂ ਇਲਾਵਾ ਸਾਬਕਾ ਚੇਅਰਮੈਨ ਇੰਪਰੂਵਮੈਂਟ ਟਰੱਸਟ ਬਟਾਲਾ ਕਸਤੂਰੀ ਲਾਲ ਸੇਠ, ਕੌਂਸਲਰ ਗੁਰਪ੍ਰੀਤ, ਭੋਲਾ ਪੁਰੀ, ਗੁਲਸ਼ਨ ਮਾਰਬਲ, ਰਜਿੰਦਰ ਪਾਲੀ ਆਦਿ ਹਾਜ਼ਰ ਸਨ।



ਡੇਰਾ ਬਾਬਾ ਨਾਨਕ-ਸਵ ਰਵੇਲ ਸਿੰਘ ਠੇਕੇਦਾਰ ਦੇ ਪਰਿਵਾਰ ਦੇ ਸਮੂਹ ਮੈਂਬਰ ਸ਼ਿਵਰਾਤਰੀ ਦੇ ਪਵਿੱਤਰ ਮੌਕੇ ਮਹਾਰਾਜਾ ਰਣਜੀਤ ਸਿੰਘ ਚੌਕ ਵਿਖੇ ਸੰਗਤਾਂ ਨੂੰ ਲੰਗਰ ਵਰਤਾਉਂਦੇ ਹੋਏ। (ਫੋਟੋ ਤੇ ਵੇਰਵਾ: ਰਮੇਸ਼ ਸ਼ਰਮਾ)

## ਪੰਜਾਬ ਕਿਸਾਨ ਯੂਨੀਅਨ ਦੇ ਸੈਂਕੜੇ ਵਰਕਰ ਦਿੱਲੀ ਮਹਾਂਪੰਚਾਇਤ 'ਚ ਹੋਣਗੇ ਸ਼ਾਮਲ:ਬਖਤਪੁਰਾ



ਬਟਾਲਾ (ਤਰਲੋਕ ਬੱਗਾ)-ਪੰਜਾਬ ਕਿਸਾਨ ਯੂਨੀਅਨ ਦੀ ਮਾਝਾ/ਦੁਆਬਾ ਪੱਧਰ ਦੇ ਆਗੂਆਂ ਦੀ ਦਿੱਲੀ ਜਾਣ ਦੀ ਤਿਆਰੀ ਵਜੋਂ ਵਿਸਥਾਰੀ ਮੀਟਿੰਗ ਲਖਬੀਰ ਸਿੰਘ ਅਜਨਾਲਾ, ਸ਼ਮਸ਼ੇਰ ਸਿੰਘ ਹੇਰ, ਹਰਪਾਲ ਸਿੰਘ ਰਾਮਦੀਵਾਲੀ ਅਤੇ ਚਰਨਜੀਤ ਸਿੰਘ ਭਿੰਡਰ ਦੀ ਪ੍ਰਧਾਨਗੀ ਹੇਠ ਕੀਤੀ ਗਈ।ਇਸ ਸਮੇਂ ਬੋਲਦਿਆਂ ਅਸ਼ੋਕ ਮਹਾਜਨ, ਸੁਖਦੇਵ ਸਿੰਘ ਭਾਗੋਕਾਵਾਂ, ਮੰਗਲ ਸਿੰਘ ਧਰਮਕੋਟ, ਬਲਬੀਰ ਸਿੰਘ ਮੂਧਲ ਅਤੇ ਲਿਬਰੇਸ਼ਨ ਦੇ ਸੂਬਾ ਸਕੱਤਰ ਅਤੇ ਏਕਟੂ ਦੇ ਸੂਬਾ ਮੀਤ ਪ੍ਰਧਾਨ ਕਾਮਰੇਡ ਗੁਰਮੀਤ ਸਿੰਘ ਬੱਖਤਪੁਰਾ ਨੇ ਕਿਹਾ ਕਿ ਮਾਝਾ ਦੁਆਬਾ ਚੋਂ ਪੰਜਾਬ ਕਿਸਾਨ ਯੂਨੀਅਨ ਦੇ ਸੈਂਕੜੇ ਵਰਕਰ 14 ਮਾਰਚ ਨੂੰ ਦਿੱਲੀ ਵਿਚ ਹੋ ਰਹੀ ਮਹਾਂਪੰਚਾਇਤ ਵਿਚ ਸ਼ਾਮਿਲ ਹੋਣਗੇ।ਆਗੂਆਂ ਨੇ ਕਿਹਾ ਕਿ ਜੇਕਰ ਮੋਦੀ ਸਰਕਾਰ ਨੇ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਸੰਯੁਕਤ ਕਿਸਾਨ ਮੋਰਚਾ ਅਤੇ ਮਜ਼ਦੂਰ ਜਥੇਬੰਦੀਆਂ ਵੱਲੋਂ ਮੋਦੀ ਸਰਕਾਰ ਨੂੰ ਹਰਾਉਣ ਲਈ ਵੋਟ ਤੇ ਚੋਟ ਕਰਨ ਦਾ ਸੱਦਾ ਦਿੱਤਾ ਜਾਵੇਗਾ।ਇਸ ਸਮੇਂ ਅਸ਼ਵਨੀ ਕੁਮਾਰ ਲੱਖਣ ਕਲਾਂ, ਕੁਲਦੀਪ ਰਾਜੂ, ਨਿਰਮਲ ਛਜਲਵੱਡੀ, ਦਲਵਿੰਦਰ ਪੰਨੂ, ਮਨਜੀਤ ਗਹਿਰੀ, ਗੁਲਜ਼ਾਰ ਸਿੰਘ ਭੁੰਬਲੀ ਅਤੇ ਬਲਬੀਰ ਸਿੰਘ ਉਂਚਾ ਧਕਾਲਾ ਹਾਜ਼ਰ ਸਨ।

## ਬੱਚਿਆਂ ਦੀ ਫੁੱਟਬਾਲ ਟੀਮ ਨੂੰ ਖੇਡ ਵਰਦੀਆਂ ਵੰਡੀਆਂ



ਨੌਸ਼ਹਿਰਾ ਮੱਝਾ ਸਿੰਘ (ਸਤਨਾਮ ਸਿੰਘ ਕਿਰਤੀ)-ਨਜ਼ਦੀਕੀ ਪਿੰਡ ਖੋਖਰ ਫੌਜੀਆਂ ਦੇ ਐੱਨਆਰਆਈ ਅਮਨਦੀਪ ਸਿੰਘ ਹੁੰਦਲ ਆਸਟ੍ਰੇਲੀਆ ਵੱਲੋਂ ਪਿੰਡ ਦੀ ਸ਼ੇਰ-ਏ ਪੰਜਾਬ ਸਪੋਰਟਸ ਐਂਡ ਵੈੱਲਫੇਅਰ ਕਲੱਬ ਦੀ ਜੂਨੀਅਰ ਫੁੱਟਬਾਲ ਟੀਮ ਦੇ ਬੱਚਿਆਂ ਨੂੰ ਖੇਡ ਵਰਦੀਆਂ ਵੰਡੀਆਂ ਗਈਆਂ। ਕਲੱਬ ਦੇ ਪ੍ਰਧਾਨ ਸਿਮਰਨਜੀਤ ਸਿੰਘ ਅਤੇ ਸਾਰੀ ਟੀਮ ਵੱਲੋਂ ਅਮਨਦੀਪ ਸਿੰਘ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਅਮਨਦੀਪ ਸਿੰਘ ਦੀ ਧਰਮ ਪਤਨੀ ਗੁਰਪ੍ਰੀਤ ਕੌਰ ਆਸਟ੍ਰੇਲੀਆ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਹਰਭੁਪਿੰਦਰ ਸਿੰਘ ਕੈਨੇਡਾ, ਸਮਾਜ ਸੇਵੀ ਅਮਰੀਕ ਸਿੰਘ ਬਾਜਵਾ, ਸੂਬੇਦਾਰ ਮਨਮੋਹਨ ਸਿੰਘ ਬਾਜਵਾ, ਹਰਸ਼ਰਨਜੀਤ ਸਿੰਘ ਗੋਨੀ, ਗੁਰਦਿਆਲ ਸਿੰਘ ਪੰਨੂ, ਪਰਮਜੀਤ ਸਿੰਘ, ਪਲਵਿੰਦਰ ਸਿੰਘ ਅਠਵਾਲ, ਅਨਿਲ ਕੁਮਾਰ, ਲਵਦੀਪ ਸਿੰਘ ਹੁੰਦਲ, ਗੁਰਮੁੱਖ ਸਿੰਘ ਹੁੰਦਲ, ਫੁੱਟਬਾਲ ਕੋਚ ਰਣਜੀਤ ਸਿੰਘ ਸੋਢੀ ਆਦਿ ਹਾਜ਼ਰ ਸਨ।

## ਸ੍ਰੀ ਗੁਰੂ ਰਾਮਦਾਸ ਜੀ ਦੇ ਵਿਆਹ ਪੁਰਬ ਨੂੰ ਸਮਰਪਿਤ ਧਾਰਮਕ ਸਮਾਗਮ ਕਰਵਾਏ



ਸ੍ਰੀ ਗੋਇੰਦਵਾਲ ਸਾਹਿਬ (ਕਾਬਲ ਸਿੰਘ ਮੱਲ੍ਹੀ)-ਗੁਰਦੁਆਰਾ ਜੰਞਘਰ ਗੋਇੰਦਵਾਲ ਸਾਹਿਬ ਵਿਖੇ ਗੁਰੂ ਰਾਮਦਾਸ ਜੀ ਦੇ ਵਿਆਹ ਪੁਰਬ ਨੂੰ ਸਮਰਪਿਤ ਸਾਲਾਨਾ ਧਾਰਮਿਕ ਸਮਾਗਮ ਕਰਵਾਏ ਗਏ। ਵੱਖ-ਵੱਖ ਕਵੀਸ਼ਰੀ ਜਥਿਆਂ ਵੱਲੋਂ ਗੁਰੂ ਜਸ ਰਾਹੀਂ ਸੰਗਤ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਸੰਗਤ ਲਈ ਅਤੁੱਟ ਲੰਗਰ ਵਰਤਾਏ ਗਏ। ਇਸ ਮੌਕੇ ਬਾਬਾ ਤੋਤਾ ਸਿੰਘ ਸ਼ਾਹ, ਬਾਬਾ ਬਚਿੱਤਰ ਸਿੰਘ, ਬਾਬਾ ਸਖੀਰਾ ਸਿੰਘ ਮਹੰਤ, ਬਾਬਾ ਜੀਤ ਸਿੰਘ ਮਹੰਤ, ਬਾਬਾ ਅਵਤਾਰ ਸਿੰਘ ਅਲੋਵਾਲ, ਬਾਬਾ ਚਤਰ ਸਿੰਘ, ਭਜਨ ਸਿੰਘ ਤੁੜ, ਬਾਬਾ ਜੱਸਾ ਸਿੰਘ, ਬਾਬਾ ਸਾਹਿਬ ਸਿੰਘ,ਮਿਹਰ ਸਿੰਘ ਝੰਡੇਰ, ਗੁਰਮੇਜ ਸਿੰਘ ਡੀਸੀ, ਕੁਲਦੀਪ ਸਿੰਘ, ਸੁਰਜਨ ਸਿੰਘ, ਰਸ਼ਪਾਲ ਸਿੰਘ, ਕਰਤਾਰ ਸਿੰਘ, ਬਲਕਾਰ ਸਿੰਘ, ਸੁਰਿੰਦਰ ਸਿੰਘ, ਗੁਰਦਿਆਲ ਸਿੰਘ, ਲਾਲੀ ਢੋਟੀ, ਮੁਖਤਿਆਰ ਸਿੰਘ, ਬਾਵਾ ਰਣਜੀਤ ਸਿੰਘ ਲੱਕੀ, ਸੰਤੋਖ ਸਿੰਘ, ਸੁਸ਼ੀਲ ਕੁਮਾਰ, ਬਲਵਿੰਦਰ ਸਿੰਘ, ਬਿਕਰਮਜੀਤ ਸਿੰਘ ਰਾਜਨ, ਪ੍ਰਧਾਨ ਸਤਨਾਮ ਸਿੰਘ ਸੱਤਾ, ਚਰਨਜੀਤ ਸਿੰਘ ਬਾਊ, ਨਰਿੰਦਰਪਾਲ ਸਿੰਘ, ਨਿਸ਼ਾਨ ਸਿੰਘ ਜੌਹਲ, ਮੋਹਨ ਸਿੰਘ ਬੱਲਾ ਆਦਿ ਨੇ ਧਾਰਮਿਕ ਸਮਾਗਮ ਵਿੱਚ ਹਾਜ਼ਰੀ ਲਵਾਈ।

## ਔਰਤ ਤੋਂ ਬਗੈਰ ਸਮਾਜ ਅਧੂਰਾ :ਰਣਜੀਤ ਕੌਰ




ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਅੰਤਰਰਾਸ਼ਟਰੀ ਮਹਿਲਾ ਦਿਵਸ ਤੇ ਔਰਤ ਮੁਕਤੀ ਮੋਰਚਾ ਯੂਨੀਅਨ ਦੀ ਮੀਟਿੰਗ ਜਸਬੀਰ ਕੌਰ ਦੀ ਪ੍ਰਧਾਨਗੀ ਹੇਠ ਚੂਸਲੇਵਾੜ ਮੋੜ ਵਿਖੇ ਹੋਈ। ਇਸ ਮੀਟਿੰਗ ਨੂੰ ਇਸਤਰੀ ਮੁਕਤੀ ਮੋਰਚੇ ਦੀ ਜ਼ਿਲਾ ਸਕੱਤਰ ਨਰਿੰਦਰ ਕੌਰ ਅਤੇ ਇਸਤਰੀ ਮੁਲਾਜ਼ਮ ਯੂਨੀਅਨ ਦੀ ਜ਼ਿਲਾ ਸਕੱਤਰ ਰਣਜੀਤ ਕੌਰ ਨੇ 8 ਮਾਰਚ ਨੂੰ ਮਹਿਲਾ ਦਿਵਸ ਮਨਾਉਣ ਦੀ ਮਹੱਤਤਾ ਬਾਰੇ ਦੱਸਿਆ ਕਿ ਕਿਵੇਂ ਪਿਛਲੇ ਸਮੇਂ ਵਿੱਚ ਔਰਤ ਜਾਤੀ ਨੂੰ ਦਬਾ ਕੇ ਰੱਖਿਆ ਜਾਂਦਾ ਸੀ ਇਥੋਂ ਤੱਕ ਕਿ ਔਰਤਾਂ ਦਾ ਘਰੋਂ ਬਾਹਰ ਨਿਕਲਣਾ ਵੀ ਮਨ੍ਹਾ ਸੀ। ਇਸ ਨੂੰ ਗੁਲਾਮ ਬਣਾ ਕੇ ਰੱਖਿਆ ਜਾਂਦਾ ਸੀ। ਇਸ ਨੂੰ ਗੁਲਾਮ ਬਣਾ ਕੇ ਰੱਖਿਆ ਜਾਂਦਾ ਸੀ। ਇਸ ਨੂੰ ਬਰਾਬਰ ਦਾ ਮਿਹਨਤਾਨਾ ਵੀ ਮਰਦਾਂ ਮੁਤਾਬਕ ਨਹੀਂ ਸੀ ਮਿਲਦਾ।

ਅੱਜ ਵੀ ਬਹੁਤ ਸਾਰੇ ਥਾਵਾਂ 'ਤੇ ਮਰਦਾਂ ਦੇ ਮੁਤਾਬਕ ਮਿਹਨਤਾਨਾ ਨਹੀਂ ਮਿਲਦਾ। ਸਾਨੂੰ ਜਾਗਰੂਕ ਹੋਣਾ ਚਾਹੀਦਾ ਹੈ ਡਾਕਟਰ ਭੀਮ ਰਾਓ ਓ ਅੰਬੇਡਕਰ ਦੇ ਸੰਵਿਧਾਨ ਮੁਤਾਬਕ ਸਾਨੂੰ ਬਰਾਬਰ ਦੇ ਹੱਕ ਮਿਲੇ ਹਨ। ਅਫਸੋਸ ਅੱਜ ਵੀ ਔਰਤ ਵਰਗ ਨੂੰ ਰਾਜ ਸਭਾ ਵਿੱਚ ਲੋਕ ਸਭਾ/ਰਾਜ ਸਭਾ 'ਚ ਔਰਤਾਂ ਨੂੰ ਮਰਦਾਂ ਦੇ ਬਰਾਬਰ ਨੁਮਾਇੰਦਗੀ ਨਹੀਂ ਦਿੱਤੀ ਜਾਂਦੀ ਜਿਸ ਲਈ ਇਸਤਰੀ ਮੁਕਤੀ ਮੋਰਚੇ ਵੱਲੋਂ ਸੰਘਰਸ਼ ਜਾਰੀ ਹੈ। ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਰਾਣੀ ਜਿੰਦਰ, ਨਿੰਦਰ, ਸਿੰਦਰ, ਰਾਜ ਕੌਰ ਅਤੇ ਨਿਰਮਾਣ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਕਨਵੀਨਰ ਧਰਮ ਸਿੰਘ ਆਦਿ ਹਾਜ਼ਰ ਸਨ।

## ਮਹਾਂ-ਸ਼ਿਵਰਾਤਰੀ ਨੂੰ ਸਮਰਪਿਤ ਧਾਰੀਵਾਲ 'ਚ ਵਿਸ਼ਾਲ ਸ਼ੋਭਾ ਯਾਤਰਾ ਸਜਾਈ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਮਹਾਸ਼ਿਵਰਾਤਰੀ ਦੇ ਪਵਿੱਤਰ ਤਿਉਹਾਰ ਦੇ ਸਬੰਧੀ ਵਿੱਚ ਸ਼ਹਿਰ ਧਾਰੀਵਾਲ ਵਿੱਚ ਮੋਨੀ ਮੰਦਿਰ ਤੋਂ ਸੁੰਦਰ ਪਾਲਕੀ ਵਿੱਚ ਸੁਸ਼ੋਭਿਤ ਗ੍ਰੰਥ ਸ਼ਿਵ ਪੁਰਾਨ ਜੀ ਦੀ ਅਗਵਾਈ ਹੇਠ ਵਿਸ਼ਾਲ ਸ਼ੋਭਾ ਯਾਤਰਾ ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ ਬੈਂਡ ਵਾਜੇ ਤੇ ਕਲਸ਼ ਯਾਤਰਾ ਨੇ ਸ਼ੋਭਾ ਯਾਤਰਾ ਦੀਆਂ ਰੌਣਕ ਨੂੰ ਵਧਾਇਆ ਅਤੇ ਭਜਨ ਮੰਡਲੀਆਂ ਸ਼ਿਵ ਮਹਿਮਾ ਦੇ ਸ਼ਬਦ ਗਾਇਨ ਕਰ ਰਹੀਆਂ ਸਨ।

ਸ਼ੋਭਾ ਯਾਤਰਾ ਦੌਰਾਨ ਇਲਾਕੇ ਦੇ ਵੱਖ-ਵੱਖ ਮੰਦਰਾਂ ਤੋਂ ਸੁੰਦਰ ਝਾਕੀਆਂ ਸਜਾਈਆਂ ਗਈਆਂ। ਸ਼ੋਭਾ ਯਾਤਰਾ ਦਾ ਸ਼ਰਧਾਲੂਆਂ ਵੱਲੋਂ ਵੱਖ-ਵੱਖ ਥਾਂਵਾਂ ਤੇ ਨਿੱਘਾ ਸਵਾਗਤ ਕੀਤਾ ਅਤੇ ਕਈ ਪ੍ਰਕਾਰ ਦੇ ਲੰਗਰ ਲਗਾਏ ਗਏ। ਸ਼ੋਭਾ ਯਾਤਰਾ ਮੋਨੀ ਮੰਦਰ ਤੋਂ ਆਰੰਭ ਹੋ ਕੇ ਸ਼ਹਿਰ ਦੇ ਵੱਖ-ਵੱਖ ਬਾਜ਼ਾਰਾਂ ਵਿੱਚੋਂ ਹੁੰਦੀ ਹੋਈ ਮੁੜ ਆਰੰਭਿਕ ਸਥਾਨ 'ਤੇ ਸਮਾਪਤ ਹੋਈ। ਸ਼ੋਭਾ ਯਾਤਰਾ ਵਿੱਚ ਮਹੰਤ ਜਾਨਕੀ ਦਾਸ ਜੀ ਗੱਦੀ ਲੇਹਲ, ਮਹੰਤ ਰਾਮ ਕਿਸ਼ਨ ਦਾਸ ਜੀ ਕ੍ਰਿਸ਼ਨਾ ਮੰਦਿਰ ਧਾਰੀਵਾਲ, ਕਾਂਗਰਸ ਪਾਰਟੀ ਦੇ ਸੂਬਾ ਆਗੂ ਬਰਿੰਦਰ ਸਿੰਘ ਛੋਟੇਪੁਰ, ਸ਼੍ਰੋਮਣੀ ਅਕਾਲੀ ਦਲ ਬਾਦਲ ਹਲਕਾ ਕਾਦੀਆਂ ਦੇ ਇੰਚਾਰਜ ਗੁਰਇਕਬਾਲ ਸਿੰਘ ਮਾਹਲ, ਨਗਰ ਕੌਂਸਲ ਦੇ ਪ੍ਰਧਾਨ ਅਸ਼ਵਨੀ ਦੁੱਗਲ, ਸ਼ਹਿਰੀ ਪ੍ਰਧਾਨ ਸਰਦਾਰੀ ਲਾਲ ਰਣੀਆਂ, ਕੌਂਸਲਰ ਦੀਪਕ ਕੁਮਾਰ ਰਿੰਟੂ, ਕੌਂਸਲਰ ਪਵਨ ਅਬਰੋਲ, ਆਗੂ ਨੋਨੀ ਖੋਸਲਾ, ਮਿੱਠੂ ਮਹਾਜਨ, ਸ਼੍ਰੀ ਬ੍ਰਾਹਮਣ ਸਭਾ ਦੇ ਪ੍ਰਧਾਨ ਭਾਰਤ ਭੂਸ਼ਨ ਸ਼ਰਮਾ, ਮਨੁੱਖੀ ਅਧਿਕਾਰ ਸੁਰੱਕਸ਼ਾ ਸੁਸਾਇਟੀ ਦੇ ਜ਼ਿਲ੍ਹਾ ਪ੍ਰਧਾਨ ਇੰਜ. ਜੇ. ਪੀ. ਸਿੰਘ, ਡਾ. ਦਲੇਰ ਸਿੰਘ ਥੇਹਤਿੱਖਾ, ਨਰਾਇਣ ਮਲਹੋਤਰਾ, ਵਿਜੈ ਵਰਮਾ, ਗੁਰਦੇਵ ਸ਼ਰਮਾ, ਪ੍ਰਦੀਪ ਸਿਆਲ, ਆਸ਼ੂ ਪਹਿਲਵਾਨ, ਪ੍ਰੇਮ ਸਿੰਘ ਘੁੰਮਣ ਆਦਿ ਸਮੇਤ ਇਲਾਕੇ ਦੀਆਂ ਮੁੱਖ ਸ਼ਖਸੀਅਤਾਂ ਅਤੇ ਮੋਹਤਬਰ ਆਗੂਆਂ ਅਤੇ ਸੇਵਾਦਾਰਾਂ ਤੋਂ ਇਲਾਵਾ ਵੀ ਸੰਗਤਾਂ ਵੱਡੀ ਗਿਣਤੀ ਵਿੱਚ ਸ਼ਾਮਲ ਸਨ।

## ਮਹਿਲਾ ਦਿਵਸ ਮੌਕੇ ਲੜਕੀਆਂ ਦੇ ਸਸ਼ਕਤੀਕਰਨ ਲਈ ਇੱਕ ਹੋਰ ਪਹਿਲਕਦਮੀ

**ਗੁਰਦਾਸਪੁਰ, (ਦਿਨੇਸ਼ ਕੁਮਾਰ)**-ਪੰਜਾਬ ਸਰਕਾਰ ਦੀ ਰਹਿਨੁਮਾਈ ਹੇਠ ਡੀਸੀ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੜਕੀਆਂ ਦੇ ਸਸ਼ਕਤੀਕਰਨ ਲਈ ਇੱਕ ਹੋਰ ਉਪਰਾਲਾ ਕੀਤਾ ਗਿਆ ਹੈ। ਮਹਿਲਾ ਦਿਵਸ ਮੌਕੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਗੁਰਦਾਸਪੁਰ ਅਤੇ ਇਸਤਰੀ ਅਤੇ ਬਾਲ ਵਿਕਾਸ ਵਿਭਾਗ, ਗੁਰਦਾਸਪੁਰ ਦੇ ਸਾਂਝੇ ਯਤਨਾਂ ਨਾਲ ਲੜਕੀਆਂ ਲਈ ਗਰੁੱਪ ਬੀ ਅਤੇ ਗਰੁੱਪ ਸੀ ਦੀਆਂ ਗਰੈਜੂਏਸ਼ਨ ਪੱਧਰ ਦੀਆਂ ਸਰਕਾਰੀ ਨੌਕਰੀਆਂ ਦੀਆਂ ਪ੍ਰਤੀਯੋਗੀ ਪ੍ਰੀਖਿਆਵਾਂ ਦੀ ਕੋਚਿੰਗ ਸ਼ੁਰੂ ਕੀਤੀ ਗਈ ਹੈ।ਇਨ੍ਹਾਂ ਕੋਚਿੰਗ ਕਲਾਸਾਂ ਦਾ ਉਦਘਾਟਨ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਕੀਤਾ ਗਿਆ।ਇਸ ਮੌਕੇ ਪ੍ਰਸ਼ੋਤਮ ਸਿੰਘ ਸੈਣੀ, ਜ਼ਿਲ੍ਹਾ ਰੋਜ਼ਗਾਰ ਅਫ਼ਸਰ, ਗੁਰਦਾਸਪੁਰ, ਮਿਸ ਸੁਮਨਦੀਪ ਕੌਰ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ, ਗੁਰਦਾਸਪੁਰ, ਸੁਨੀਲ ਜੋਸ਼ੀ, ਬਾਲ ਸੁਰੱਖਿਆ ਅਫ਼ਸਰ, ਵਿਪਨ ਭਾਟੀਆ ਅਤੇ ਕਰਨ ਮਹਾਜਨ ਡਾਇਰੈਕਟਰ, ਸੈਂਟਰ ਬਰਾਈਟ ਅਕੈਡਮੀ, ਗੁਰਦਾਸਪੁਰ ਹਾਜ਼ਰ ਸਨ।



## ਸੂਬੇ ਦੀ ਪਹਿਲੀ ਬਾਇਓਫਰਟੀਲਾਈਜ਼ਰ ਟੈਸਟਿੰਗ ਲੈਬਾਰਟਰੀ ਦਾ ਉਦਘਾਟਨ



ਗੁਰਦਾਸਪੁਰ (ਜਨਕ ਮਹਾਜਨ/ਦਿਨੇਸ਼ ਕੁਮਾਰ)-ਸੂਬੇ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਵੱਲੋਂ ਗੁਰਦਾਸਪੁਰ ਵਿਖੇ ਸੂਬੇ ਦੀ ਪਹਿਲੀ ਬਾਇਓਫਰਟੀਲਾਈਜ਼ਰ ਟੈਸਟਿੰਗ ਲੈਬਾਰਟਰੀ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਡੀਸੀ ਡਾ. ਹਿਮਾਂਸ਼ੂ ਅਗਰਵਾਲ, ਐੱਸਐੱਸਪੀ. ਗੁਰਦਾਸਪੁਰ ਹਰੀਸ਼ ਦਾਯਮਾ ਪੰਜਾਬ, ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ, ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਐਡਵੋਕੇਟ ਜਗਰੂਪ ਸਿੰਘ ਸੇਖਵਾਂ, ਖੇਤੀਬਾੜੀ ਵਿਭਾਗ ਦੇ ਡਾਇਰੈਕਟਰ ਡਾ. ਜਸਵੰਤ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਸੁਭਾਸ਼ ਚੰਦਰ, ਐੱਸਡੀਐੱਮ.ਗੁਰਦਾਸਪੁਰ ਡਾ. ਕਰਮਜੀਤ ਸਿੰਘ, ਆਪ ਦੇ ਜ਼ਿਲ੍ਹਾ ਸ਼ਹਿਰੀ ਪ੍ਰਧਾਨ ਸ਼ਮਸ਼ੇਰ ਸਿੰਘ, ਗੁਰਦੀਪ ਸਿੰਘ ਰੰਧਾਵਾ ਡੇਰਾ ਬਾਬਾ ਨਾਨਕ ਸਮੇਤ ਇਲਾਕੇ ਦੇ ਕਿਸਾਨ ਤੇ ਖੇਤੀਬਾੜੀ ਵਿਭਾਗ ਦੇ ਅਧਿਕਾਰੀ ਮੌਜੂਦ ਸਨ। ਇਸ ਮੌਕੇ ਸੰਬੋਧਨ ਕਰਦਿਆਂ ਖੇਤੀਬਾੜੀ ਮੰਤਰੀ ਨੇ ਕਿਹਾ ਕਿ ਸੂਬੇ ਅੰਦਰ ਅਜਿਹੀਆਂ 3 ਹੋਰ ਬਾਇਓਫਰਟੀਲਾਈਜ਼ਰ ਟੈਸਟਿੰਗ ਲੈਬਾਰਟਰੀਆਂ ਸਥਾਪਿਤ ਕੀਤੀਆਂ ਜਾਣਗੀਆਂ।

## ਸ਼ਿਵਾਲਾ ਮੰਦਰ ਝਬਾਲ 'ਚ ਗੂੰਜੇ ਬਮ-ਬਮ ਭੋਲੇ ਦੇ ਜੈਕਾਰੇ



ਝਬਾਲ (ਹਰਜਿੰਦਰ ਸਿੰਘ ਸੋਨੀ)-ਕਸਬਾ ਝਬਾਲ ਵਿਖੇ ਸਥਿਤ ਸ਼ਿਵਾਲਾ ਮੰਦਰ ਵਿਖੇ ਸ਼ਿਵਰਾਤਰੀ ਦਾ ਤਿਉਹਾਰ ਮੁੱਖ ਸੇਵਾਦਾਰ ਬਾਬਾ ਜਸਪਾਲ ਸਿੰਘ ਤੇ ਸੰਗਤਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਤੇ ਧੂਮਧਾਮ ਨਾਲ ਮਨਾਇਆ ਗਿਆ।

ਇਸ ਮੌਕੇ ਸੈਂਕੜੇ ਸੰਗਤਾਂ ਤੋਂ ਇਲਾਵਾ ਲਵਪ੍ਰੀਤ ਸਿੰਘ ਲਵ, ਮੈਂਬਰ ਟੋਨਾ, ਕਬੱਡੀ ਕੋਚ ਲਾਡੀ ਬੁਰਜ, ਭਲਵਾਨ ਤਾਬਾ ਸੁਰਸਿੰਘ, ਭਲਵਾਨ ਗੋਪੀ ਭੁੱਜੜਾਂਵਾਲਾ, ਭਲਵਾਨ ਬਲਬੀਰ ਬੱਲਾ ਭੁੱਜੜਾਂਵਾਲਾ, ਕਬੱਡੀ ਖਿਡਾਰੀ ਗੋਲਡੀ ਝਬਾਲ, ਖਿਡਾਰਨ ਟਵਿੰਕਲ, ਪੰਮਾ ਸਪੇਅਰ ਪਾਰਟਸ, ਤਨੂੰ ਸ਼ਰਮਾ, ਲਵਸ ਸ਼ਰਮਾ, ਕੁਸ਼ਲ ਸ਼ਰਮਾ, ਹਰਭਜਨ ਸਿੰਘ ਭਜਨ ਸਮੇਤ ਵੱਡੀ ਗਿਣਤੀ 'ਚ ਸੰਗਤਾਂ ਵੀ ਹਾਜ਼ਰ ਸਨ।

## ਪੰਜਾਬ ਦਾ ਪੈਸਾ ਰੋਕ ਕੇ ਕੇਂਦਰ ਸਰਕਾਰ ਨੇ ਪੰਜਾਬ ਨਾਲ ਵਿਤਕਰਾ ਕੀਤਾ: ਜੱਗਾ ਮਜੀਠਾ

ਮਜੀਠਾ (ਸੋਇਮ ਆਨੰਦ)-ਆਮ ਆਦਮੀ ਪਾਰਟੀ ਹਲਕਾ ਮਜੀਠਾ ਦੇ ਇੰਚਾਰਜ ਜਗਵਿੰਦਰਪਾਲ ਸਿੰਘ ਜੱਗਾ ਮਜੀਠਾ ਨੇ ਪਾਰਟੀ ਵਰਕਰਾਂ ਨਾਲ ਮੀਟਿੰਗ ਕੀਤੀ।ਇਸ ਮੌਕੇ ਜੱਗਾ ਮਜੀਠਾ ਨੇ ਕਿਹਾ ਕਿ ਆਪ ਸਰਕਾਰ ਲੋਕ ਸਭਾ ਚੋਣਾਂ ਵਿੱਚ ਪੰਜਾਬ ਦੀਆਂ ਤੇਰਾਂ ਦੀਆਂ ਤੇਰਾਂ ਸੀਟਾਂ ਜਿੱਤ ਕੇ ਵੱਡੀ ਪ੍ਰਾਪਤੀ ਕਰੇਗੀ।ਜੱਗਾ ਮਜੀਠਾ ਨੇ ਕਿਹਾ ਕਿ ਭਾਜਪਾ ਦੀ ਕੇਂਦਰ ਸਰਕਾਰ ਨੇ ਹਮੇਸ਼ਾ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਅਤੇ ਪੰਜਾਬ ਦੇ ਹਿੱਸੇ ਦਾ ਪੈਸਾ ਰੋਕ ਕੇ ਪੰਜਾਬ ਨਾਲ ਵਿਤਕਰਾ ਕੀਤਾ ਹੈ। ਇਸ ਮੌਕੇ ਜੱਗਾ ਮਜੀਠਾ ਨਾਲ ਅਕਾਸ਼ਦੀਪ ਸਿੰਘ, ਬਲਾਕ ਪ੍ਰਧਾਨ ਰੇਸ਼ਮ ਸਿੰਘ, ਵਿਜੇ ਸੁਪਾਰੀਵਿੰਡ, ਰਾਜਬੀਰ ਸਿੰਘ ਰੋੜੀ, ਸਰਪੰਚ ਗੁਰਦੀਪ ਸਿੰਘ ਨਾਗ ਕਲਾਂ, ਅਮਨਦੀਪ ਸਿੰਘ ਵਿਰਕ ਸਾਬਕਾ ਬਲਾਕ ਸੰਮਤੀ ਮੈਂਬਰ, ਬਾਪੂ ਮਾਨ ਸਿੰਘ ਬੂਢਾਥੇਹ, ਸਰਪੰਚ ਹਨੀ ਅਜੈਬਵਾਲੀ, ਸਰਪੰਚ ਹਰਗੁਰਿੰਦਰ ਸਿੰਘ ਮਾਨ, ਸਰਪੰਚ ਗੁਰਵੰਤ ਸਿੰਘ, ਗੁਰਮੇਜ ਸਿੰਘ, ਮਾਸਟਰ ਮਨਜੀਤ ਸਿੰਘ, ਦਰਸ਼ਨ ਸਿੰਘ ਟਾਹਲੀ ਸਾਹਿਬ, ਸੁਖਵੰਤ ਸਿੰਘ ਟਾਹਲੀ ਸਾਹਿਬ, ਜਗਜੀਤ ਸਿੰਘ ਬੁੱਢਾਥੇਹ, ਮਾਸਟਰ ਅਮਰ ਸਿੰਘ, ਬਚਿੱਤਰ ਸਿੰਘ ਲਾਲੀ, ਸਾਬੀ ਨਾਗ ਨਵੇ, ਪਰਮਜੀਤ ਸਿੰਘ ਚੰਡੇ, ਸਾਹਬ ਸਿੰਘ ਭੈਣੀਆਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਆਪ ਵਰਕਰ ਹਾਜ਼ਰ ਸਨ।



## ਕਸਬਾ ਮਜੀਠਾ 'ਚੋਂ ਲੰਘਦੀ ਮੁੱਖ ਸੜਕ ਦਾ ਨਿਰਮਾਣ ਕਾਰਜ ਸ਼ੁਰੂ



ਮਜੀਠਾ (ਸੋਇਮ ਆਨੰਦ)-ਐੱਸਡੀਐੱਮ ਮਜੀਠਾ ਡਾ. ਹਰਨੂਰ ਕੌਰ ਵਲੋਂ ਕਸਬਾ ਮਜੀਠਾ ਵਿੱਚੋਂ ਲੰਘਦੀ ਮੁੱਖ ਸੜਕ ਨੂੰ ਬਣਾਉਣ ਲਈ ਆਪਣੀ ਦੇਖ-ਰੇਖ ਵਿੱਚ ਇਸ ਦੀ ਆਰੰਭਤਾ ਕਰਵਾਈ ਗਈ।

ਐੱਸਡੀਐੱਮ ਡਾ. ਹਰਨੂਰ ਕੌਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਕਸਬੇ ਵਿੱਚੋਂ ਲੰਘਦੀ ਰੇਲਵੇ ਫਾਟਕ ਤੋਂ ਰੋੜੀ ਤੱਕ ਕਰੀਬ ਡੇਢ ਕਿਲੋਮੀਟਰ ਸੜਕ 'ਤੇ ਟੋਏ ਪੈਣ ਨਾਲ ਰਾਹਗੀਰਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਜਿਸ 'ਤੇ ਇਸ ਸੜਕ ਨੂੰ ਪਹਿਲ ਦੇ ਆਧਾਰ 'ਤੇ ਬਣਾਉਣ ਲਈ 2.45 ਕਰੋੜ ਦੀ ਲਾਗਤ ਆਵੇਗੀ, ਜੋ ਤਿੰਨ ਤੋਂ ਚਾਰ ਮਹੀਨਿਆਂ ਵਿੱਚ ਬਣ ਜਾਵੇਗੀ।ਇਸ ਮੌਕੇ ਉਨ੍ਹਾਂ ਨਾਲ ਰੀਡਰ ਵਰਿੰਦਰ ਭਾਟੀਆ ਵੀ ਮੌਜੂਦ ਸਨ।

## ਮਿੱਡ ਡੇਅ ਵਰਕਰਜ਼ ਯੂਨੀਅਨ ਵੱਲੋਂ ਸਰਕਾਰ ਤੋਂ ਤਨਖਾਹਾਂ 'ਚ ਵਾਧੇ ਦੀ ਮੰਗ



ਧਾਰੀਵਾਲ/ਕਾਹਨੂੰਵਾਨ (ਮਨਦੀਪ ਸਿੰਘ ਵਿੱਕੀ)-ਮਹਿਲਾ ਦਿਵਸ ਉੱਪਰ ਮਿਡ ਡੇਅ ਮੀਲ ਵਰਕਰਜ਼ ਯੂਨੀਅਨ ਬਲਾਕ ਕਾਹਨੂੰਵਾਨ ਦੀ ਮੀਟਿੰਗ ਪ੍ਰਧਾਨ ਸੁਨੀਤਾ ਅਤੇ ਦਵਿੰਦਰ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਵਰਕਰਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਮਹਿੰਗਾਈ ਦੇ ਯੁੱਗ ਵਿਚ ਘੱਟੋ-ਘੱਟ ਜੀਣ ਯੋਗ ਉਜਰਤ 26000 ਰੁਪਏ ਪ੍ਰਤੀ ਮਹੀਨਾ ਤਨਖਾਹ ਦਿੱਤੀ ਜਾਵੇ। ਸਿਹਤ ਬੀਮਾ ਅਤੇ ਵਰਦੀਆਂ ਦਿੱਤੀਆਂ ਜਾਣ। ਮੀਟਿੰਗ ਵਿੱਚ 12 ਮਾਰਚ ਨੂੰ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਰਾਹੀਂ ਮੁੱਖ ਮੰਤਰੀ ਨੂੰ ਮੰਗ ਪੱਤਰ ਭੇਜਣ ਦਾ ਫੈਸਲਾ ਵੀ ਕੀਤਾ ਗਿਆ। ਆਗੂਆਂ ਮੰਗ ਕੀਤੀ ਕਿ ਮਿਡ ਡੇਅ ਮੀਲ ਮੈਨੇਜਰਾਂ ਨੂੰ ਵੀ ਪੱਕਾ ਕੀਤਾ ਜਾਵੇ। ਇਸ ਸਮੇਂ ਰਾਜਵਿੰਦਰ ਕੌਰ, ਰਤਨ ਕੌਰ, ਮਨਜੀਤ ਕੌਰ ਵੜਚ, ਸੁਰਜੀਤ ਕੌਰ, ਹਰਜੀਤ ਕੌਰ, ਇੰਦਰਜੀਤ ਕੌਰ, ਪਿੰਕੀ, ਤਾਰੋ ਦੇਵੀ, ਡਿੰਪਲ, ਸੋਮਾ ਦੇਵੀ, ਆਸ਼ਾ ਰਾਣੀ ਅਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਆਗੂ ਸੁਰਿੰਦਰ ਸਿੰਘ, ਅਨਿਲ ਕੁਮਾਰ ਲਾਹੌਰੀਆ, ਕੁਲਦੀਪ ਪੁਰੋਵਾਲ ਆਦਿ ਹਾਜ਼ਰ ਸਨ।

## ਪੱਤਰਕਾਰ ਡਿੰਪਲ ਕੁਮਾਰ ਨੂੰ ਸਦਮਾ, ਤਾਏ ਦਾ ਦਿਹਾਂਤ



ਕਲਾਨੌਰ (ਮਨਦੀਪ ਕੋਹਲੀ)-ਕਲਾਨੌਰ ਤੋਂ ਪੱਤਰਕਾਰ ਡਿੰਪਲ ਕੁਮਾਰ ਨੂੰ ਉਸ ਵੇਲੇ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਤਾਇਆ ਫਕੀਰ ਸਿੰਘ ਦਾ ਦਿਹਾਂਤ ਹੋ ਗਿਆ ਜਿਨ੍ਹਾਂ ਦਾ ਸੰਸਕਾਰ ਸ਼ਮਸ਼ਾਨਘਾਟ ਕਲਾਨੌਰ ਵਿਖੇ ਕੀਤਾ ਗਿਆ। ਇਸ ਦੁੱਖ ਦੀ ਘੜੀ ਵਿੱਚ ਵਰਿੰਦਰ ਬੇਦੀ, ਮਨਮੋਹਨ ਬੇਦੀ, ਗੁਰਦੇਵ ਸਿੰਘ ਰਜਾਦਾ, ਬਲਬੀਰ ਸਿੰਘ ਘੁੰਮਣ, ਇੰਦਰ ਮੋਹਨ ਸਿੰਘ ਸੋਢੀ, ਮਨਦੀਪ ਕੋਹਲੀ, ਰਾਜਨ ਸ਼ਰਮਾ, ਰੋਹਿਤ ਭਾਰਦਵਾਜ, ਲਲਿਤ ਮੋਹਨ ਸ਼ਰਮਾ, ਮਹਿੰਦਰ ਜੋਸ਼ੀ, ਮਾਸਟਰ ਸੁਰਿੰਦਰ ਵਰਧਨ, ਰਜੇਸ਼ ਕੁਮਾਰ ਹੈਪੀ, ਡਾਕਟਰ ਈਸ਼ਵਰ ਵੱਲੋਂ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ।

## ਸਰਕਾਰੀ ਕਾਲਜ ਗੁਰਦਾਸਪੁਰ ਵਿਖੇ 54ਵਾਂ ਸਾਲਾਨਾ ਖੇਡ ਸਮਾਗਮ ਕਰਵਾਇਆ



ਗੁਰਦਾਸਪੁਰ, (ਦਿਨੇਸ਼ ਕੁਮਾਰ)-ਸਰਕਾਰੀ ਕਾਲਜ ਗੁਰਦਾਸਪੁਰ ਵਿਖੇ 54ਵਾਂ ਸਾਲਾਨਾ ਖੇਡ ਸਮਾਗਮ ਕਰਵਾਇਆ ਗਿਆ ਜਿਸ ਦਾ ਮੋਟੋ ਨਿਸਚੇ ਕਰ ਅਪਨੀ ਜੀਤ ਕਰੋਂ ਰੱਖਿਆ ਗਿਆ। ਇਸ ਖੇਡ ਸਮਾਗਮ ਵਿੱਚ ਪ੍ਰਿੰ. ਪ੍ਰੀਤ ਦਵਿੰਦਰ ਕੌਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸਮਾਗਮ ਦੀ ਸ਼ੁਰੂਆਤ ਸ਼ਬਦ ਗਾਇਨ ਤੋਂ ਬਾਅਦ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਕੇ ਕੀਤੀ ਗਈ। ਲਵਪ੍ਰੀਤ ਸਿੰਘ ਨੇ ਸਹੁੰ-ਚੁੱਕ ਦੀ ਰਸਮ ਅਦਾ ਕੀਤੀ। ਖੇਡ ਸਮਾਗਮ ਮੌਕੇ ਕੁੜੀਆਂ ਅਤੇ ਮੁੰਡਿਆਂ ਦੀ ਰੇਸ, ਸ਼ਾਰਟਪੁੱਟ, ਡਿਸਕ ਥਰੋ, ਜੈਵਲੀਨ ਥਰੋ, ਲੌਂਗ ਜੰਪ, ਰਿਲੇ ਦੌੜ ਆਦਿ ਕਰਵਾਈ ਗਈ।

ਮਿਊਜ਼ੀਕਲ ਚੇਅਰ ਰੇਸ, ਲੈਮਨ ਸਪੂਨ ਰੇਸ ਆਦਿ ਵੀ ਕਰਵਾਈਆਂ ਗਈਆਂ। ਨਵਦੀਪ ਕੌਰ ਤੇ ਅਨੁਰਾਗ ਸ਼ਰਮਾ ਨੇ ਬੈਸਟ ਐਥਲੀਟ ਦਾ ਖਿਤਾਬ ਹਾਸਿਲ ਕੀਤਾ। ਪ੍ਰਿੰ. ਮੈਡਮ ਨੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ। ਉਨ੍ਹਾਂ ਕਿਹਾ ਕਿ ਖੇਡਾਂ ਹੀ ਇੱਕ ਅਜਿਹਾ ਸਾਧਨ ਹਨ ਜਿਸ ਰਾਹੀਂ ਅਸੀਂ ਆਪਣੇ ਸਰੀਰ ਨੂੰ ਤੰਦਰੁਸਤ ਰੱਖ ਸਕਦੇ ਹਾਂ ਅਤੇ ਬੁਰੀਆਂ ਆਦਤਾਂ ਤੋਂ ਬਚ ਸਕਦੇ ਹਾਂ। ਇਸ ਮੌਕੇ ਕਾਲਜ ਦੇ ਸਮੂਹ ਟੀਚਿੰਗ, ਨਾਨ-ਟੀਚਿੰਗ ਸਟਾਫ ਅਤੇ ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ।

## ਕਲਾਨੌਰ ਪ੍ਰੈੱਸ ਕਲੱਬ ਵੱਲੋਂ ਲਗਵਾਏ ਮੈਡੀਕਲ ਕੈਂਪ 'ਚ ਸੈਂਕੜੇ ਮਰੀਜ਼ਾਂ ਨੇ ਕਰਵਾਈ ਜਾਂਚ



ਕਲਾਨੌਰ (ਮਨਦੀਪ ਕੋਹਲੀ)-ਕਲਾਨੌਰ ਪ੍ਰੈੱਸ ਕਲੱਬ ਵੱਲੋਂ ਲੋਕਾਂ ਦੇ ਭਲੇ ਲਈ ਪਹਿਲਾ ਫ੍ਰੀ ਮੈਡੀਕਲ ਚੈੱਕਅਪ ਕੈਂਪ ਦਿਓਲ ਮਲਟੀਸਪੈਸ਼ਲਿਟੀ ਹਸਪਤਾਲ ਗੁਰਦਾਸਪੁਰ ਦੇ ਸਹਿਯੋਗ ਨਾਲ ਲਾਇਆ ਗਿਆ ਜਿਸ ਵਿੱਚ 300 ਦੇ ਕਰੀਬ ਲੋਕਾਂ ਨੇ ਆਪਣੀ ਜਾਂਚ ਕਰਵਾਈ ਅਤੇ ਮੁਫਤ ਦਵਾਈਆਂ ਲਈਆਂ। ਸ੍ਰੀ ਗੁਰੂ ਰਾਮਦਾਸ ਹਸਪਤਾਲ ਕਲਾਨੌਰ ਦੇ ਡਾ. ਸੁਖਜਿੰਦਰ ਸਿੰਘ ਪੰਨੂ ਉਚੇਚੇ ਤੌਰ 'ਤੇ ਪਹੁੰਚੇ ਅਤੇ ਮਰੀਜ਼ਾਂ ਦਾ ਚੈੱਕਅਪ ਕੀਤਾ। ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ ਦੀ ਪਤਨੀ ਜਤਿੰਦਰ ਕੌਰ ਵੀ ਪਹੁੰਚੇ ਹੋਏ ਸਨ। ਹਲਕਾ ਡੇਰਾ ਬਾਬਾ ਨਾਨਕ ਦੇ ਹਲਕਾ ਇੰਚਾਰਜ ਗੁਰਦੀਪ ਸਿੰਘ ਰੰਧਾਵਾ, ਅਕਾਲੀ ਦਲ ਦੇ ਇੰਚਾਰਜ ਰਵੀਕਰਨ ਸਿੰਘ ਕਾਹਲੋਂ, ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ, ਜ਼ਿਲਾ ਯੂਥ ਪ੍ਰਧਾਨ ਬਲਜੀਤ ਸਿੰਘ ਪਾਹੜਾ, ਡੀਐੱਸਪੀ ਗੁਰਵਿੰਦਰ ਸਿੰਘ, ਐੱਸਐੱਚਓ ਕਲਾਨੌਰ ਦਿਲਪ੍ਰੀਤ ਸਿੰਘ ਵੀ ਕੈਂਪ ਵਿੱਚ ਪਹੁੰਚੇ। ਸਾਰੇ ਲੀਡਰ ਸਾਹਿਬਾਨ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਦਾ ਪ੍ਰੈੱਸ ਕਲੱਬ ਕਲਾਨੌਰ ਵੱਲੋਂ ਸਨਮਾਨ ਕੀਤਾ ਗਿਆ। ਕੈਂਪ ਵਿੱਚ ਦਿਓਲ ਹਸਪਤਾਲ ਦੇ ਸਾਰੇ ਹੀ ਡਾਕਟਰਾਂ ਤੋਂ ਇਲਾਵਾ ਪ੍ਰੈੱਸ ਕਲੱਬ ਵੱਲੋਂ ਵਰਿੰਦਰ ਬੇਦੀ, ਰੋਹਿਤ ਭਾਰਦਵਾਜ, ਗੁਰਦੇਵ ਸਿੰਘ ਰਜਾਦਾ, ਮਨਮੋਹਨ ਬੇਦੀ, ਇੰਦਰਮੋਹਣ ਸੋਢੀ, ਭੁਪਿੰਦਰ ਸੋਢੀ, ਇਕਬਾਲ ਸਿੰਘ ਵਾਲੀਆ, ਮਨਦੀਪ ਕੋਹਲੀ, ਡਿੰਪਲ, ਰਾਜਨ ਸ਼ਰਮਾ, ਕਮਲਜੀਤ ਬਾਊ, ਵਿਪੁਲ ਮਹਾਜਨ, ਮਹਿੰਦਰ ਜੋਸ਼ੀ ਤੋਂ ਇਲਾਵਾ ਮੰਨੂ ਸਰਜੇ ਚੱਕ, ਨੋਨੀ ਸ਼ਰਮਾ, ਗੋਪੀ ਬਲਹੋਤਰਾ, ਦੀਪਕ, ਅੰਮ੍ਰਿਤਪਾਲ ਸਿੰਘ ਅਲਾਵਲਪੁਰ, ਪ੍ਰਦੀਪ ਬਲਹੋਤਰਾ, ਗਗਨਦੀਪ ਗੱਗੂ, ਬਲਾਕ ਪ੍ਰਧਾਨ ਨਵਪ੍ਰੀਤ ਸਿੰਘ ਪਵਾਰ, ਇੰਦਰਜੀਤ ਭਾਰਲ, ਬਲਾਕ ਪ੍ਰਧਾਨ ਕਵਲ ਗੁਰਾਇਆ ਆਦਿ ਤੋਂ ਇਲਾਵਾ ਹੋਰ ਵੀ ਪਤਵੰਤੇ ਸੱਜਣ ਪਹੁੰਚੇ ਹੋਏ ਸਨ।

## ਧੁੰਨ ਵੱਲੋਂ ਦਾਨਾ ਮੰਡੀ ਖਾਲੜਾ ਦੇ ਨਵੀਨੀਕਰਨ ਦਾ ਉਦਘਾਟਨ

### * 2 ਕਰੋੜ 78 ਲੱਖ ਰੁਪਏ ਦੀ ਲਾਗਤ ਨਾਲ ਕੀਤਾ ਜਾਵੇਗਾ ਮੰਡੀ ਦਾ ਸੁੰਦਰੀਕਰਨ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)-ਹਲਕਾ ਖੇਮਕਰਨ ਤੋਂ 'ਆਪ' ਵਿਧਾਇਕ ਸਰਵਨ ਸਿੰਘ ਧੁੰਨ ਵੱਲੋਂ 2 ਕਰੋੜ 78 ਲੱਖ ਰੁਪਏ ਦੀ ਲਾਗਤ ਨਾਲ ਦਾਣਾ ਮੰਡੀ ਖਾਲੜਾ ਦੇ ਨਵੀਨੀਕਰਨ ਕੰਮਾਂ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਰਵਨ ਸਿੰਘ ਧੁੰਨ ਨੇ ਕਿਹਾ ਕਿ ਕਿਸਾਨਾਂ ਦੀਆਂ ਮੁਸਕਲਾਂ ਨੂੰ ਮੁੱਖ ਰੱਖਦੇ ਹੋਏ 2 ਕਰੋੜ 78 ਲੱਖ ਰੁਪਏ ਦੀ ਲਾਗਤ ਨਾਲ ਦਾਣਾ ਮੰਡੀ ਖਾਲੜਾ ਦਾ ਨਵੀਨੀਕਰਨ ਕੀਤਾ ਜਾਵੇਗਾ।

ਧੁੰਨ ਨੇ ਕਿਹਾ ਕਿ ਨਵੀਨੀਕਰਨ ਤਹਿਤ ਮੰਡੀ ਦੀਆਂ ਅੰਦਰਲੀਆਂ ਸੜਕਾਂ ਨਵੀਆਂ ਬਣਾਉਣ ਤੇ ਫੜ੍ਹ ਪੱਕੇ ਕਰਨ ਤੋਂ ਇਲਾਵਾ ਮੰਡੀ ਦਾ ਸੁੰਦਰੀਕਰਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਹਲਕਾ ਖੇਮਕਰਨ ਨੂੰ ਵਿਕਾਸ ਪੱਖੋਂ ਵਾਂਝਾ ਨਹੀਂ ਰਹਿਣ ਦਿੱਤਾ ਜਾਵੇਗਾ। ਇਸ ਮੌਕੇ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦਾ ਉਦੇਸ਼ ਸੂਬੇ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਕਿਸਾਨਾਂ ਦੀ ਜ਼ਿੰਦਗੀ ਵਿੱਚ ਖੁਸ਼ਹਾਲੀ ਲਿਆਉਣ ਲਈ ਹਰ ਸੰਭਵ ਕੋਸ਼ਿਸ਼ ਕਰੇਗੀ। ਇਸ ਮੌਕੇ ਉਨ੍ਹਾਂ ਕੇਂਦਰ ਸਰਕਾਰ ਵੱਲੋਂ ਕਿਸਾਨਾਂ 'ਤੇ ਢਾਹੇ ਜਾ ਰਹੇ ਅਣਮਨੁੱਖੀ ਤਸ਼ੱਦਦ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਆਪਣੇ ਆਪ ਨੂੰ ਕਿਸਾਨ ਹਿਤੈਸ਼ੀ ਦੱਸਣ ਵਾਲੀ ਮੋਦੀ ਸਰਕਾਰ ਕਿਸਾਨਾਂ ਦੀਆਂ ਮੰਗਾਂ ਵੱਲ ਗੌਰ ਕਰਨ ਦੀ ਬਜਾਏ ਕੋਝੀਆਂ ਚਾਲਾਂ ਚੱਲ ਕੇ ਅੰਦੋਲਨ ਨੂੰ ਢਾਹ ਲਾਉਣ ਦੀ ਕੋਸ਼ਿਸ਼ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਕਿਸਾਨਾਂ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜੀ ਹੈ। ਇਸ ਮੌਕੇ ਦਾਣਾ ਮੰਡੀ ਖਾਲੜਾ ਤੋਂ ਪ੍ਰਧਾਨ ਸੁਖਰਾਜ ਸਿੰਘ ਬੀਏ, ਵਾਈਸ ਪ੍ਰਧਾਨ ਗੌਰਵ ਬੈਂਬੀ, ਸੀਨੀਅਰ 'ਆਪ' ਆਗੂ ਗੁਰਜੀਤ ਸਿੰਘ ਜੰਡ ਖਾਲੜਾ, ਪੀਏ ਹਰਜਿੰਦਰ ਸਿੰਘ ਬੁਰਜ, ਜਸਵੰਤ ਸਿੰਘ ਆੜ੍ਹਤੀਆ, ਸੁਰਿੰਦਰ ਪਾਲ ਸਿੱਧਵਾਂ ਆੜ੍ਹਤੀਆ, ਸੁਰਜੀਤ ਸਿੰਘ ਆੜ੍ਹਤੀਆ ਮੁਗਲ ਚੱਕ, ਡਿਪਟੀ ਸ਼ਾਹ ਖਾਲੜਾ ਆੜ੍ਹਤੀਆ, 'ਆਪ' ਆਗੂ ਸੋਨੀ ਸੰਧੂ ਖਾਲੜਾ ਤੋਂ ਇਲਾਵਾ ਵੱਡੀ ਗਿਣਤੀ 'ਚ ਪਾਰਟੀ ਵਰਕਰ ਹਾਜ਼ਰ ਸਨ।



ਗੁਰਸੇਵਕ ਲੰਬੀ ਦੀਆਂ ਛੇ ਗ਼ਜ਼ਲਾਂ
ਆਖਰੀ ਤੋਂ ਪਹਿਲੇ ਸਫ਼ੇ 'ਤੇ

ਨਵਾਂ ਜ਼ਮਾਨਾ
ਐਤਵਾਰਤਾ

ਕੁੰਦਨ ਵਰਗੀ ਜੇ ਮੇਰੀ ਤਕਦੀਰ ਬਣੀ ਹੈ
ਅਗਨ ਕੁਠਾਲੀ ਢਲ ਕੇ ਇਹ ਤਾਬੀਰ ਬਣੀ ਹੈ
ਅੱਜ ਵੀ ਕੱਚੇ ਘਰ ਦੀ ਕੰਧ ਪੁਰਾਣੀ ਉੱਤੇ
ਧੂੰਏਂ ਦੇ ਸੰਗ ਮਾਂ ਦੀ ਇਕ ਤਸਵੀਰ ਬਣੀ ਹੈ।

- ਮਨਜਿੰਦਰ ਸਿੰਘ ਧਨੋਆ

Regd. No : L-4/Pb-JL-0023/2024-26, (R.N.I.)-00068/57
ਜਲੰਧਰ : ਐਤਵਾਰ, 10 ਮਾਰਚ 2024
www.nawanzamana.in
ਕੀਮਤ 5.00 ਰੁਪਏ

# ਬਲਾਤਕਾਰੀਆਂ/ਜਿਨਸੀ ਹਿੰਸਾ ਦੇ ਮੁਜਰਮਾਂ ਨੂੰ ਬਚਾ ਰਹੀ ਸਟੇਟ

ਰੰਜਨਾ ਪਾਢੀ
ਅਨੁ: ਬੂਟਾ ਸਿੰਘ ਮਹਿਮੂਦਪੁਰ

*ਰੰਜਨਾ ਪਾਢੀ, ਜੋ ਕਿ 'ਪੰਜਾਬ ਵਿਚ ਖੇਤੀ ਸੰਕਟ ਦੀ ਕਹਾਣੀ, ਔਰਤਾਂ ਦੀ ਜ਼ੁਬਾਨੀ' ਨਾਂਅ ਦੀ ਡੂੰਘੀ ਖੋਜ 'ਤੇ ਆਧਾਰਤ ਚਰਚਿੱਤ ਕਿਤਾਬ ਦੀ ਲੇਖਿਕਾ ਅਤੇ ਹੱਕਾਂ ਦੀ ਕਾਰਕੁਨ ਹੈ, ਦਾ ਇਹ ਲੇਖ 'ਬੇਟੀ ਬਚਾਓ, ਬੇਟੀ ਪੜ੍ਹਾਓ' ਦਾ ਨਾਅਰਾ ਦੇ ਕੇ ਸੱਤਾ 'ਚ ਆਈ ਆਰ.ਐੱਸ.ਐੱਸ-ਭਾਜਪਾ ਦੀ ਹਕੂਮਤ ਦੀ ਰਾਜਸੀ ਤੇ ਰਾਜਕੀ ਸਰਪ੍ਰਸਤੀ ਹੇਠ ਚੱਲ ਰਹੇ ਬਲਾਤਕਾਰਾਂ ਅਤੇ ਜਿਨਸੀ ਹਿੰਸਾ ਦੇ ਵਰਤਾਰੇ ਦਾ, ਇਸ ਦੇ ਵਿਚਾਰਧਾਰਕ ਸਰੋਤ ਦੇ ਨਜ਼ਰੀਏ ਤੋਂ ਵਿਸ਼ਲੇਸ਼ਣ ਕਰਦਾ ਹੈ। ਅੰਤਰਰਾਸ਼ਟਰੀ ਔਰਤ ਦਿਵਸ ਤੋਂ ਐਨ ਪਹਿਲਾਂ ਇਕ ਸਪੇਨੀ ਸੈਲਾਨੀ ਔਰਤ ਨਾਲ ਸਮੂਹਿਕ ਬਲਾਤਕਾਰ ਦਰਸਾਉਂਦਾ ਹੈ ਕਿ ਭਗਵਾਂ ਹਕੂਮਤ ਦੇ ਔਰਤਾਂ ਦੇ ਸੁਰੱਖਿਆ ਦੇ ਦਾਅਵੇ ਕਿੰਨੇ ਝੂਠੇ ਅਤੇ ਦੰਭੀ ਹਨ। ਜਿਨਸੀ ਦਰਿੰਦਗੀ ਉੱਪਰ ਗੰਭੀਰ ਚਰਚਾ ਦੀ ਜ਼ਰੂਰਤ ਦੇ ਮੱਦੇਨਜ਼ਰ ਇਸ ਦਾ ਅਨੁਵਾਦ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ। -ਸੰਪਾਦਕ*

ਪਿਛਲੇ ਦਹਾਕੇ 'ਚ ਭਿਆਨਕ ਰਿਪੋਰਟਾਂ ਦੀ ਇਕ ਅਨੰਤ ਲੜੀ ਕੌਮੀ ਸੁਰਖ਼ੀਆਂ ਬਣੀ ਹੈ-ਉੱਤਰ ਪ੍ਰਦੇਸ਼ (ਯੂ ਪੀ) (2014) ਦੇ ਬਦਾਯੂੰ ਜ਼ਿਲ੍ਹੇ ਵਿਚ ਦੋ ਦਲਿਤ ਲੜਕੀਆਂ ਦੇ ਜਿਨਸੀ ਸ਼ੋਸ਼ਣ ਅਤੇ ਫਾਂਸੀ ਤੋਂ ਲੈ ਕੇ ਮਨੀਪੁਰ ਵਿਚ (2023) ਹਿੰਸਕ ਭੀੜ ਦੁਆਰਾ ਦੋ ਕੁਕੀ-ਜ਼ੋ ਔਰਤਾਂ ਨੂੰ ਨਿਰਵਸਤਰ ਕਰਕੇ ਜਨਤਕ ਤੌਰ 'ਤੇ ਜ਼ਲੀਲ ਕੀਤੇ ਜਾਣ ਤੱਕ; ਜੰਮੂ ਅਤੇ ਕਸ਼ਮੀਰ (2018) ਵਿਚ ਆਸਿਫ਼ਾ ਬਾਨੋ ਦੇ ਕਾਤਲਾਂ ਦੀ ਤਾਰੀਫ਼ ਕਰਨ ਤੋਂ ਲੈ ਕੇ ਬਲਾਤਕਾਰ ਦੇ ਦੋਸ਼ੀ ਧਾਰਮਿਕ ਆਗੂਆਂ ਦੀ ਹਮਾਇਤ ਵਿਚ ਜਨਤਕ ਜਲੂਸ ਕੱਢਣ ਤੱਕ; ਅਤੇ ਯੂ ਪੀ (2020) ਅੰਦਰ ਹਾਥਰਸ ਵਿਚ ਉੱਚ-ਜਾਤੀ ਦੇ ਮਰਦਾਂ ਨੂੰ ਦਿੱਤੀ ਗਈ ਸਜ਼ਾ ਤੋਂ ਲੈ ਕੇ ਗੁਜਰਾਤ (2022) ਵਿਚ ਦੋਸ਼ੀ ਬਲਾਤਕਾਰੀਆਂ ਦੀ ਰਿਹਾਈ ਤੱਕ (ਜਿਸ ਫ਼ੈਸਲੇ ਨੂੰ ਬਾਅਦ ਵਿਚ ਅਦਾਲਤ ਨੇ ਉਲਟਾ ਦਿੱਤਾ)।

ਸ਼ਿਕਾਇਤਕਰਤਾਵਾਂ ਦਾ ਕਰੂਰ ਹਮਲਿਆਂ, ਬਲੈਕਮੇਲ ਅਤੇ ਆਪਣੀ ਤੇ ਆਪਣੇ ਪਰਵਾਰਕ ਮੈਂਬਰਾਂ ਦੀ ਜਾਨ ਨੂੰ ਖ਼ਤਰੇ ਵਿਚ ਪਾਉਣ ਤੋਂ ਬਚਾ ਹੋ ਗਿਆ ਹੈ। ਗਵਾਹਾਂ ਦੀ ਸੁਰੱਖਿਆ ਅਜੇ ਵੀ ਦੂਰ ਦੀ ਗੱਲ ਹੈ। ਕੀ ਇਹ ਮਹਿਜ਼ ਇਤਫ਼ਾਕ ਹੋ ਸਕਦਾ ਹੈ ਕਿ 2014 ਦੀਆਂ ਭਾਰਤੀ ਆਮ ਚੋਣਾਂ ਤੋਂ ਪਹਿਲਾਂ ਸਾਰੇ ਨਾਗਰਿਕਾਂ ਨੂੰ ਗਾਰੰਟੀ ਦਿੱਤੇ ਗਏ ਅੱਛੇ ਦਿਨ ਦਾ ਮਤਲਬ ਹੈ ਕਿ ਔਰਤਾਂ ਅਤੇ ਸਾਰੇ ਹਾਸ਼ੀਏ 'ਤੇ ਧੱਕੇ ਸਮੂਹਾਂ ਨੂੰ ਨਿਆਂ ਤੋਂ ਬਾਹਰ ਰੱਖਿਆ ਜਾਵੇ?

ਇਹ ਸਵਾਲ ਉਠਾਉਣ ਦੀ ਲੋੜ ਹੈ ਕਿ ਸਾਡੇ ਸਮਾਜ ਵਿਚ ਜਿਨਸੀ ਸ਼ੋਸ਼ਣ ਦੇ ਜੁਰਮ ਅਤੇ ਇਸ ਦੀ ਸਜ਼ਾ ਦੀ ਜ਼ਿੰਮੇਵਾਰੀ ਵੱਖ-ਵੱਖ ਹੋਈ ਕਿਉਂ ਜਾਪਦੀ ਹੈ? ਕੀ ਅਸੀਂ ਦੇਖਦੇ ਹਾਂ ਕਿ ਹਿੰਦੂਤਵ ਦਾ ਸਮਾਜਿਕ ਅਤੇ ਸੱਭਿਆਚਾਰਕ ਸਿਧਾਂਤ ਔਰਤਾਂ ਦੀ ਸਥਿਤੀ ਅਤੇ ਕਦਰ ਨੂੰ ਕਿਵੇਂ ਉਲਟਾ ਰਿਹਾ ਹੈ? ਕੀ ਅਸੀਂ ਦੇਖਦੇ ਹਾਂ ਕਿ ਕਿਵੇਂ ਦਲਿਤ ਅਤੇ ਆਦਿਵਾਸੀ ਭਾਈਚਾਰਿਆਂ ਅਤੇ ਘੱਟ-ਗਿਣਤੀ ਧਾਰਮਿਕ ਸਮੂਹਾਂ ਦੀਆਂ ਔਰਤਾਂ ਜਿਨਸੀ ਹਿੰਸਾ ਅਤੇ ਨਿਆਂ ਤੋਂ ਇਨਕਾਰ ਦਾ ਸ਼ਿਕਾਰ ਹੁੰਦੀਆਂ ਹਨ? ਔਰਤਾਂ ਸਮੇਤ ਜਨਤਾ ਦੇ ਵਰਗਾਂ ਨੂੰ ਅਪਰਾਧ ਦੇ ਦੋਸ਼ੀਆਂ ਦੇ ਬਚਾਅ ਲਈ ਸੜਕਾਂ 'ਤੇ ਆਉਣ ਦਾ ਕੀ ਕਾਰਨ ਹੈ? ਕੀ ਅਸੀਂ ਰਾਜਨੀਤਕ ਤਾਕਤ, ਜਾਤੀ ਦੀ ਉੱਤਮਤਾ ਅਤੇ ਬਾਹੂਬਲ ਦੇ ਸ਼ਕਤੀਸ਼ਾਲੀ ਸਾਂਚੇ ਨੂੰ ਦੇਖਦੇ ਹਾਂ, ਜੋ ਜਿਨਸੀ ਅਪਰਾਧਾਂ ਦੇ ਦੋਸ਼ੀਆਂ ਨੂੰ ਬਚਾਉਂਦਾ ਹੈ? ਇਹ ਲੇਖ ਇਨ੍ਹਾਂ ਵਿੱਚੋਂ ਕੁਝ ਗੁੰਝਲਾਂ ਨੂੰ ਖੋਲ੍ਹਣ ਦੀ ਕੋਸ਼ਿਸ਼ ਕਰੇਗਾ।

## ਜੰਗ ਦੇ ਮੈਦਾਨ ਬਣਾਏ ਔਰਤਾਂ ਦੇ ਸਰੀਰ

ਜਿਨਸੀ ਹਿੰਸਾ ਹਮੇਸ਼ਾ ਸਮੂਹਿਕ ਹਿੰਸਾ ਦਾ ਹਿੱਸਾ ਰਹੀ ਹੈ। 2013 'ਚ ਜਦੋਂ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸੱਤਾ ਵਿਚ ਆਉਣ ਬਾਰੇ ਪ੍ਰਚਾਰ ਸਿਖ਼ਰਾਂ ਛੂਹ ਰਿਹਾ ਸੀ, ਯੂ ਪੀ ਦੇ ਮੁਜ਼ੱਫਰਨਗਰ ਜ਼ਿਲ੍ਹੇ ਵਿਚ ਫਿਰਕੂ ਹਿੰਸਾ ਭੜਕ ਉੱਠੀ। 60,000 ਤੋਂ ਵੱਧ ਮੁਸਲਮਾਨਾਂ ਨੂੰ ਉਜਾੜ ਦਿੱਤਾ ਗਿਆ ਸੀ ਅਤੇ ਬਹੁਤ ਸਾਰੀਆਂ ਔਰਤਾਂ ਦਾ ਜਿਨਸੀ ਸ਼ੋਸ਼ਣ ਕੀਤੇ ਜਾਣ ਦੀਆਂ ਰਿਪੋਰਟਾਂ ਸਾਹਮਣੇ ਆਈਆਂ ਸਨ। ਸਰਕਾਰ ਨੇ ਫਾਸਟ ਟਰੈਕ ਅਦਾਲਤਾਂ ਬਣਾਉਣ ਦਾ ਐਲਾਨ ਕੀਤਾ। ਦਸ ਸਾਲ ਬਾਅਦ ਉਨ੍ਹਾਂ ਵਿੱਚੋਂ ਇਕ ਔਰਤ ਅਜੇ ਵੀ ਨਿਆਂ ਦੀ ਉਡੀਕ ਕਰ ਰਹੀ ਹੈ, ਜਦਕਿ ਬਾਕੀਆਂ ਨੇ ਆਪਣੀਆਂ ਸ਼ਿਕਾਇਤਾਂ ਵਾਪਸ ਲੈ ਲਈਆਂ ਹਨ।

ਅਪਰਾਧਿਕ ਨਿਆਂ ਪ੍ਰਣਾਲੀ ਰਾਹੀਂ ਨਿਆਂ ਦੀ ਭਾਲ ਪੂਰੇ ਪਰਵਾਰਾਂ ਅਤੇ ਭਾਈਚਾਰਿਆਂ ਦੀ ਜ਼ਿੰਦਗੀ ਨੂੰ ਡੂੰਘੇ ਰੂਪ 'ਚ ਉਲਟ-ਪੁਲਟ ਕਰ ਸਕਦੀ ਹੈ। ਅਜਿਹੇ ਮਾਮਲਿਆਂ ਵਿਚ ਜਿੱਥੇ ਦਲਿਤ ਆਪਣੇ ਜ਼ਮੀਨੀ ਅਧਿਕਾਰਾਂ ਦੀ ਹੱਕ-ਜਤਾਈ ਕਰਦੇ ਹਨ, ਉਨ੍ਹਾਂ ਨੂੰ ਭਾਰੂ ਜਾਤੀਆਂ ਦੇ ਹੱਥੋਂ ਜਿਨਸੀ ਹਿੰਸਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਹਰਿਆਣਾ ਵਿਚ ਪਿੰਡਾਂ ਦੀਆਂ ਪੰਚਾਇਤਾਂ ਦੀ ਮਲਕੀਅਤ ਵਾਲੀ ਸਾਂਝੀ ਜ਼ਮੀਨ ਦਲਿਤਾਂ ਅਤੇ ਜਾਟਾਂ ਦਰਮਿਆਨ ਝਗੜੇ ਦਾ ਮੁੱਦਾ ਹੈ।

ਇਹ ਟਕਰਾਅ ਉਦੋਂ ਉਜਾਗਰ ਹੋਇਆ, ਜਦੋਂ ਮਾਰਚ 2014 'ਚ ਭਗਾਣਾ ਪਿੰਡ ਵਿਚ ਚਾਰ ਨੌਜਵਾਨ ਦਲਿਤ ਲੜਕੀਆਂ ਨਾਲ ਪੰਜ ਨੌਜਵਾਨਾਂ ਵੱਲੋਂ ਬਲਾਤਕਾਰ ਕੀਤਾ ਗਿਆ। ਇਸ ਤੋਂ ਬਾਅਦ ਧਾਨੁਕ ਭਾਈਚਾਰੇ ਦੇ 90 ਪਰਵਾਰਾਂ ਨੇ ਨਵੀਂ ਦਿੱਲੀ ਦੇ ਜੰਤਰ-ਮੰਤਰ ਵਿਖੇ ਕਰੀਬ ਦੋ ਮਹੀਨਿਆਂ ਤੱਕ ਰੋਸ ਪ੍ਰਦਰਸ਼ਨ ਕੀਤਾ। ਹਾਲਾਂਕਿ ਦਿੱਲੀ ਪੁਲਸ ਨੇ ਉਨ੍ਹਾਂ ਦਾ ਰੋਸ ਪ੍ਰਦਰਸ਼ਨ ਜ਼ਬਰਦਸਤੀ ਚੁਕਵਾ ਦਿੱਤਾ। ਭਾਰਤ ਨੂੰ ਪੂੰਜੀ-ਨਿਵੇਸ਼ਕਾਂ ਲਈ ਸਾਜ਼ਗਾਰ ਸਥਾਨ ਵਜੋਂ ਪੇਸ਼ ਕਰਨ ਲਈ ਦਿੱਤੀ ਗਈ ਤਰਜੀਹ ਅਕਸਰ ਦਲਿਤਾਂ ਵਿਰੁੱਧ ਢਾਂਚਾਗਤ ਹਿੰਸਾ ਨੂੰ ਦਬਾਉਣ ਅਤੇ ਨਿਆਂ ਤੋਂ ਇਨਕਾਰ ਕਰਨ ਦਾ ਕਾਰਨ ਬਣ ਜਾਂਦੀ ਹੈ।

ਸਮਾਜਿਕ ਤਰੱਕੀ ਦੇ ਆਪਣੇ ਅਧਿਕਾਰ ਦੀ ਹੱਕ-ਜਤਾਈ ਕਰਨ ਵਾਲੇ ਦਲਿਤਾਂ ਨੂੰ ਅਕਸਰ ਜਿਨਸੀ ਹਮਲੇ ਅਤੇ ਹਿੰਸਾ ਦਾ ਸਾਹਮਣਾ ਕਰਨਾ ਪੈਂਦਾ ਹੈ। ਅਗਸਤ 2013 ਵਿਚ, ਹਰਿਆਣਾ ਦੇ ਪਿੰਡ ਬਨੀਆਖੇੜਾ ਦੀ ਇਕ 20 ਸਾਲਾ ਵਿਦਿਆਰਥਣ ਇਮਤਿਹਾਨ ਦੇਣ ਲਈ ਜੀਂਦ ਲਈ ਬੱਸ ਵਿਚ ਚੜ੍ਹੀ ਸੀ, ਪਰ ਬਾਅਦ ਵਿਚ ਉਸ ਦੀ ਲਾਸ਼ ਇਕ ਖੇਤ ਵਿੱਚੋਂ ਮਿਲੀ। ਜਦੋਂ ਭਾਈਚਾਰੇ ਨੇ ਕੇਸ ਦਰਜ ਕਰਨ ਦੀ ਮੰਗ ਕੀਤੀ ਤਾਂ ਉਨ੍ਹਾਂ ਉੱਪਰ ਬੇਰਹਿਮੀ ਨਾਲ ਲਾਠੀਚਾਰਜ ਕੀਤਾ ਗਿਆ, ਜਿਸ ਨਾਲ ਲੜਕੀ ਦੇ ਪਿਤਾ ਸਮੇਤ ਕਈ ਜਣੇ ਜ਼ਖ਼ਮੀ ਹੋ ਗਏ। ਛੇ ਦਲਿਤਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਦਲਿਤ ਭਾਈਚਾਰੇ ਨੂੰ ਬੁਨਿਆਦੀ ਕਾਨੂੰਨੀ ਪ੍ਰਕਿਰਿਆਵਾਂ ਅਤੇ ਨਿਆਂ ਵਿਵਸਥਾਵਾਂ ਮੁਹੱਈਆ ਕਰਨ ਤੋਂ ਸਰੇਆਮ ਇਨਕਾਰ ਦਾ ਸਾਹਮਣਾ ਕਰਨਾ ਪੈਂਦਾ ਹੈ, ਇੱਥੋਂ ਤੱਕ ਕਿ ਵਕੀਲਾਂ ਅਤੇ ਮਰਦ ਕਾਰਕੁਨਾਂ ਨੂੰ ਵੀ ਖ਼ਤਰੇ ਦਾ ਸਾਹਮਣਾ ਕਰਨਾ ਪੈਂਦਾ ਹੈ। ਰਾਜ ਦੀ ਨਿਆਂ ਪ੍ਰਣਾਲੀ ਵਿਚ ਔਰਤਾਂ (ਅਤੇ ਮਰਦਾਂ), ਖ਼ਾਸ ਤੌਰ 'ਤੇ ਘੱਟ ਗਿਣਤੀ, ਕਬਾਇਲੀ ਅਤੇ ਦਲਿਤ ਪਿਛੋਕੜ ਵਾਲੇ ਲੋਕਾਂ ਦੀ ਘੱਟ ਨੁਮਾਇੰਦਗੀ, ਨਿਆਂ ਹਾਸਲ ਕਰਨ ਵਿਚ ਇਕ ਢਾਂਚਾਗਤ ਰੁਕਾਵਟ ਪਾਉਂਦੀ ਹੈ।

## ਅਨਡੂਇੰਗ ਇੰਪਿਊਨਿਟੀ

ਸਪੀਚ ਆਫਟਰ ਸੈਕਸੂਅਲ ਵਾਇਲੈਂਸ ਵਿਚ ਵੀ. ਗੀਤਾ (2016) ਇਸ ਗੱਲ 'ਤੇ ਚਰਚਾ ਕਰਦੀ ਹੈ ਕਿ ਕਿਵੇਂ ਉੱਚ-ਜਾਤੀ ਦੇ ਮਰਦ ਹੇਠਲੀ ਜਾਤੀ ਦੀਆਂ ਔਰਤਾਂ ਦੇ ਜਿਸਮਾਂ ਨੂੰ ਕੰਟਰੋਲ ਕਰਕੇ ਅਤੇ ਉਨ੍ਹਾਂ ਦੀ ਰੱਖਿਆ ਕਰਨ ਵਿਚ ਅਸਫ਼ਲ ਰਹਿੰਦੇ ਉਨ੍ਹਾਂ ਦੇ ਮਰਦਾਂ ਨੂੰ ਅਪਮਾਨਿਤ ਕਰਕੇ ਆਪਣੇ ਅਧਿਕਾਰ ਦਾ ਦਾਅਵਾ ਕਰਦੇ ਹਨ। ਦੱਖਣੀ ਛੱਤੀਸਗੜ੍ਹ ਵਿਚ ਆਦਿਵਾਸੀ ਔਰਤਾਂ ਨੂੰ ਸੁਰੱਖਿਆ ਬਲਾਂ ਅਤੇ ਨੀਮ-ਫ਼ੌਜੀ ਸਮੂਹਾਂ ਹੱਥੋਂ ਵਿਆਪਕ ਜਿਨਸੀ ਹਿੰਸਾ ਦਾ ਸਾਹਮਣਾ ਕਰਨਾ ਪਿਆ ਹੈ, ਕਿਉਂਕਿ ਉਹ ਜ਼ਮੀਨ ਅਤੇ ਵਸੀਲਿਆਂ ਦੀ



ਕਾਰਪੋਰੇਟਾਂ ਵੱਲੋਂ ਲੁੱਟਮਾਰ ਦਾ ਵਿਰੋਧ ਕਰਦੀਆਂ ਹਨ। ਪ੍ਰਿਥਮ ਸੂਚਨਾ ਰਿਪੋਰਟਾਂ (ਐੱਫ ਆਈ ਆਰ) ਅਤੇ ਮੀਡੀਆ ਦੇ ਧਿਆਨ ਦੇ ਬਾਵਜੂਦ ਦੋਸ਼ੀਆਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ।

ਯੂ ਪੀ ਦੇ ਉਨਾਓਂ ਦੀ ਇਕ 17 ਸਾਲਾ ਲੜਕੀ ਦਾ ਸੰਤਾਪ ਜੂਨ 2017 ਵਿਚ ਸ਼ੁਰੂ ਹੋਇਆ, ਜਦੋਂ ਕੁਝ ਅਜਨਬੀਆਂ ਨੇ ਉਸ ਨੂੰ ਨੌਕਰੀ ਦੇਣ ਦਾ ਝਾਂਸਾ ਦੇ ਕੇ ਆਪਣੇ ਜਾਲ ਵਿਚ ਫਸਾਇਆ, ਜਿਸ ਕਾਰਨ ਆਖ਼ਿਰਕਾਰ ਇਕ ਭਾਜਪਾ ਵਿਧਾਇਕ ਕੁਲਦੀਪ ਸੈਂਗਰ ਦੁਆਰਾ ਉਸ ਦਾ ਜਿਨਸੀ ਸ਼ੋਸ਼ਣ ਕੀਤਾ ਗਿਆ। ਪੁਲਸ ਵੱਲੋਂ ਕੋਈ ਕਾਰਵਾਈ ਨਾ ਕਰਨ ਅਤੇ ਉਲਟਾ ਆਰਮਜ਼ ਐਕਟ ਦੇ ਤਹਿਤ ਆਪਣੇ ਪਿਤਾ ਦੀ ਗ੍ਰਿਫ਼ਤਾਰੀ ਦਾ ਵਿਰੋਧ ਕਰਦੇ ਹੋਏ ਉਸ ਨੇ 8 ਅਪ੍ਰੈਲ 2018 ਨੂੰ ਮੁੱਖ ਮੰਤਰੀ ਦੀ ਰਿਹਾਇਸ਼ ਦੇ ਬਾਹਰ ਆਤਮਦਾਹ ਕਰਨ ਦੀ ਕੋਸ਼ਿਸ਼ ਕੀਤੀ। ਉਸ ਤੋਂ ਬਾਅਦ ਪੁਲਸ ਹਿਰਾਸਤ ਵਿਚ ਉਸ ਦੇ ਪਿਤਾ ਦੀ ਮੌਤ ਹੋ ਗਈ। ਇਕ ਸਾਲ ਬਾਅਦ ਇਕ ਟਰੱਕ ਨੇ ਉਸ ਆਟੋ ਰਿਕਸ਼ਾ ਨੂੰ ਟੱਕਰ ਮਾਰ ਦਿੱਤੀ, ਜਿਸ ਵਿਚ ਉਹ ਲੜਕੀ ਜਾ ਰਹੀ ਸੀ, ਇਸ ਘਟਨਾ ਵਿਚ ਉਸ ਦੀਆਂ ਦੋ ਰਿਸ਼ਤੇਦਾਰ ਔਰਤਾਂ ਮਾਰੀਆਂ ਗਈਆਂ।

ਜਦੋਂ ਆਖ਼ਿਰਕਾਰ ਭਾਜਪਾ ਵਿਧਾਇਕ ਕੁਲਦੀਪ ਸੈਂਗਰ ਨੂੰ ਉਪਰੋਕਤ ਲੜਕੀ ਦੇ ਬਲਾਤਕਾਰ ਲਈ ਦੋਸ਼ੀ ਠਹਿਰਾਇਆ ਗਿਆ ਤਾਂ ਰਾਏਬਰੇਲੀ ਵਿਚ ਉਸ ਉੱਪਰ ਜਾਨਲੇਵਾ ਹਮਲਾ ਕੀਤਾ ਗਿਆ ਅਤੇ ਉਸ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਹਾਲਤ 'ਚ ਇਲਾਜ ਲਈ ਹਵਾਈ ਜਹਾਜ਼ ਰਾਹੀਂ ਦਿੱਲੀ ਦੇ ਹਸਪਤਾਲ ਲਿਜਾਣਾ ਪਿਆ। ਪੇਂਡੂ ਭਾਰਤ ਅਤੇ ਛੋਟੇ ਕਸਬਿਆਂ ਦੀਆਂ ਅਜਿਹੀਆਂ ਘਟਨਾਵਾਂ ਉਦੋਂ ਹੀ ਖ਼ਬਰਾਂ ਬਣਦੀਆਂ ਹਨ, ਜਦੋਂ ਪੀੜਤਾਂ ਨੂੰ ਹਵਾਈ ਉਡਾਣਾਂ ਰਾਹੀਂ ਕੌਮੀ ਰਾਜਧਾਨੀ ਦੇ ਹਸਪਤਾਲਾਂ ਵਿਚ ਪਹੁੰਚਾਇਆ ਜਾਂਦਾ ਹੈ। ਇਹ ਚੇਤੇ ਰੱਖਣਾ ਜ਼ਰੂਰੀ ਹੈ ਕਿ ਰਾਸ਼ਟਰੀ ਸਵੈਮ ਸੇਵਕ ਸੰਘ (ਆਰ ਐੱਸ ਐੱਸ) ਦੇ ਮੁਖੀ ਮੋਹਨ ਭਾਗਵਤ ਨੇ ਦਿੱਲੀ ਵਿਚ 2012 ਦੇ ਨਿਰਭੈ ਸਮੂਹਿਕ ਬਲਾਤਕਾਰ ਤੋਂ ਬਾਅਦ ਕਿਹਾ ਸੀ ਕਿ ਅਜਿਹੇ ਜੁਰਮ ਸਿਰਫ਼ ਸ਼ਹਿਰੀ ਇੰਡੀਆ ਵਿਚ ਹੋਏ ਹਨ, ਜਿਸ ਉੱਪਰ ਪੱਛਮ ਦਾ ਪ੍ਰਭਾਵ ਹੈ, ਇਹ "ਭਾਰਤ" ਵਿਚ ਨਹੀਂ ਹੋਏ।

ਜਨਵਰੀ 2018 ਵਿਚ ਅੱਠ ਸਾਲਾ ਆਸਿਫ਼ਾ ਬਾਨੋ ਨੂੰ ਜੰਮੂ ਦੇ ਕਠੂਆ ਜ਼ਿਲ੍ਹੇ ਦੇ ਇਕ ਪਿੰਡ ਤੋਂ ਅਗਵਾ ਕਰ ਲਿਆ ਗਿਆ ਸੀ ਅਤੇ ਇਕ ਹਫ਼ਤੇ ਬਾਅਦ ਉਸ ਦੀ ਲਾਸ਼ ਮਿਲੀ ਸੀ। ਉਹ ਬਕਰਵਾਲ ਖ਼ਾਨਾਬਦੋਸ਼ ਭਾਈਚਾਰੇ, ਇਕ ਮੁਸਲਿਮ ਕਬੀਲੇ ਨਾਲ ਸੰਬੰਧਤ ਸੀ। ਜਾਂਚ ਤੋਂ ਪਤਾ ਲੱਗਾ ਕਿ ਹਿੰਦੂ ਮੰਦਰ ਦੇ ਪੁਜਾਰੀ ਅਤੇ ਸਥਾਨਕ ਪੁਲਸ ਸਮੇਤ ਇਕ ਗਰੋਹ ਵੱਲੋਂ ਨਸ਼ੀਲਾ ਪਦਾਰਥ ਖਵਾ ਕੇ ਬੇਹੋਸ਼ ਕਰਨ ਉਪਰੰਤ ਮੰਦਰ ਵਿਚ ਉਸ ਦਾ ਬਲਾਤਕਾਰ ਕੀਤਾ ਗਿਆ ਸੀ।

ਹਿੰਦੂ ਸੱਜੇ-ਪੱਖੀ ਸਮੂਹਾਂ ਨੇ ਰੈਲੀਆਂ ਕੱਢ ਕੇ ਦੋਸ਼ੀਆਂ ਦੀ ਹਮਾਇਤ ਕੀਤੀ ਅਤੇ ਜੰਮੂ ਬਾਰ ਕੌਂਸਲ ਨੇ ਪੀੜਤ ਦੇ ਵਕੀਲ ਨੂੰ ਸਰੇਆਮ ਧਮਕੀ ਦਿੱਤੀ। 'ਹਿੰਦੂ ਏਕਤਾ ਮੰਚ' ਦੇ ਹਮਾਇਤੀ ਵਕੀਲਾਂ ਨੇ ਕ੍ਰਾਈਮ ਬ੍ਰਾਂਚ ਦੀ ਟੀਮ ਦੇ ਅਦਾਲਤ ਪਹੁੰਚਣ 'ਤੇ ਉਸ ਦਾ ਰਸਤਾ ਰੋਕ ਲਿਆ। ਸੂਬੇ ਦੇ ਜੰਗਲਾਤ ਅਤੇ ਉਦਯੋਗਾਂ ਦੇ ਇੰਚਾਰਜ ਭਾਜਪਾ ਮੰਤਰੀਆਂ ਨੇ ਦੋਸ਼ੀਆਂ ਦੀ ਹਮਾਇਤ ਵਿਚ ਕੱਢੇ ਜਲੂਸ ਵਿਚ ਹਿੱਸਾ ਲਿਆ। ਸਮੂਹਿਕ ਬਲਾਤਕਾਰ ਬੇਜ਼ਮੀਨੇ ਬਕਰਵਾਲ ਮੁਸਲਿਮ ਭਾਈਚਾਰੇ ਨੂੰ ਇਕ ਬੇਕਿਰਕ ਸੰਦੇਸ਼ ਸੀ ਕਿ ਉਹ ਚਰਾਂਦਾਂ ਉੱਪਰ ਆਪਣੇ ਅਧਿਕਾਰਾਂ ਦਾ ਦਾਅਵਾ ਕਰਨਾ ਛੱਡ ਦੇਣ।

ਜਦੋਂ ਬਹਾਦਰ ਔਰਤਾਂ ਨੇ ਆਪਣੇ ਹੱਕਾਂ ਲਈ ਖੜ੍ਹਨ ਦੀ ਹਿੰਮਤ ਕੀਤੀ ਹੈ ਤਾਂ ਆਪੇ ਬਣੇ ਗੁਰੂਆਂ ਅਤੇ ਧਰਮ-ਗੁਰੂਆਂ ਦਾ ਪਰਦਾਫਾਸ਼ ਹੋ ਗਿਆ ਹੈ। ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਅਗਸਤ 2017 'ਚ ਅਤੇ ਆਸਾ ਰਾਮ ਬਾਪੂ ਨੂੰ 2019 ਵਿਚ ਬਲਾਤਕਾਰ ਦਾ ਦੋਸ਼ੀ ਠਹਿਰਾਇਆ ਗਿਆ।

ਫਿਰ ਵੀ ਅਗਸਤ 2019 ਵਿਚ ਇਕ 23 ਸਾਲਾ ਕਾਨੂੰਨ ਦੀ ਵਿਦਿਆਰਥਣ ਲਾਪਤਾ ਹੋ ਗਈ। ਉਹ ਸਾਬਕਾ ਭਾਜਪਾ ਕੇਂਦਰੀ ਮੰਤਰੀ ਸਵਾਮੀ ਚਿਨਮਯਾਨੰਦ ਦੀ ਅਗਵਾਈ ਵਾਲੇ ਟਰੱਸਟ ਦੁਆਰਾ ਯੂ ਪੀ ਦੇ ਸ਼ਾਹਜਹਾਂਪੁਰ ਵਿਚ ਚਲਾਏ ਜਾ ਰਹੇ ਇਕ ਕਾਲਜ ਵਿਚ ਸੀ। ਉਸ ਨੇ ਇਕ ਵੀਡੀਓ ਪੋਸਟ ਪਾ ਕੇ ਚਿਨਮਯਾਨੰਦ ਉੱਪਰ ਇਕ ਸਾਲ ਤੱਕ ਜਿਨਸੀ ਸ਼ੋਸ਼ਣ ਦਾ ਦੋਸ਼ ਲਗਾਇਆ ਸੀ। ਭਾਜਪਾ ਮੰਤਰੀ ਨੂੰ ਗ੍ਰਿਫ਼ਤਾਰ ਤਾਂ ਕਰ ਲਿਆ ਗਿਆ, ਪਰ ਉਸ ਨੇ ਉਲਟਾ ਉਸ ਲੜਕੀ ਅਤੇ ਉਸ ਦੇ ਦੋਸਤਾਂ ਉੱਪਰ ਇਹ ਦੋਸ਼ ਲਾ ਕੇ ਐੱਫ.ਆਈ.ਆਰ. ਦਰਜ ਕਰਵਾ ਦਿੱਤੀ ਕਿ ਉਹ ਉਸ ਤੋਂ 5 ਕਰੋੜ ਰੁਪਏ ਫਿਰੌਤੀ ਵਸੂਲਣਾ ਚਾਹੁੰਦੇ ਸਨ। ਪੀੜਤ ਲੜਕੀ ਨੂੰ ਦੋ ਮਹੀਨੇ ਜੇਲ੍ਹ ਵਿਚ ਗੁਜ਼ਾਰਨੇ ਪਏ। ਵਿਵਾਦਾਂ ਕਾਰਨ ਭਾਜਪਾ ਨੂੰ ਚਿਨਮਯਾਨੰਦ ਨਾਲੋਂ ਨਾਤਾ ਤੋੜਨਾ ਪਿਆ, ਜੋ ਹੁਣ ਭਾਜਪਾ ਦਾ ਮੈਂਬਰ ਨਹੀਂ ਹੈ। ਮਾਰਚ 2021 ਵਿਚ ਉਸ ਨੂੰ ਦੋਸ਼ਾਂ ਤੋਂ ਬਰੀ ਕਰ ਦਿੱਤਾ ਗਿਆ ਅਤੇ ਉਸ ਉੱਪਰੋਂ ਜਿਨਸੀ ਸ਼ੋਸ਼ਣ ਦੇ ਦੋਸ਼ ਹਟਾ ਦਿੱਤੇ ਗਏ।

2020 'ਚ ਹਾਥਰਸ (ਉੱਤਰ ਪ੍ਰਦੇਸ਼) ਵਿਚ ਇਕ 19-ਸਾਲਾ ਮੁਟਿਆਰ ਕੰਮ 'ਤੇ ਜਾ ਰਹੀ ਸੀ ਜਦੋਂ ਉਸ ਨੂੰ ਪਿੰਡ ਦੇ ਉੱਚ-ਜਾਤੀ ਠਾਕੁਰਾਂ ਨੇ ਅਗਵਾ ਕਰਕੇ ਦਰਿੰਦਗੀ ਕੀਤੀ। ਰੀੜ੍ਹ ਦੀ ਹੱਡੀ ਤੋੜ ਦਿੱਤੇ ਜਾਣ ਅਤੇ ਜੀਭ ਵੱਢ ਦੇਣ ਕਾਰਨ ਜ਼ਿੰਦਗੀ-ਮੌਤ ਦੀ ਲੜਾਈ ਲੜਦਿਆਂ, ਉਸ ਨੇ ਬਹਾਦਰੀ ਨਾਲ ਉਨ੍ਹਾਂ ਚਾਰ ਸ਼ਖ਼ਸਾਂ ਦੇ ਨਾਂਅ ਲਏ ਜਿਨ੍ਹਾਂ ਨੇ ਉਸ ਨਾਲ ਬਲਾਤਕਾਰ ਕੀਤਾ ਸੀ। ਭਾਜਪਾ ਦੇ ਸਾਬਕਾ ਵਿਧਾਇਕ ਰਾਜਵੀਰ ਸਿੰਘ ਪਹਿਲਵਾਨ ਨੇ ਇਸ ਘੋਰ ਵਹਿਸ਼ੀ ਜੁਰਮ ਨੂੰ ਦਬਾਉਣ ਲਈ ਉੱਚ ਜਾਤੀ ਦੇ ਲੋਕਾਂ ਨੂੰ ਇਕਜੁੱਟ ਕੀਤਾ, ਆਰ ਐੱਸ ਐੱਸ ਅਤੇ ਇਸ ਦੇ ਸਹਿਯੋਗੀਆਂ ਨੇ ਵੀ ਇਹੀ ਕੀਤਾ। ਗਿਣ-ਮਿੱਥ ਕੇ ਪੈਦਾ ਕੀਤੇ ਇਸ ਜਨੂੰਨ ਦੇ ਮਾਹੌਲ ਵਿਚ ਨਿਰਪੱਖ ਜਾਂਚ ਨਹੀਂ ਹੋਣ ਦਿੱਤੀ ਗਈ, ਸਗੋਂ ਕਈ ਤਰੀਕਿਆਂ ਨਾਲ ਜਾਂਚ ਵਿਚ ਹੇਰਾਫੇਰੀ ਕੀਤੀ ਗਈ।

ਜਦੋਂ ਦੋ ਹਫ਼ਤਿਆਂ ਬਾਅਦ ਦਿੱਲੀ ਦੇ ਸਫਦਰਜੰਗ ਹਸਪਤਾਲ ਵਿਚ ਪੀੜਤ ਲੜਕੀ ਦੀ ਮੌਤ ਹੋ ਗਈ ਤਾਂ ਪੁਲਸ ਨੇ ਉਸ ਦੀ ਲਾਸ਼ ਦਾ ਉਸ ਦੇ ਪਰਵਾਰ ਦੀ ਸਹਿਮਤੀ ਤੋਂ ਬਿਨਾਂ ਹੀ ਜ਼ਬਰਦਸਤੀ ਸਸਕਾਰ ਕਰ ਦਿੱਤਾ। ਮੁੱਢਲੀ ਜਾਂਚ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਕਿਹਾ ਗਿਆ ਕਿ ਉਸ ਦੀ ਪੋਸਟਮਾਰਟਮ ਰਿਪੋਰਟ ਅਤੇ ਮੈਡੀਕਲ ਰਿਪੋਰਟ ਦੋਹਾਂ ਵਿਚ ਜਿਨਸੀ ਸ਼ੋਸ਼ਣ ਦਾ ਕੋਈ ਜ਼ਿਕਰ ਨਹੀਂ ਹੈ। ਰਾਜ ਸਰਕਾਰ ਨੇ ਹਾਥਰਸ ਦੇ ਪੁਲਸ ਸੁਪਰਡੈਂਟ ਤੇ ਚਾਰ ਹੋਰ ਪੁਲਸ ਕਰਮਚਾਰੀਆਂ ਨੂੰ ਮੁਅੱਤਲ ਕਰ ਦਿੱਤਾ ਅਤੇ ਹੁਕਮ ਦਿੱਤਾ ਕਿ ਪੀੜਤ ਪਰਵਾਰ ਦੇ ਮੈਂਬਰਾਂ ਦਾ ਪੌਲੀਗ੍ਰਾਫ ਟੈਸਟ ਕਰਵਾਇਆ ਜਾਵੇ। ਪ੍ਰਚਾਰ ਕਰਨ ਲਈ ਸਰਕਾਰ ਵੱਲੋਂ ਇਕ ਜਨਸੰਪਰਕ ਫਰਮ ਨੂੰ ਵੀ ਕਿਰਾਏ 'ਤੇ ਰੱਖਿਆ ਗਿਆ ਤਾਂ ਜੋ ਇਹ ਕਹਾਣੀ ਪ੍ਰਚਾਰੀ ਜਾ ਸਕੇ ਕਿ ਜਿਨਸੀ ਹਮਲਾ ਨਹੀਂ ਹੋਇਆ ਸੀ। ਇਹ ਦਿਖਾਉਣ ਲਈ ਕਿ ਸਾਰਾ ਵਿਰੋਧ ਇਕ ਅੰਤਰਰਾਸ਼ਟਰੀ ਸਾਜ਼ਿਸ਼ ਦਾ ਹਿੱਸਾ ਸੀ, ਪੁਲਸ ਨੇ ਇਕ ਵੈੱਬਸਾਈਟ ਦਾ ਹਵਾਲਾ ਦਿੱਤਾ, ਜਿਸ ਵਿਚ ਅਜਿਹੀ ਸਮੱਗਰੀ ਸੀ, ਜੋ ਅਮਰੀਕਾ ਵਿਚ ਬਲੈਕ ਲਾਈਵਜ਼ ਮੈਟਰ ਵੈੱਬਸਾਈਟ ਤੋਂ ਕਾਪੀ-ਪੇਸਟ ਕੀਤੀ ਗਈ ਸੀ।

ਹਾਥਰਸ ਦੀ ਘੇਰਾਬੰਦੀ ਕਰ ਲਈ ਗਈ ਅਤੇ ਕਿਸੇ ਨੂੰ ਵੀ ਅੰਦਰ ਨਹੀਂ ਜਾਣ ਦਿੱਤਾ ਗਿਆ, ਚਾਹੇ ਉਹ ਸਿਆਸਤਦਾਨ ਹੋਵੇ ਜਾਂ ਪੱਤਰਕਾਰ। (ਰਿਪੋਰਟਿੰਗ ਕਰਨ ਜਾ ਰਹੇ ਪੱਤਰਕਾਰ ਸਿਦੀਕ ਕੱਪਨ ਤੇ ਉਸ ਦੇ ਸਾਥੀਆਂ ਨੂੰ ਗ੍ਰਿਫ਼ਤਾਰ ਕਰਕੇ ਸਾਲਾਂ ਤੱਕ ਜੇਲ੍ਹ ਵਿਚ ਸਾੜਿਆ ਗਿਆ) ਦਲਿਤ ਔਰਤਾਂ ਅਤੇ ਸਮਲਿੰਗੀ ਵਿਅਕਤੀਆਂ ਵੱਲੋਂ ਜਾਤ ਅਧਾਰਤ ਅੱਤਿਆਚਾਰਾਂ ਉੱਪਰ ਸੁਪਰੀਮ ਕੋਰਟ ਵਿਚ ਦਾਇਰ ਇਕ ਰਿਟ ਪਟੀਸ਼ਨ ਦੇ ਬਾਵਜੂਦ, ਮਾਰਚ 2023 ਤੱਕ, ਅਨੁਸੂਚਿਤ ਜਾਤੀ/ਅਨੁਸੂਚਿਤ ਕਬੀਲੇ ਅਦਾਲਤ ਦੁਆਰਾ ਚਾਰ ਵਿੱਚੋਂ ਤਿੰਨ ਦੋਸ਼ੀਆਂ ਨੂੰ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਤੋਂ ਬਰੀ ਕਰ ਦਿੱਤਾ ਗਿਆ। ਮੁੱਖ ਦੋਸ਼ੀ ਨੂੰ ਕਤਲ ਦੀ ਬਜਾਏ ਇਰਾਦਾ ਕਤਲ ਲਈ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਕਬੀਲੇ (ਅੱਤਿਆਚਾਰਾਂ ਦੀ ਰੋਕਥਾਮ) ਰੋਕ ਦੀ ਉਲੰਘਣਾ ਆਮ ਹੋ ਗਈ ਹੈ।



ਅਜਿਹੇ ਮਾਮਲਿਆਂ ਦੀ ਜਾਂਚ ਵਿਚ ਬੇਸ਼ਰਮੀ ਨਾਲ ਹੇਰਾਫੇਰੀ ਉਨ੍ਹਾਂ ਔਰਤਾਂ ਨੂੰ ਕੋਈ ਉਤਸ਼ਾਹ ਦੇਣ ਵਾਲੀ ਨਹੀਂ, ਜੋ ਕੰਮ-ਸ਼ਕਤੀ ਦਾ ਹਿੱਸਾ ਬਣਨ ਲਈ ਘਰੋਂ ਬਾਹਰ ਨਿਕਲਣਾ ਚਾਹੁੰਦੀਆਂ ਹਨ-ਅਕਸਰ ਉਹ ਆਪਣੇ ਪਰਵਾਰਾਂ ਵਿਚ ਕਮਾਈ ਕਰਨ ਵਾਲੇ ਮੈਂਬਰਾਂ ਦੀ ਪਹਿਲੀ ਪੀੜ੍ਹੀ ਹੁੰਦੀਆਂ ਹਨ। ਸਿੱਖਿਆ, ਖੇਡਾਂ ਅਤੇ ਮਹਿਮਾਨਨਿਵਾਜ਼ੀ ਦੇ ਖੇਤਰ ਵਿਚ, ਨਿੱਜੀ ਖੇਤਰ ਵਿਚ ਤੇਜ਼ੀ ਨਾਲ ਵਧਦੇ ਕਾਰੋਬਾਰ ਬਹੁਤ ਸਾਰੀਆਂ ਔਰਤ ਕਿਰਤੀਆਂ ਲਈ ਨੁਕਸਾਨਦੇਹ ਹੀ ਰਹੇ ਹਨ।

18 ਸਤੰਬਰ 2022 ਨੂੰ 19 ਸਾਲਾ ਅੰਕਿਤਾ ਭੰਡਾਰੀ, ਜਿਸ ਨੇ ਉੱਤਰਾਖੰਡ ਵਿਚ ਰਿਸ਼ੀਕੇਸ਼ ਨੇੜੇ ਇਕ ਰਿਜ਼ੋਰਟ ਵਿਚ ਰਿਸੈਪਸ਼ਨਿਸਟ ਵਜੋਂ ਨੌਕਰੀ ਸ਼ੁਰੂ ਕੀਤੀ ਸੀ, ਦੀ ਹੱਤਿਆ ਕਰ ਦਿੱਤੀ ਗਈ। ਪੁਲਸ ਨੇ ਰਿਜ਼ੋਰਟ ਦੇ ਮਾਲਕ ਅਤੇ ਸਾਥੀਆਂ 'ਤੇ ਹੱਤਿਆ ਕਰਨ ਦਾ ਦੋਸ਼ ਲਗਾਇਆ ਹੈ। ਉਸ ਲੜਕੀ ਨੇ ਰਿਜ਼ੋਰਟ ਵਿਚ ਵੀ ਆਈ ਪੀ ਮਹਿਮਾਨਾਂ ਨੂੰ ਜਿਸਮ ਵੇਚਣ ਲਈ ਪੇਸ਼ ਹੋਣ ਤੋਂ ਇਨਕਾਰ ਕਰ ਦਿੱਤਾ ਸੀ। ਘਟਨਾ ਬਾਰੇ ਉਤਰਾਖੰਡ ਮਹਿਲਾ ਮੰਚ ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਰਿਜ਼ੋਰਟ ਨੂੰ ਜੋ ਪੁਲਸ ਦੇ ਕੰਟਰੋਲ ਵਿਚ ਸੀ, 23 ਸਤੰਬਰ ਦੀ ਰਾਤ ਨੂੰ ਅੰਸ਼ਕ ਤੌਰ 'ਤੇ ਢਾਹ ਦਿੱਤਾ ਗਿਆ, ਜਿਸ ਲਈ ਕਥਿਤ ਤੌਰ 'ਤੇ ਸਥਾਨਕ ਭਾਜਪਾ ਵਿਧਾਇਕ ਰੇਣੂ ਬਿਸਟ ਦੁਆਰਾ ਲਿਆਂਦੇ ਗਏ ਬੁਲਡੋਜ਼ਰ ਦੀ ਵਰਤੋਂ ਕੀਤੀ ਗਈ। ਸਬੂਤ ਮਿਟਾਉਣ ਦੀ ਇਹ ਕਾਰਵਾਈ ਮੁਜਰਮਾਂ ਅਤੇ ਰਾਜ ਦੇ ਅਧਿਕਾਰੀਆਂ ਵਿਚਕਾਰ ਮਿਲੀਭੁਗਤ ਵੱਲ ਇਸ਼ਾਰਾ ਕਰਦੀ ਹੈ।

ਭਾਜਪਾ ਦੀ ਹਕੂਮਤ ਵਾਲੇ ਰਾਜ ਮਨੀਪੁਰ ਵਿਚ ਹਿੰਸਾ ਘੱਟਗਿਣਤੀ ਭਾਈਚਾਰਿਆਂ ਅਤੇ ਔਰਤਾਂ ਨੂੰ ਨਿਸ਼ਾਨਾ ਬਣਾਉਣ ਵਾਲੀ ਰਾਜ ਸੱਤਾ ਅਤੇ ਬਹੁਗਿਣਤੀਵਾਦੀ ਰਾਜਨੀਤੀ ਦਾ ਨਤੀਜਾ ਸੀ। ਜੂਨ 2023 ਵਿਚ ਇਕ ਵੀਡੀਓ ਪੂਰੇ ਮੁਲਕ ਵਿਚ ਵਾਇਰਲ ਹੋਇਆ, ਜਿਸ ਵਿਚ ਦੋ ਕੁਕੀ-ਜ਼ੋ ਔਰਤਾਂ ਨੂੰ ਨਿਰਵਸਤਰ ਕਰਕੇ ਜਨਤਕ ਤੌਰ 'ਤੇ ਘੁੰਮਾਇਆ ਜਾ ਰਿਹਾ ਸੀ, ਭੀੜ ਉਨ੍ਹਾਂ ਦਾ ਪਿੱਛਾ ਕਰ ਰਹੀ ਸੀ ਅਤੇ ਉਨ੍ਹਾਂ ਦਾ ਸਮੂਹਿਕ ਬਲਾਤਕਾਰ ਕੀਤਾ ਗਿਆ। ਇਹ ਘਟਨਾ ਮਈ ਦੇ ਅੱਧ ਵਿਚ ਵਾਪਰੀ ਸੀ ਅਤੇ ਰਾਜ ਵਿਚ ਔਰਤਾਂ ਤੇ ਲੜਕੀਆਂ ਨਾਲ ਛੇੜਛਾੜ ਅਤੇ ਜਿਨਸੀ ਸ਼ੋਸ਼ਣ ਦੀਆਂ ਕਈ ਹੋਰ ਐੱਫ ਆਈ ਆਰ ਵੀ ਦਰਜ ਕੀਤੀਆਂ ਗਈਆਂ ਹਨ। ਇੰਞ ਪ੍ਰਤੀਤ ਹੁੰਦਾ ਹੈ ਕਿ ਪ੍ਰਸ਼ਾਸਨਿਕ ਤੰਤਰ ਨੇ ਇਨ੍ਹਾਂ ਘਿਣਾਉਣੇ ਜੁਰਮਾਂ ਨੂੰ ਦੇਖ ਕੇ ਅਣਡਿੱਠ ਕਰਨਾ ਪਸੰਦ ਕੀਤਾ ਹੈ।

ਸਜ਼ਾ ਦਾ ਕੋਈ ਡਰ ਨਾ ਹੋਣ ਦੀ ਸੰਸਕ੍ਰਿਤੀ ਹਿੰਦੂ ਨੌਜਵਾਨਾਂ ਵਿਚ ਜ਼ਹਿਰੀਲੀ ਮਰਦਾਨਗੀ ਨੂੰ ਹੱਲਾਸ਼ੇਰੀ ਦਿੰਦੀ ਹੈ, ਜੋ ਕਿ ਮੁਸਲਿਮ ਔਰਤਾਂ ਨੂੰ ਅਪਮਾਨਿਤ ਕਰਨ ਵਾਲੇ ਐਪਸ ਬਣਾਉਣ ਤੋਂ ਸਪੱਸ਼ਟ ਹੈ। ਇਕ ਓਪਨ-ਸੋਰਸ ਐਪ, ਸੁਲੀ ਡੀਲਜ਼, ਮੁਸਲਿਮ ਔਰਤਾਂ ਦੀ ਨਿੱਜੀ ਜਾਣਕਾਰੀ ਅਤੇ ਫੋਟੋਆਂ ਪ੍ਰਦਰਸ਼ਿਤ ਕਰਦੀ ਹੈ। 2021 ਦੇ ਅੱਧ 'ਚ ਅਜਿਹੀਆਂ 100 ਦੇ ਕਰੀਬ ਫੋਟੋਆਂ ਦੀ ਨਿਲਾਮੀ ਲਈ ਸੋਸ਼ਲ ਮੀਡੀਆ ਦੀ ਵਰਤੋਂ ਕੀਤੀ ਗਈ ਸੀ। ਜ਼ਮਾਨਤ 'ਤੇ ਰਿਹਾਅ ਹੋਣ ਤੋਂ ਪਹਿਲਾਂ ਦੋਸ਼ੀ ਨੂੰ ਕੁਝ ਮਹੀਨੇ ਹੀ ਜੇਲ੍ਹ ਵਿਚ ਬਿਤਾਉਣੇ ਪਏ ਸਨ। ਇਸ ਤੋਂ ਬਾਅਦ 2022 ਦੇ ਸ਼ੁਰੂ 'ਚ ਅਜਿਹੀ ਹੀ ਇਕ ਹੋਰ ਬੁੱਲੀ ਬਾਈ ਸ਼ੁਰੂ ਕਰ ਦਿੱਤੀ ਗਈ, ਜਿਸ ਨੇ ਸੋਸ਼ਲ ਮੀਡੀਆ ਪ੍ਰੋਫਾਈਲਾਂ ਤੋਂ ਡਾਊਨਲੋਡ ਕੀਤੀਆਂ ਫੋਟੋਆਂ ਨਾਲ ਛੇੜਛਾੜ ਕੀਤੀ ਅਤੇ ਇਨ੍ਹਾਂ ਔਰਤਾਂ ਨੂੰ ਵਿਕਣ ਲਈ "ਉਪਲੱਬਧ" ਦੇ ਰੂਪ 'ਚ ਦਰਸਾਇਆ ਗਿਆ। ਇਸ ਕਿਰਦਾਰਕੁਸ਼ੀ ਦਾ ਨਿਸ਼ਾਨਾ ਬਣਾਈਆਂ ਔਰਤਾਂ ਵਿਚ ਪ੍ਰਮੁੱਖ ਔਰਤ ਪੱਤਰਕਾਰ ਅਤੇ ਕਾਰਕੁਨ ਸ਼ਾਮਲ ਸਨ, ਜਿਨ੍ਹਾਂ ਨੇ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਦੁਆਰਾ ਲਿਆਂਦੇ ਗਏ ਨਾਗਰਿਕਤਾ ਸੋਧ ਕਾਨੂੰਨ (ਸੀ ਏ ਏ) ਦਾ ਵਿਰੋਧ ਕੀਤਾ ਸੀ।

ਇਹ ਦੇਖਣਾ ਹਾਸੋਹੀਣਾ ਹੈ ਕਿ ਸਿਆਸੀ ਤਾਕਤ ਵਾਲੇ ਲੋਕ ਹਿੰਦੂ ਅਤੇ ਮੁਸਲਮਾਨ ਦੋਹਾਂ ਫਿਰਕਿਆਂ ਦੀਆਂ ਔਰਤਾਂ ਦੇ ਰਖਵਾਲੇ ਹੋਣ ਦਾ ਮਖੌਟਾ ਪਾਉਂਦੇ ਹਨ। ਅਖੌਤੀ "ਲਵ ਜੇਹਾਦ" ਦੇ ਹੋਕਰੇ ਮਾਰ ਕੇ ਹਿੰਦੂ ਧੀਆਂ ਨੂੰ ਮੁਸਲਮਾਨ ਸ਼ਿਕਾਰੀਆਂ ਤੋਂ "ਸੁਰੱਖਿਅਤ" ਕਰਨ ਦੇ ਦਾਅਵੇ ਕੀਤੇ ਜਾ ਰਹੇ ਹਨ, ਇਕ ਨਫ਼ਰਤੀ ਮੁਹਿੰਮ ਜਿਸ ਵਿਚ ਔਰਤਾਂ ਦੀ ਸਹਿਮਤੀ, ਖ਼ੁਦਮੁਖ਼ਤਿਆਰੀ ਅਤੇ ਇੱਛਾ ਦੀ ਕੋਈ ਪ੍ਰਵਾਹ ਨਹੀਂ ਹੈ। ਨਾਲ ਦੀ ਨਾਲ ਦੂਜੇ ਪਾਸੇ ਇਹੀ ਲੋਕ ਮੁਸਲਮਾਨ ਔਰਤਾਂ ਨੂੰ ਤਿੰਨ ਤਲਾਕ ਅਤੇ ਹਿਜਾਬ ਤੋਂ "ਮੁਕਤ ਕਰਾਉਣ" ਦੇ ਠੇਕੇਦਾਰ ਬਣਦੇ ਹਨ। ਸੁਰੱਖਿਆ ਅਤੇ ਨਫ਼ਰਤ ਦੀ ਇਹ ਦੋਧਾਰੀ ਤਲਵਾਰ ਕੌਮੀ ਰਾਜਨੀਤੀ ਦਾ ਆਧਾਰ ਬਣ ਗਈ ਹੈ, ਔਰਤ ਵਿਰੋਧੀ ਨਫ਼ਰਤ ਨੂੰ ਹਵਾ ਦੇ ਰਹੀ ਹੈ ਅਤੇ ਘੱਟਗਿਣਤੀ ਭਾਈਚਾਰੇ ਨੂੰ ਦਹਿਸ਼ਤਜ਼ਦਾ ਕਰ ਰਹੀ ਹੈ।

ਬਹੁਗਿਣਤੀਵਾਦੀ ਰਾਜਨੀਤੀ, ਡੂੰਘੀ ਜੜ੍ਹਾਂ ਵਾਲੀ ਮਰਦ-ਪ੍ਰਧਾਨ ਸੱਤਾ ਅਤੇ ਰਾਜ-ਸ਼ਕਤੀ ਦਾ ਗੱਠਜੋੜ ਜੁਰਮ ਦੇ ਦੋਸ਼ੀਆਂ ਦੀ ਸੁਰੱਖਿਆ ਦੇ ਰੂਪ ਵਿਚ ਉਜਾਗਰ ਹੁੰਦਾ ਹੈ। 15 ਅਗਸਤ 2022 ਨੂੰ ਉਨ੍ਹਾਂ 11 ਦੋਸ਼ੀਆਂ ਨੂੰ ਜੇਲ੍ਹ ਤੋਂ ਰਿਹਾਅ ਕੀਤਾ ਗਿਆ, ਜਿਨ੍ਹਾਂ ਨੂੰ ਸੰਨ 2002 'ਚ ਗੁਜਰਾਤ ਵਿਚ ਬਿਲਕਿਸ ਬਾਨੋ ਦਾ ਸਮੂਹਿਕ ਬਲਾਤਕਾਰ ਕਰਨ ਅਤੇ ਉਸ ਦੇ ਪਰਵਾਰਕ ਮੈਂਬਰਾਂ ਦਾ ਕਤਲੇਆਮ ਕਰਨ ਦੇ ਮਾਮਲੇ ਵਿਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਤਲਖ਼ ਵਿਡੰਬਨਾ ਦੇ ਉਸ ਮੌਕੇ ਉਨ੍ਹਾਂ ਦਾ ਮਠਿਆਈਆਂ ਖਵਾ ਕੇ ਅਤੇ ਹਾਰ ਪਾ ਕੇ ਸਵਾਗਤ ਕੀਤਾ ਗਿਆ। ਭਾਜਪਾ ਵਿਧਾਇਕ ਸੀ.ਕੇ. ਰਾਉਲਜੀ ਨੇ ਕਿਹਾ ਕਿ ਉਹ ਤਾਂ "ਬ੍ਰਾਹਮਣ" ਹਨ ਅਤੇ "ਚੰਗੇ ਸੰਸਕਾਰਾਂ" ਵਾਲੇ ਲੋਕ ਹਨ। ਉਹ ਭਾਜਪਾ ਦੇ ਉਨ੍ਹਾਂ ਦੋ ਆਗੂਆਂ ਵਿੱਚੋਂ ਇਕ ਸੀ, ਜੋ ਗੁਜਰਾਤ ਸਰਕਾਰ ਦੇ ਉਸ ਪੈਨਲ ਦਾ ਹਿੱਸਾ ਸਨ, ਜਿਸ ਨੇ ਸਰਬਸੰਮਤੀ ਨਾਲ ਬਲਾਤਕਾਰੀਆਂ ਨੂੰ ਰਿਹਾਅ ਕਰਨ ਦਾ ਫ਼ੈਸਲਾ ਕੀਤਾ ਸੀ। ਪਿਛਲੇ ਦਿਨੀਂ ਸੁਪਰੀਮ ਕੋਰਟ ਨੇ ਗੁਜਰਾਤ ਸਰਕਾਰ ਦੇ ਫ਼ੈਸਲੇ ਨੂੰ ਰੱਦ ਕਰ ਦਿੱਤਾ ਹੈ ਅਤੇ ਸਾਰੇ ਮੁਜਰਮਾਂ ਨੂੰ ਆਤਮ-ਸਮਰਪਣ ਕਰਨ ਦਾ ਆਦੇਸ਼ ਦਿੱਤਾ ਹੈ।

ਦਿਹਾਤੀ ਹਰਿਆਣਾ ਦੀਆਂ ਮਹਿਲਾ ਪਹਿਲਵਾਨਾਂ ਨੇ ਆਲਮੀ ਮੰਚ 'ਤੇ ਆਪਣੀਆਂ ਪ੍ਰਾਪਤੀਆਂ ਨਾਲ ਭਾਰਤ ਦਾ ਨਾਂਅ ਰੌਸ਼ਨ ਕੀਤਾ। ਕਿਸੇ ਵੀ ਭਾਰਤੀ ਔਰਤ ਲਈ ਖੇਡਾਂ ਦੀ ਮਰਦ-ਪ੍ਰਧਾਨ ਦੁਨੀਆ ਵਿਚ ਅਜਿਹੀਆਂ ਬੁਲੰਦੀਆਂ 'ਤੇ ਪਹੁੰਚਣਾ ਇਕ ਸੰਘਰਸ਼ ਹੀ ਤਾਂ ਹੈ, ਪਰ ਇਹ ਸੰਘਰਸ਼ ਉਦੋਂ ਹੋਰ ਵੀ ਬਦਤਰ ਹੋ ਜਾਂਦਾ ਹੈ, ਜਦੋਂ ਸੰਘਰਸ਼ ਵਿਚ ਮਰਦ ਸ਼ਿਕਾਰੀਆਂ ਨੂੰ ਹਟਾਉਣਾ ਸ਼ਾਮਲ ਹੋ ਜਾਂਦਾ ਹੈ, ਉਸ ਸੰਸਦ ਮੈਂਬਰ (ਐੱਮ ਪੀ) ਸਮੇਤ ਜੋ ਰੈਸਲਿੰਗ ਫੈਡਰੇਸ਼ਨ ਆਫ ਇੰਡੀਆ (ਡਬਲਯੂ ਐੱਫ ਆਈ) ਦਾ ਮੁਖੀ ਸੀ।

28 ਮਈ 2023 ਨੂੰ ਜਦੋਂ ਨਵੀਂ ਪਾਰਲੀਮੈਂਟ ਇਮਾਰਤ ਦਾ ਮਹੂਰਤ ਕੀਤਾ ਜਾ ਰਿਹਾ ਸੀ, ਪੁਲਸ ਜੰਤਰ-ਮੰਤਰ ਉੱਪਰ ਡਬਲਯੂ ਐੱਫ ਆਈ ਦੇ ਖ਼ਿਲਾਫ਼ ਪ੍ਰਦਰਸ਼ਨ ਕਰ ਰਹੀਆਂ ਮਹਿਲਾ ਪਹਿਲਵਾਨਾਂ ਉੱਪਰ ਜਾ ਝਪਟੀ। ਇਹ ਦਰਸਾਉਂਦਾ ਹੈ ਕਿ ਜੁਰਮ ਦੇ ਦੋਸ਼ੀ ਵਿਅਕਤੀ ਨੂੰ ਬਚਾਉਣ ਲਈ ਸੱਤਾਧਾਰੀ ਤਾਕਤਾਂ ਮਿਲ ਕੇ ਕੰਮ ਕਰ ਸਕਦੀਆਂ ਹਨ। ਸਾਕਸ਼ੀ ਮਲਿਕ, ਜੋ ਕਿ ਭਾਜਪਾ ਸਰਕਾਰ ਦੀ 'ਬੇਟੀ ਬਚਾਓ ਬੇਟੀ ਪੜ੍ਹਾਓ' ਮੁਹਿੰਮ ਦੇ ਬਰੈਂਡ ਅੰਬੈਸਡਰਾਂ ਵਿੱਚੋਂ ਇਕ ਹੈ, ਨੇ ਐਲਾਨ ਕੀਤਾ ਕਿ ਉਹ ਇਸ ਦੇ ਰੋਸ ਵਜੋਂ ਕੁਸ਼ਤੀ ਛੱਡ ਰਹੀ ਹੈ। ਇਸ ਤੋਂ ਤੁਰੰਤ ਬਾਅਦ ਪਹਿਲਵਾਨ ਬਜਰੰਗ ਪੂਨੀਆ ਅਤੇ ਵਿਨੇਸ਼ ਫੋਗਾਟ ਨੇ ਵੀ ਰੋਸ ਵਜੋਂ ਪ੍ਰਧਾਨ ਮੰਤਰੀ ਨੂੰ ਆਪਣੇ ਕੌਮੀ ਪੁਰਸਕਾਰ ਮੋੜ ਦਿੱਤੇ।

ਮੁਜਰਮਾਂ ਦੀ ਸੰਸਥਾਗਤ ਸੁਰੱਖਿਆ/ਸਰਪ੍ਰਸਤੀ ਨਿਆਂ ਦੀ ਮੰਗ ਕਰਨ ਵਾਲੀਆਂ ਪੜ੍ਹੀਆਂ-ਲਿਖੀਆਂ ਅਤੇ ਦਲੇਰ ਔਰਤਾਂ ਲਈ ਚੋਖੀਆਂ ਰੁਕਾਵਟਾਂ ਖੜ੍ਹੀਆਂ ਕਰਦੀ ਹੈ। ਸਾਬਕਾ ਚੀਫ਼ ਜਸਟਿਸ ਰੰਜਨ ਗੋਗੋਈ ਅਤੇ ਤਹਿਲਕਾ ਦੇ ਮੁੱਖ ਸੰਪਾਦਕ ਤਰੁਣ ਤੇਜਪਾਲ ਦੋਹਾਂ ਨੂੰ ਬਰੀ ਕਰ ਦਿੱਤਾ ਗਿਆ। ਦਸੰਬਰ 2023 ਵਿਚ ਯੂ ਪੀ ਵਿਚ ਇਕ ਔਰਤ ਸਿਵਲ ਜੱਜ ਨੇ ਭਾਰਤ ਦੇ ਚੀਫ਼ ਜਸਟਿਸ ਨੂੰ ਚਿੱਠੀ ਲਿਖ ਕੇ ਇਕ ਜ਼ਿਲ੍ਹਾ ਜੱਜ ਦੇ ਵਿਰੁੱਧ ਐੱਫ ਆਈ ਆਰ ਦਰਜ ਕਰਾਉਣ ਲਈ ਮਹੀਨਿਆਂ ਤੱਕ ਸੰਘਰਸ਼ ਕਰਨ ਤੋਂ ਬਾਅਦ ਆਪਣੀ ਜ਼ਿੰਦਗੀ ਨੂੰ ਖ਼ਤਮ ਕਰਨ ਦੀ ਇੱਛਾ ਪ੍ਰਗਟ ਕੀਤੀ।

ਸਰੀਰਕ ਖ਼ੁਦਮੁਖ਼ਤਿਆਰੀ ਅਤੇ ਸਲਾਮਤੀ ਲਈ ਔਰਤਾਂ ਦੀ ਲੜਾਈ ਅਦਾਲਤ ਦੇ ਕਮਰੇ ਤੋਂ ਪਾਰ ਫੈਲੀ ਹੋਈ ਹੈ। ਵੱਖ-ਵੱਖ ਰੂਪਾਂ 'ਚ ਜਿਨਸੀ ਹਿੰਸਾ ਦੀ ਸਹਿਣਸ਼ੀਲਤਾ, ਜਨਤਕ ਹਿੱਸੇਦਾਰੀ ਤੋਂ ਪ੍ਰੇਰਿਤ ਹੁੰਦੀ ਹੈ। ਸਮਾਜ ਦੇ ਕੁਝ ਹਿੱਸੇ ਆਪਣੇ-ਆਪ ਜੱਜ ਬਣ ਜਾਂਦੇ ਹਨ, ਉਹ ਇਹ ਫ਼ੈਸਲਾ ਕਰਦੇ ਹਨ ਕਿ ਕਿਸ ਨੂੰ ਬਚਾਇਆ ਜਾਣਾ ਚਾਹੀਦਾ ਹੈ ਅਤੇ ਕਿਸ ਨੂੰ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ। ਭਾਵੇਂ ਆਗੂ ਹੋਣ ਜਾਂ ਨਾਗਰਿਕ, ਨੈਤਿਕ ਦਿਸ਼ਾ-ਨਿਰਦੇਸ਼ ਆਪਣੇ ਮਨੋਰਥ ਤੋਂ ਭਟਕ ਗਿਆ ਹੈ, ਜਿਸ ਨਾਲ ਸਾਰਿਆਂ ਦਰਮਿਆਨ ਕਾਫ਼ੀ ਭਰਮ ਪੈਦਾ ਹੋ ਗਿਆ ਹੈ।

## ਸਮੂਹਿਕ ਜ਼ਮੀਰ ਦੀਆਂ ਮਿੱਥਾਂ

ਜ਼ਰਾ ਚੇਤੇ ਕਰੋ ਕਿ ਨਿਰਭੈ ਸਮੂਹਿਕ ਬਲਾਤਕਾਰ ਦੇ ਛੇ ਵਿੱਚੋਂ ਚਾਰ ਦੋਸ਼ੀਆਂ ਨੂੰ 20 ਮਾਰਚ 2020 ਦੇ ਤੜਕੇ ਕਿਵੇਂ ਫਾਂਸੀ ਦਿੱਤੀ ਗਈ ਸੀ? ਸੁਪਰੀਮ ਕੋਰਟ ਨੇ ਇਸ ਕੇਸ ਨੂੰ, ਜਿਸ ਬਾਰੇ ਕਿਹਾ ਗਿਆ ਕਿ ਇਸ ਨੇ ਸਮਾਜ ਦੀ ਸਮੂਹਿਕ ਜ਼ਮੀਰ ਨੂੰ ਝੰਜੋੜਿਆ ਹੈ, ਨੂੰ "ਦੁਰਲੱਭ ਵਿੱਚੋਂ ਵੀ ਦੁਰਲੱਭ" ਮਾਮਲਾ ਕਰਾਰ ਦਿੱਤਾ। ਕਾਰਗਰ ਨਿਆਂ ਪ੍ਰਣਾਲੀ ਅਤੇ ਤੇਜ਼ ਰਫ਼ਤਾਰ ਮੁਕੱਦਮੇ ਦੀ ਅਣਹੋਂਦ 'ਚ, ਫਾਂਸੀ ਦੀ ਸਜ਼ਾ ਰਾਜ ਦੇ ਹੱਥਾਂ ਵਿਚ ਇਕ ਹਥਿਆਰ ਬਣ ਜਾਂਦੀ ਹੈ। ਇਹ ਡਰੀ ਹੋਈ ਜਨਤਾ ਨੂੰ ਖ਼ੁਸ਼ ਕਰਨ ਲਈ ਉਪਯੋਗੀ ਹੋ ਸਕਦਾ ਹੈ, ਪਰ ਸਟੇਟ ਆਪਣੀਆਂ ਔਰਤ ਨਾਗਰਿਕਾਂ ਦੀ ਸੁਰੱਖਿਆ ਲਈ ਉਚਿਤ ਪ੍ਰਕਿਰਿਆ ਦੀ ਪਾਲਣਾ ਕਰਨ ਦਾ ਆਪਣਾ ਸੰਵਿਧਾਨਕ ਤੌਰ 'ਤੇ ਲਾਜ਼ਮੀ ਫਰਜ਼ ਤਿਆਗ ਦਿੰਦਾ ਹੈ। ਔਰਤਾਂ ਦੇ ਸਮੂਹਾਂ ਨੇ ਬਦਲਾ ਲੈਣ ਵਾਲੇ ਨਿਆਂ ਦਾ ਹਮੇਸ਼ਾ ਵਿਰੋਧ ਕੀਤਾ ਹੈ ਅਤੇ ਜਮਹੂਰੀ ਅਧਿਕਾਰਾਂ ਦੀ ਲਹਿਰ ਫਾਂਸੀ ਦੀ ਸਜ਼ਾ ਨੂੰ ਖ਼ਤਮ ਕਰਨ ਲਈ ਦ੍ਰਿੜ੍ਹ ਹੈ। ਜਿੰਨਾ ਚਿਰ ਇਹ ਕਾਨੂੰਨ ਦੀਆਂ ਕਿਤਾਬਾਂ ਵਿਚ ਰਹੇਗੀ, ਜਿਨਸੀ ਹਮਲੇ ਦੀ ਸਜ਼ਾ ਵਜੋਂ ਇਸ ਦੀ ਵਰਤੋਂ ਕਰਨਾ ਇਕ ਅਸਪੱਸ਼ਟ ਖੇਤਰ ਹੋਵੇਗਾ। ਇਹ ਸਮੂਹਿਕ ਜ਼ਮੀਰ ਕਿਸ ਦੇ ਇਸ਼ਾਰੇ 'ਤੇ ਘੜੀ ਜਾ ਰਹੀ ਹੈ? ਉਸ ਸਮਾਜ ਵਿਚ ਕਿਸ ਲੋਕਾਚਾਰ ਨੂੰ ਮਨਜ਼ੂਰੀ ਮਿਲ ਰਹੀ ਹੈ ਜਿੱਥੇ ਮੱਧਯੁਗੀ ਲਾਲਸਾ 'ਚ ਗੁੱਸਿਆ ਅਵਾਮ ਬਦਲਾ-ਲਊ ਸਜ਼ਾ ਦੀ ਮੰਗ ਕਰ ਰਿਹਾ ਹੈ?

ਇਹ ਵੀ ਓਨਾ ਹੀ ਬੇਚੈਨ ਕਰਨ ਵਾਲਾ ਹੈ, ਜਦੋਂ ਅਵਾਮ ਵੱਲੋਂ ਗ਼ੈਰ-ਨਿਆਇਕ ਕਤਲਾਂ ਰਾਹੀਂ, ਜਿਨ੍ਹਾਂ ਨੂੰ ਮੁਕਾਬਲੇ ਦਾ ਨਾਂਅ ਦਿੱਤਾ ਜਾਂਦਾ ਹੈ, ਦੋਸ਼ੀਆਂ ਨੂੰ ਮਾਰ ਮੁਕਾਉਣ ਦੀ ਜੈ-ਜੈਕਾਰ ਕੀਤੀ ਜਾਂਦੀ ਹੈ। ਨਵੰਬਰ 2019 ਵਿਚ, ਤੇਲੰਗਾਨਾ ਸਰਕਾਰ ਨੇ ਹੈਦਰਾਬਾਦ ਵਿਚ ਇਕ 26 ਸਾਲਾ ਵੈਟਰਨਰੀ ਡਾਕਟਰ ਦਾ ਜਿਨਸੀ ਸ਼ੋਸ਼ਣ ਕਰਨ ਦੇ ਚਾਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਸੀ। ਲੋਕਾਂ ਦੇ ਰੋਹ ਦੇ ਜਵਾਬ ਵਿਚ, ਰਾਜ ਸਰਕਾਰ ਨੇ ਇਕ ਫਾਸਟ ਟਰੈਕ ਅਦਾਲਤ ਸਥਾਪਤ ਕਰਨ ਦੇ ਆਦੇਸ਼ ਦਿੱਤੇ। ਹਾਲਾਂਕਿ ਅਗਲੇ ਹੀ ਦਿਨ ਚਾਰਾਂ ਦੋਸ਼ੀਆਂ ਨੂੰ ਪੁਲਸ ਨੇ ਘਟਨਾ ਵਾਲੀ ਥਾਂ 'ਤੇ ਲਿਜਾ ਕੇ ਗੋਲੀ ਮਾਰ ਦਿੱਤੀ। ਪੁਲਸ ਅਨੁਸਾਰ ਜਦੋਂ ਮੁਲਜ਼ਮਾਂ ਨੂੰ ਉੱਥੇ ਲਿਜਾ ਕੇ ਅਪਰਾਧ ਦਾ ਦ੍ਰਿਸ਼ ਮੁੜ ਦੁਹਰਾਉਣ ਦੀ ਕੋਸ਼ਿਸ਼ ਕੀਤੀ ਗਈ ਤਾਂ ਮੁਲਜ਼ਮਾਂ ਨੇ ਉਨ੍ਹਾਂ ਦੀਆਂ ਬੰਦੂਕਾਂ ਖੋਹ ਲਈਆਂ ਅਤੇ ਪੁਲਸ ਪਾਰਟੀ ਨੂੰ ਸਵੈ-ਰੱਖਿਆ ਵਿਚ ਉਨ੍ਹਾਂ ਨੂੰ ਮਾਰਨ ਲਈ ਮਜਬੂਰ ਹੋਣਾ ਪਿਆ। ਲੋਕਾਂ ਦੇ ਇਕ ਹਿੱਸੇ ਨੇ ਪੁਲਸ ਮੁਲਾਜ਼ਮਾਂ ਉੱਪਰ ਗੁਲਾਬ ਦੇ ਫੁੱਲ ਵਰਸਾਏ ਅਤੇ ਉਨ੍ਹਾਂ ਨੂੰ ਸ਼ਾਬਾਸ਼ ਦਿੰਦਿਆਂ ਜੈਕਾਰੇ ਲਾਏ, ਜਦਕਿ ਚਾਰ ਦੋਸ਼ੀਆਂ ਦੇ ਮੁਕਾਬਲੇ ਦੀ ਜਾਂਚ ਲਈ ਸੁਪਰੀਮ ਕੋਰਟ ਦੁਆਰਾ ਬਣਾਏ ਗਏ ਜਸਟਿਸ ਵੀਐੱਸ ਸਿਰਪੁਰਕਰ ਕਮਿਸ਼ਨ ਨੇ ਸਿੱਟਾ ਕੱਢਿਆ ਕਿ ਪੁਲਸ ਨੇ "ਮਾਰਨ ਦੇ ਇਰਾਦੇ ਨਾਲ" ਜਾਣਬੁੱਝ ਕੇ ਦੋਸ਼ੀਆਂ 'ਤੇ ਗੋਲੀ ਚਲਾਈ ਸੀ।

ਔਰਤਾਂ ਵਿਰੁੱਧ ਜੁਰਮਾਂ ਦੇ ਜਵਾਬ ਵਜੋਂ "ਮੁਕਾਬਲਿਆਂ" ਵਿਚ ਕਤਲਾਂ ਦਾ ਇਹ ਗੁਣਗਾਨ ਇਸ ਗੱਲ ਤੋਂ ਧਿਆਨ ਹਟਾਉਂਦਾ ਹੈ ਕਿ ਰਾਜ ਨੂੰ ਕਿਵੇਂ ਹੱਲਾਸ਼ੇਰੀ ਦਿੱਤੀ ਜਾ ਰਹੀ ਹੈ। ਜਿਵੇਂ ਕਿ ਜਿਨਸੀ ਹਿੰਸਾ ਅਤੇ ਰਾਜ ਦੇ ਜਬਰ ਵਿਰੁੱਧ ਔਰਤਾਂ ਨਾਂਅ ਦੇ ਸਮੂਹ ਨੇ ਦੱਸਿਆ ਹੈ, ਲਾਰੀ ਵਰਕਰਾਂ ਨੂੰ ਫਾਂਸੀ ਅਤੇ ਕਤਲ ਦੀ ਮੰਗ ਕਰਨਾ ਸੌਖਾ ਹੈ, ਪਰ ਉਨ੍ਹਾਂ ਬਹੁਤ ਸਾਰੇ ਪਿਓਆਂ, ਚਾਚਿਆਂ, ਭਰਾਵਾਂ, ਧਰਮ ਗੁਰੂਆਂ ਅਤੇ ਸੁਰੱਖਿਆ ਬਲਾਂ ਤੇ ਫ਼ੌਜ ਵਾਲਿਆਂ ਬਾਰੇ ਕੀ ਕਹਿਣਾ ਹੈ, ਜੋ ਕਾਨੂੰਨੀ ਅਤੇ ਸਮਾਜਿਕ ਸੁਰੱਖਿਆ ਦੁਆਰਾ ਉਨ੍ਹਾਂ ਨੂੰ ਦਿੱਤੀ ਸਜ਼ਾ ਤੋਂ ਮੁਕਤੀ ਕਾਰਨ ਬੇਖ਼ੌਫ਼ ਹੋ ਕੇ ਬਲਾਤਕਾਰ ਕਰਦੇ ਹਨ? ਸਮੂਹਿਕ ਜ਼ਮੀਰ ਇਹ ਦੱਸਦੀ ਹੈ ਕਿ ਕਿਸ ਨੂੰ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ : ਝੁੱਗੀ-ਝੌਂਪੜੀ ਵਾਲਿਆਂ ਅਤੇ ਕਿਰਤੀਆਂ ਨੂੰ, ਪਰ ਧਰਮ ਗੁਰੂਆਂ, ਅਕਾਦਮਿਕਾਂ, ਕਾਨੂੰਨਦਾਨਾਂ ਜਾਂ ਰਾਜਨੀਤਕ ਬਾਹੂਬਲੀਆਂ ਨੂੰ ਨਹੀਂ। ਇੱਥੇ ਸਿਰਫ਼ ਰਾਜ ਜਾਂ ਨਿਆਂ ਪ੍ਰਣਾਲੀ ਦੇ ਤਾਕਤਵਰਾਂ ਦੇ ਪੱਖ ਵਿਚ ਹੋਣ ਤੋਂ ਇਲਾਵਾ ਹੋਰ ਵੀ ਬਹੁਤ ਕੁਝ ਹੈ।

ਇਸ ਸਮੂਹਿਕ ਜ਼ਮੀਰ ਦੇ ਗੰਭੀਰ ਨਤੀਜਿਆਂ ਵਿੱਚੋਂ ਇਕ ਹੈ ਬਲਾਤਕਾਰੀਆਂ ਨੂੰ ਸੰਤ ਦਾ ਰੁਤਬਾ ਦੇਣ ਦੀ ਸ਼ਰਧਾ, ਉਨ੍ਹਾਂ ਦੇ ਜੁਰਮਾਂ ਨੂੰ ਮੰਨਣ ਤੋਂ ਇਨਕਾਰੀ ਹੋ ਜਾਂਦੀ ਹੈ। 2013 'ਚ ਆਸਾ ਰਾਮ ਬਾਪੂ 'ਤੇ ਦੋਸ਼ ਲੱਗਣ ਤੋਂ ਲੈ ਕੇ 2018 'ਚ ਦੋਸ਼ੀ ਠਹਿਰਾਏ ਜਾਣ ਤੱਕ ਦਿੱਲੀ ਦੇ ਜੰਤਰ-ਮੰਤਰ ਅਤੇ ਹੋਰ ਥਾਵਾਂ 'ਤੇ ਵੱਡੀ ਗਿਣਤੀ 'ਚ ਔਰਤਾਂ ਸਮੇਤ ਉਨ੍ਹਾਂ ਦੇ ਪੈਰੋਕਾਰਾਂ ਵੱਲੋਂ ਲਗਾਤਾਰ ਧਰਨੇ ਦਿੱਤੇ ਗਏ। ਅਜਿਹੇ ਧਰਮ-ਗੁਰੂ ਪੈਰੋਲ 'ਤੇ ਲੰਮਾ ਸਮਾਂ ਬਿਤਾਉਂਦੇ ਹਨ, ਇੱਥੋਂ ਤੱਕ ਕਿ ਮੰਤਰੀ ਅਤੇ ਉੱਚ ਨੌਕਰਸ਼ਾਹ ਵੀ ਉਨ੍ਹਾਂ ਨੂੰ ਮਿਲਣ ਆਉਂਦੇ ਹਨ। ਆਓ, ਜਨਤਕ ਨੈਤਿਕਤਾ ਨੂੰ ਸਮਝਣ ਦੀ ਕੋਸ਼ਿਸ਼ ਕਰੀਏ, ਜੋ ਇਸ ਸਮੂਹਿਕ ਜ਼ਮੀਰ ਬਾਰੇ ਜਾਣਕਾਰੀ ਦਿੰਦੀ ਹੈ।

ਸਮਾਜ-ਵਿਗਿਆਨਕ ਮਾਇਨਿਆਂ 'ਚ, ਇਕ ਸਮੂਹਿਕ ਜ਼ਮੀਰ ਉਦੋਂ ਉੱਭਰੀ ਸਮਝੀ ਜਾਂਦੀ ਹੈ, ਜਦੋਂ ਨੈਤਿਕ ਤੌਰ 'ਤੇ ਘੱਟ ਆਲੋਚਨਾਤਮਕ ਸਮਾਜਾਂ ਨੇ ਹੌਲੀ-ਹੌਲੀ ਕੁਝ ਬੁਨਿਆਦੀ ਵਿਸ਼ਵਾਸਾਂ ਅਤੇ ਸਿਧਾਂਤਾਂ ਨੂੰ ਵਿਕਸਤ ਕੀਤਾ, ਜਿਸ ਦੀ ਉਨ੍ਹਾਂ ਨੇ ਸਮੂਹਿਕ ਤੌਰ 'ਤੇ ਸਰਵਉੱਚ ਆਮ ਭਲਾਈ ਦੇ ਰੂਪ ਵਿਚ ਪੁਸ਼ਟੀ ਕੀਤੀ। ਪ੍ਰਚਲਿਤ ਸਮਾਜਿਕ ਅਤੇ ਸੱਭਿਆਚਾਰਕ ਲੋਕਧਾਰਾ ਵਿਚ, ਬਹੁਗਿਣਤੀਵਾਦੀ ਏਜੰਡੇ ਦੇ ਅਨੁਸਾਰੀ ਇਕ ਬਦਲੀ ਹੋਈ ਸਮੂਹਿਕ ਜ਼ਮੀਰ ਦਾ ਨਿਰਮਾਣ ਹੁੰਦਾ ਹੈ। ਇਹ "ਦੂਜੇ" ਨੂੰ ਜ਼ਖ਼ਮੀ ਕਰਨ, ਨੁਕਸਾਨ ਪਹੁੰਚਾਉਣ ਅਤੇ ਉਸ ਦੀ ਕਦਰ ਨੂੰ ਘਟਾਉਣ ਰਾਹੀਂ ਕੀਤਾ ਜਾ ਰਿਹਾ ਹੈ।

ਖ਼ਾਸ ਮਨੋਰਥ ਨਾਲ ਬਣਾਈ ਗਈ ਸਮੂਹਿਕ ਜ਼ਮੀਰ ਬਹੁਗਿਣਤੀ ਦੀ ਇੱਛਾ 'ਤੇ ਚੱਲਦੀ ਹੈ। ਸੰਵਿਧਾਨ ਦੀ ਪ੍ਰਸਤਾਵਨਾ "ਅਸੀਂ ਲੋਕ" ਦੀ ਪੁਸ਼ਟੀ ਕਰਦੀ ਹੈ, ਪਰ ਬਹੁਗਿਣਤੀਵਾਦ ਦੀ ਚੜ੍ਹਤ "ਦੂਜੇ" ਲਈ ਨਿਯਮਾਂ ਅਤੇ ਕਾਨੂੰਨਾਂ ਨੂੰ ਖ਼ਤਮ ਕਰ ਰਹੀ ਹੈ। ਸਮੂਹਿਕ ਜ਼ਮੀਰ ਦੀ ਅੱਜ ਦੀ ਪੁਨਰ-ਰਚਨਾ ਨੂੰ ਮੁਖ਼ਾਤਬ ਹੋਣ ਲਈ ਹਰ ਵਾਰ ਚਲਾਕੀ ਨਾਲ ਉਭਾਰੇ ਗਏ ਜਨੂੰਨ ਦੇ ਪਹਿਲੂਆਂ ਨੂੰ ਸਮਝਣ ਦੀ ਲੋੜ ਹੈ। ਜੇਕਰ ਦੋਸ਼ੀ ਮੁਸਲਿਮ ਜਾਂ ਦਲਿਤ ਜਾਂ ਲਾਰੀ ਮੁਲਾਜ਼ਮ ਹੈ ਅਤੇ ਪ੍ਰਭਾਵਿਤ ਸਵਰਣ ਹੈ, ਤਾਂ ਸਮੂਹਿਕ ਜ਼ਮੀਰ ਜਾਗ ਉੱਠਦੀ ਹੈ ਅਤੇ ਇਹ ਸਖ਼ਤ ਸਜ਼ਾ ਦੀ ਮੰਗ ਕਰਦੀ ਹੈ। ਹਾਲਾਂਕਿ ਜੇਕਰ ਦੋਸ਼ੀ ਇਕ ਸਵਰਣ, ਇਕ ਧਰਮ-ਗੁਰੂ, ਬੁਲਡੋਜ਼ਰ ਰਾਜ, ਚਰਚ ਦੀ ਤੋੜਫੋੜ ਕਰਨ ਵਾਲਾ ਹਿੰਦੂ ਜਾਂ ਇਕ ਭਗਵਾਂ ਕਾਨੂੰਨ ਘਾੜਾ ਹੈ ਅਤੇ ਪੀੜਤ ਵਿਅਕਤੀ ਇਕ ਮੁਸਲਮਾਨ, ਦਲਿਤ ਜਾਂ ਆਦਿਵਾਸੀ ਹੈ, ਤਾਂ ਉਹੀ ਸਮੂਹਿਕ ਜ਼ਮੀਰ ਮੁਜਰਿਮ ਨੂੰ ਬਰੀ ਕਰ ਦਿੰਦੀ ਹੈ।

ਇਸ ਤੋਂ ਇਲਾਵਾ ਜੇਕਰ ਦੋਸ਼ੀ ਅਤੇ ਪੀੜਤ ਦੋਵੇਂ ਹੀ ਸਵਰਣ ਹਨ, ਜਿਵੇਂ ਕਿ ਖੋਜਕਰਤਾਵਾਂ ਜਾਂ ਕਾਨੂੰਨ ਦੇ ਸਿਖਾਂਦਰੂਆਂ ਅਤੇ ਪੱਤਰਕਾਰਾਂ ਜਾਂ ਅਦਾਲਤ ਦੇ ਮੁਲਾਜ਼ਮਾਂ ਦੇ ਮਾਮਲੇ ਵਿਚ ਹੁੰਦਾ ਹੈ, ਤਾਂ ਸ਼ਕਤੀ ਦੇ ਸਟੈਂਡਰਡ ਨਿਖੇੜੇ ਮਰਦ-ਪ੍ਰਧਾਨ ਅਤੇ ਜਮਾਤੀ ਧੌਂਸ ਅਨੁਸਾਰ ਕੰਮ ਕਰਦੇ ਹਨ। ਦੂਜੇ ਨੂੰ ਦਬਾਉਣ ਦੇ ਉਦੇਸ਼ ਵਾਲੀਆਂ ਇਹ ਰਣਨੀਤੀਆਂ ਹਰ ਜਗ੍ਹਾ ਲਾਗੂ ਕੀਤੀਆਂ ਜਾਂਦੀਆਂ ਹਨ, ਰਾਜ ਦੀਆਂ ਸੰਸਥਾਵਾਂ ਅਤੇ ਨਿਆਂਪਾਲਿਕਾ ਤੋਂ ਲੈ ਕੇ ਮੀਡੀਆ ਹਾਊਸਾਂ ਅਤੇ ਵਿਦਿਅਕ ਅਦਾਰਿਆਂ ਤੱਕ। ਇਸ ਤਰ੍ਹਾਂ ਸਮੂਹਿਕ ਜ਼ਮੀਰ ਦਾ ਰਸਾਇਣ-ਵਿਗਿਆਨ ਸ਼ੱਕੀ, ਮਨਘੜਤ ਅਤੇ ਸਵਾਰਥੀ ਹੈ। ਜਿਨਸੀ ਜੁਰਮਾਂ ਉੱਪਰ ਹਲਕੀਆਂ ਟਿੱਪਣੀਆਂ ਕਰਨਾ ਜਵਾਬਦੇਹੀ ਜਾਂ ਜ਼ਿੰਮੇਵਾਰੀ ਨੂੰ ਤਿਲਾਂਜਲੀ ਦੇਣ ਦਾ ਮਖੌਟਾ ਹੈ। ਜਨਤਕ ਖੇਤਰ (ਡੋਮੇਨ) ਵਿਚ ਕੀਤੇ ਗਏ ਨਿਰੀਖਣਾਂ ਵਿਚ ਜੀਨਾਂ ਪਾਉਣ ਤੋਂ ਲੈ ਕੇ ਚਾਉ ਮੀਨ ਖਾਣ ਤੱਕ ਨੂੰ ਬਲਾਤਕਾਰ ਦਾ ਕਾਰਨ ਦੱਸਿਆ ਗਿਆ ਹੈ। ਯੂ ਪੀ ਮਹਿਲਾ ਕਮਿਸ਼ਨ ਦੀ ਇਕ ਮੈਂਬਰ ਨੇ ਟਿੱਪਣੀ ਕੀਤੀ ਕਿ ਜਿਨਸੀ ਸ਼ੋਸ਼ਣ ਵਧਣ ਦਾ ਮੁੱਖ ਕਾਰਨ ਮੋਬਾਇਲ ਫ਼ੋਨ ਹੈ। ਮੁੱਖ ਧਾਰਾ ਦੇ ਮੀਡੀਆ ਦਾ ਇਕ ਵੱਡਾ ਹਿੱਸਾ ਇਨ੍ਹਾਂ ਔਰਤ ਵਿਰੋਧੀ ਅਪਮਾਨਜਨਕ ਟਿੱਪਣੀਆਂ ਨੂੰ ਚਮਕਾ ਕੇ ਪੇਸ਼ ਕਰਨ ਲਈ ਹਮੇਸ਼ਾ ਤਿਆਰ ਰਹਿੰਦਾ ਹੈ। ਇਹ ਅੱਧੇ-ਅਧੂਰੇ ਸੱਚ ਅਤੇ ਝੂਠ ਦੇ ਪ੍ਰਚਾਰ ਵਿਚ ਵੀ ਭੂਮਿਕਾ ਨਿਭਾਉਂਦਾ ਹੈ, ਜੋ ਨਿਰਪੱਖ ਮੁਕੱਦਮੇ ਦੀ ਸੰਭਾਵਨਾ ਨੂੰ ਖ਼ਤਮ ਕਰਦਾ ਹੈ।

ਸਜ਼ਾ ਤੋਂ ਛੋਟ ਸੰਸਦ ਦੇ ਸੈਸ਼ਨਾਂ ਵਿਚ ਰਾਜਨੀਤਕ ਨੇਤਾਵਾਂ ਦੀ ਸਰਵ-ਵਿਆਪਕ ਦੂਸ਼ਣਬਾਜ਼ੀ ਵਿਚ ਮਚੀ ਅਫ਼ਰਾ-ਤਫਰੀ ਨਾਲ ਸੰਚਾਲਤ ਹੁੰਦੀ ਹੈ। ਉਸ ਅਰਾਜਕਤਾ ਨੂੰ ਯਾਦ ਕਰੋ ਜਦੋਂ ਜੁਲਾਈ 2023 'ਚ ਮਾਨਸੂਨ ਸੈਸ਼ਨ ਸ਼ੁਰੂ ਹੋਇਆ ਅਤੇ ਵਿਰੋਧੀ ਧਿਰ ਨੇ ਮਨੀਪੁਰ ਵਿਚ ਜਾਰੀ ਹਿੰਸਾ ਉੱਪਰ ਚਰਚਾ ਦੀ ਮੰਗ ਕੀਤੀ। ਜਦੋਂ ਕਾਂਗਰਸ ਦੇ ਆਗੂ ਮਲਿਕਾਅਰਜੁਨ ਖੜਗੇ ਨੇ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਭਾਰਤੀ ਲੋਕਤੰਤਰ ਦੀਆਂ ਜੜ੍ਹਾਂ ਖੋਖਲੀਆਂ ਕਰ ਦੇਵੇਗਾ ਰਾਜਨੀਤੀ ਨਾਲ ਜੱਜਾਂ ਦਾ ਏਦਾਂ ਦਾ ਮੋਹ

## ਦ੍ਰਿਸ਼ਟੀਕੋਣ

### ਜਤਿੰਦਰ ਪਨੂੰ

ਕਿਸੇ ਵੀ ਦੇਸ਼ ਵਿੱਚ ਜਦੋਂ ਕੋਈ ਹੋਰ ਰਾਹ ਨਾ ਦਿੱਸਦਾ ਹੋਵੇ ਤਾਂ ਆਮ ਲੋਕਾਂ ਵਾਸਤੇ ਆਸ ਦੀ ਆਖਰੀ ਕਿਰਨ ਨਿਆਂ ਪਾਲਿਕਾ ਦਾ ਦਰਵਾਜ਼ਾ ਮੰਨਿਆ ਜਾਂਦਾ ਹੈ। ਲੋਕਤੰਤਰ ਨੂੰ ਅੱਜ ਦੇ ਯੁੱਗ ਵਿੱਚ ਜਦੋਂ ਸਾਰੇ ਸੰਸਾਰ ਦੇ ਦੇਸ਼ਾਂ ਵਿੱਚ ਆਦਰਸ਼ ਰਾਜ-ਪ੍ਰਬੰਧਕੀ ਸਿਸਟਮ ਕਿਹਾ ਜਾਂਦਾ ਹੈ, ਇਸ ਰਾਜ-ਪ੍ਰਬੰਧ ਦੇ ਅੰਦਰ ਵੀ ਬਹੁਤ ਸਾਰੇ ਕੰਮਾਂ ਲਈ 'ਲੋਕਾਂ ਵੱਲੋਂ ਲੋਕਾਂ ਲਈ' ਚੁਣੀਆਂ ਸਰਕਾਰਾਂ ਅਸਲ ਵਿੱਚ ਲੋਕਾਂ ਲਈ ਕੰਮ ਕਰਨ ਦੀ ਥਾਂ ਆਪਣੇ ਹਿੱਤਾਂ ਜਾਂ ਆਪਣੇ ਲੋਕਾਂ ਦੇ ਹਿੱਤਾਂ ਖਾਤਰ ਲੋਕਾਂ ਦਾ ਘਾਤ ਕਰਨ ਦੇ ਰਾਹ ਪੈ ਜਾਣ ਤਾਂ ਅੰਤਮ ਦਰ ਨਿਆਂ ਪਾਲਿਕਾ ਦਾ ਹੀ ਰਹਿੰਦਾ ਹੈ। ਇਸ ਵਕਤ ਕਈ ਘਾਤਕ ਰੋਗਾਂ ਦੇ ਸ਼ਿਕਾਰ ਹੋ ਚੁੱਕੇ ਭਾਰਤੀ ਲੋਕਤੰਤਰ ਵਿੱਚ ਜਦੋਂ ਸਰਕਾਰਾਂ, ਕੇਂਦਰ ਵਾਲੀ ਸਰਕਾਰ ਵੀ ਤੇ ਰਾਜਾਂ ਵਾਲੀਆਂ ਵੀ ਆਮ ਲੋਕਾਂ ਨੂੰ ਟਿੱਚ ਜਾਣਨ ਲੱਗ ਪਈਆਂ ਤਾਂ ਲੋਕਾਂ ਦੀ ਆਸ ਦੀ ਆਖਰੀ ਕਿਰਨ ਬਣ ਸਕਦਾ ਨਿਆਂ ਦਾ ਖੇਤਰ ਵੀ ਉਨ੍ਹਾਂ ਦੀ ਆਸ ਨੂੰ ਨਿਰਾਸ਼ਤਾ ਵਿੱਚ ਬਦਲਣ ਵਾਲਾ ਬਣਦਾ ਜਾਂਦਾ ਹੈ। ਜੱਜ ਸਾਹਿਬਾਨ ਤੋਂ ਜਿਸ ਨਿਰਪੱਖਤਾ ਦੀ ਅਸੀਂ ਆਸ ਰੱਖਦੇ ਹਾਂ ਤੇ ਰੱਖਣੀ ਵੀ ਚਾਹੀਦੀ ਹੈ, ਉਸ ਨੂੰ ਢਾਹ ਲੱਗਦੀ ਪਈ ਹੈ ਅਤੇ ਇਹ ਢਾਹ ਖੁਦ ਅਦਾਲਤਾਂ ਵਿੱਚ ਬੈਠ ਕੇ ਸਰਕਾਰਾਂ ਤੋਂ ਭਵਿੱਖ ਦੀ ਵੱਡੀ ਝਾਕ ਰੱਖਣ ਵਾਲੇ ਜੱਜਾਂ ਦੇ ਕਿਰਦਾਰ ਨਾਲ ਲੱਗਦੀ ਪਈ ਹੈ। ਭਾਰਤ ਦੇਸ਼ ਦੇ ਢਾਂਚੇ ਵਿੱਚ ਸੁਪਰੀਮ ਕੋਰਟ ਤੇ ਸਾਰੀਆਂ ਹਾਈ ਕੋਰਟਾਂ ਨੂੰ ਉੱਚ ਨਿਆਂ ਪਾਲਿਕਾ ਮੰਨਿਆ ਜਾਂਦਾ ਤੇ ਉਨ੍ਹਾਂ ਕੋਲੋਂ ਆਸ ਰੱਖੀ ਜਾਂਦੀ ਹੈ ਕਿ ਉਹ ਜ਼ਿਲ੍ਹਾ ਪੱਧਰ ਤੇ ਉਸ ਤੋਂ ਹੇਠਲੀਆਂ ਅਦਾਲਤਾਂ ਵਿੱਚ ਬੈਠੇ ਜੱਜਾਂ ਲਈ ਮਿਸਾਲ ਪੇਸ਼ ਕਰਦੀਆਂ ਹੋਣਗੀਆਂ। ਪਿਛਲੇ ਦਿਨੀਂ, ਤੇ ਵੱਧ ਠੀਕ ਕਹੀਏ ਤਾਂ ਪਿਛਲੇ ਸਾਲਾਂ ਵਿੱਚ ਕੁਝ ਇਹੋ ਜਿਹੀਆਂ ਮਿਸਾਲਾਂ ਲੋਕਾਂ ਸਾਹਮਣੇ ਆਈਆਂ ਹਨ, ਜਿਨ੍ਹਾਂ ਦੇ ਕਾਰਨ ਜੱਜਾਂ ਦੀ ਨਿਰਪੱਖਤਾ ਬਾਰੇ ਵੀ ਸ਼ੱਕ ਪੈਦਾ ਹੋਣ ਲੱਗ ਸਕਦੇ ਹਨ।

ਬਹੁ-ਚਰਚਿਤ ਮਾਮਲਾ ਸੁਪਰੀਮ ਕੋਰਟ ਦੇ ਚੀਫ ਜਸਟਿਸ ਰੰਜਨ ਗੋਗੋਈ ਦਾ ਸੀ, ਜਿਨ੍ਹਾ ਦੇਸ਼ ਦੇ ਅਦਾਲਤੀ ਇਤਹਾਸ ਵਿੱਚ ਪਹਿਲੀ ਵਾਰ ਕੁਝ ਜੱਜ ਨਾਲ ਲੈ ਕੇ ਆਪਣੇ ਚੀਫ ਜਸਟਿਸ ਵਿਰੁੱਧ ਪ੍ਰੈੱਸ ਕਾਨਫਰੰਸ ਕੀਤੀ ਅਤੇ ਸਿੱਧੇ ਦੋਸ਼ ਲਾਏ ਸਨ। ਸਰਕਾਰਾਂ ਦੀ ਅੱਖ ਵਿੱਚ ਰੜਕਦੇ ਫੈਸਲੇ ਦੇਣ ਵਾਲੇ ਜਸਟਿਸ ਰੰਜਨ ਗੋਗੋਈ ਨੂੰ ਜਦੋਂ ਭਾਰਤ ਦਾ ਮੁੱਖ ਜੱਜ ਬਣਨ ਦਾ ਮੌਕਾ ਮਿਲਿਆ ਤਾਂ ਉਨ੍ਹਾ ਦੀ ਬੋਲੀ ਤੇ ਸਰਕਾਰਾਂ ਵੱਲ ਵਤੀਰਾ ਦੋਵੇਂ ਬਦਲ ਗਏ। ਅਹੁਦੇ ਉੱਤੇ ਆਖਰੀ ਦਿਨਾਂ ਵਿੱਚ ਜਿਹੜੇ ਕੇਸਾਂ ਦੇ ਫੈਸਲੇ ਉਨ੍ਹਾ ਨੇ ਕੀਤੇ, ਉਨ੍ਹਾਂ ਕਾਰਨ ਜਸਟਿਸ ਗੋਗੋਈ ਵੱਡੇ ਵਿਵਾਦਾਂ ਵਿੱਚ ਫਸੇ ਤੇ ਫਿਰ ਰਿਟਾਇਰ ਹੁੰਦੇ ਸਾਰ ਜਿੱਦਾਂ ਰਾਜ ਸਭਾ ਦੇ ਮੈਂਬਰ ਬਣੇ ਤਾਂ ਅਕਸ ਹੋਰ ਖਰਾਬ ਹੋ ਗਿਆ। ਕਾਰਨ ਸਾਫ ਸੀ ਕਿ ਕਿਸੇ ਸਮੇਂ ਸਰਕਾਰਾਂ ਨੂੰ ਹਿਲਾ ਦੇਣ ਵਾਲੇ ਕੁਝ ਫੈਸਲੇ ਕਰਦਾ ਰਿਹਾ ਜੱਜ ਅਚਾਨਕ ਸਰਕਾਰ ਦਾ ਪੱਲਾ ਛੁਡਾਉਣ ਵਾਲੇ ਫੈਸਲੇ ਦੇਣ ਲਈ ਚਰਚਾ ਵਿੱਚ ਆ ਗਿਆ ਸੀ, ਪਰ ਨਿਆਂ ਪਾਲਿਕਾ ਦੇ ਹਾਲਾਤ ਉਸ ਤੋਂ ਪਿੱਛੋਂ ਵੀ ਬਦਲ ਨਹੀਂ ਸਕੇ।

ਬੀਤੇ ਦਿਨੀਂ ਕਲਕੱਤਾ ਹਾਈ ਕੋਰਟ ਦੇ ਇੱਕ ਜੱਜ, ਜਸਟਿਸ ਅਭੀਜੀਤ ਗੰਗੋਪਾਧਿਆਏ ਨੇ ਅਚਾਨਕ ਅਸਤੀਫਾ ਦੇ ਦਿੱਤਾ ਤੇ ਫਿਰ ਦੇਸ਼ ਦੀ ਵਾਗ ਸੰਭਾਲਦੀ ਪਾਰਟੀ, ਭਾਰਤੀ ਜਨਤਾ ਪਾਰਟੀ ਨਾਲ ਜਾ ਜੁੜਿਆ। ਉਸ ਦੇ ਇਸ ਕਦਮ ਨਾਲ ਅਦਾਲਤੀ ਸੁਣਵਾਈ ਦੌਰਾਨ ਉਸ ਵੱਲੋਂ ਕੀਤੀਆਂ ਟਿਪਣੀਆਂ ਬਾਰੇ ਚਰਚਾ ਚੱਲ ਪਈ। ਕੁਝ ਚਿਰ ਪਹਿਲਾਂ ਉਸ ਨੇ ਆਪਣੀ ਹਾਈ ਕੋਰਟ ਦੇ ਇੱਕ ਜੱਜ ਉੱਤੇ ਇੱਕ ਖਾਸ ਪਾਰਟੀ ਲਈ ਕੰਮ ਕਰਨ ਦਾ ਦੋਸ਼ ਲਾਇਆ ਅਤੇ ਸਨਸਨੀ ਫੈਲਾ ਦਿੱਤੀ ਸੀ। ਉਹ ਜਨਤਕ ਤੌਰ ਉੱਤੇ ਵੀ ਏਦਾਂ ਦੀਆਂ ਟਿਪਣੀਆਂ ਕਰਦਾ ਰਿਹਾ ਸੀ, ਜਿਨ੍ਹਾਂ ਬਾਰੇ ਆਮ ਤੌਰ ਉੱਤੇ ਜੱਜ ਸਾਹਿਬਾਨ ਦਾ ਚੁੱਪ ਰਹਿਣਾ ਠੀਕ ਮੰਨਿਆ ਜਾਂਦਾ ਹੈ। ਇਨ੍ਹਾਂ ਗੱਲਾਂ ਕਾਰਨ ਸੁਪਰੀਮ ਕੋਰਟ ਨੇ ਉਸ ਕੋਲ ਪਏ ਕੁਝ ਕੇਸ ਸੁਣਵਾਈ ਦੇ ਲਈ ਜਸਟਿਸ ਗੰਗੋਪਾਧਿਆਏ ਵਾਲੇ ਬੈਂਚ ਦੀ ਬਜਾਏ ਕਿਸੇ ਹੋਰ ਬੈਂਚ ਵੱਲੋਂ ਵਿਚਾਰਨ ਲਈ ਕਹਿ ਦਿੱਤਾ ਸੀ। ਅਸਤੀਫਾ ਦੇਣ ਪਿੱਛੋਂ ਜਸਟਿਸ ਗੰਗੋਪਾਧਿਆਏ ਜਿਵੇਂ ਕਾਹਲੀ ਵਿੱਚ ਭਾਜਪਾ ਨਾਲ ਜੁੜਿਆ ਤੇ ਜਿੱਦਾਂ ਇਹ ਕਹਿਣ ਤੋਂ ਝਿਜਕ ਨਹੀਂ ਰੱਖੀ ਕਿ ਉਹ ਜੱਜ ਹੁੰਦੇ ਹੋਏ ਵੀ ਭਾਜਪਾ ਨਾਲ ਸੰਪਰਕ ਵਿੱਚ ਸੀ, ਉਸ ਨਾਲ ਰਾਜਸੀ ਆਗੂਆਂ ਨਾਲ ਜੱਜਾਂ ਦੇ ਜੁੜਨ ਅਤੇ ਉਨ੍ਹਾਂ ਦੀ ਨਿਰਪੱਖਤਾ ਸ਼ੱਕੀ ਹੋਣ ਦੀ ਚਰਚਾ ਵੀ ਦੋਬਾਰਾ ਚੱਲ ਪਈ ਹੈ।

ਇਸ ਮਾਮਲੇ ਵਿੱਚ ਕਾਨੂੰਨੀ ਪਾਬੰਦੀ ਕੋਈ ਨਹੀਂ ਅਤੇ ਕੋਈ ਵੀ ਜੱਜ ਕਦੇ ਵੀ ਅਸਤੀਫਾ ਦੇ ਕੇ ਸਿਆਸਤ ਦੀ ਕਿਸੇ ਧਿਰ ਨਾਲ ਜੁੜ ਸਕਦਾ ਹੈ, ਪਰ ਦੁਨੀਆ ਭਰ ਦੇ ਜੱਜਾਂ ਨੇ ਆਪਸੀ ਸਹਿਮਤੀ ਨਾਲ ਕੁਝ ਅਸੂਲ ਤੈਅ ਕੀਤੇ ਹੋਏ ਹਨ, ਜਿਨ੍ਹਾਂ ਦਾ ਖਿਆਲ ਤੇ ਲੱਜ-ਸ਼ਰਮ ਰੱਖਣ ਦੀ ਲੋੜ ਸਮਝੀ ਜਾਂਦੀ ਹੈ। ਅਪਰੈਲ 2000 ਵਿੱਚ ਵੀਆਨਾ ਵਿੱਚ ਹੋਈ ਦੁਨੀਆ ਭਰ ਦੇ ਜੱਜਾਂ ਦੀ ਮੀਟਿੰਗ ਪਿੱਛੋਂ ਭਾਰਤ ਦੇ ਬੰਗਲੌਰ ਵਿੱਚ ਫਰਵਰੀ 2001 ਵਿੱਚ ਇਸ ਬਾਰੇ ਇੱਕ ਖਰੜਾ ਤਿਆਰ ਕੀਤਾ ਗਿਆ ਤੇ ਉਸ ਨੂੰ ਨਵੰਬਰ 2002 ਵਿੱਚ ਇੰਟਰਨੈਸ਼ਨਲ ਕੋਰਟ ਆਫ ਜਸਟਿਸ ਦੇ ਮੁੱਖ ਦਫਤਰ ਵਿੱਚ ਪੇਸ਼ ਕੀਤਾ ਅਤੇ ਪ੍ਰਵਾਨ ਕੀਤਾ ਗਿਆ ਸੀ। ਸੰਸਾਰ ਭਰ ਦੀ ਨਿਆਂ ਪਾਲਿਕਾ ਵਿੱਚ ਇਸ ਐਲਾਨਨਾਮੇ ਦੇ ਸਤਿਕਾਰ ਲਈ ਗੱਲਾਂ ਹੁੰਦੀਆਂ ਹਨ, ਪਰ ਜਿਹੜੇ ਭਾਰਤ ਵਿੱਚ ਇਸ ਦਾ ਖਰੜਾ ਤਿਆਰ ਕੀਤਾ ਗਿਆ ਸੀ, ਉਸ ਵਿੱਚ ਬੜਾ ਕੁਝ ਇਸ ਐਲਾਨਨਾਮੇ ਵਿੱਚ ਲਿਖੇ ਅਸੂਲਾਂ ਤੋਂ ਉਲਟ ਹੁੰਦਾ ਦਿੱਸਦਾ ਹੈ। ਉਂਜ ਅਸੂਲ ਵੇਖਿਆ ਜਾਵੇ ਤਾਂ ਕੋਈ ਜੱਜ ਇਹੋ ਜਿਹੀ ਕਿਸੇ ਧਿਰ ਦਾ ਕੇਸ ਨਹੀਂ ਸੁਣ ਸਕਦਾ, ਜਿਸ ਨਾਲ ਉਹ ਜੱਜ ਬਣਨ ਤੋਂ ਪਹਿਲਾਂ ਕਦੇ ਵਕਾਲਤ ਕਰਨ ਜਾਂ ਹੋਰ ਕਿਸੇ ਗੱਲ ਕਰ ਕੇ ਸੰਬੰਧਤ ਰਿਹਾ ਹੋਵੇ ਜਾਂ ਸੰਬੰਧਤ ਧਿਰ ਜਾਂ ਉਸ ਦੇ ਵਿਰੋਧੀਆਂ ਨਾਲ ਦਿਲਚਸਪੀ ਰੱਖਦਾ ਹੋਵੇ। ਜਸਟਿਸ ਗੰਗੋਪਾਧਿਆਏ ਨੇ ਜਦੋਂ ਹਾਈ ਕੋਰਟ ਵਿੱਚ ਇੱਕ ਖਾਸ ਧਿਰ ਦੇ ਖਿਲਾਫ ਟਿਪਣੀਆਂ ਕਰਨ ਦਾ ਕੰਮ ਛੋਹਿਆ ਤਾਂ ਚਰਚਾ ਹੁੰਦੀ ਸੀ ਕਿ ਉਹ ਉਸ ਰਾਜਸੀ ਧਿਰ ਦੇ ਵਿਰੋਧ ਦੀ ਧਿਰ ਨਾਲ ਕੁਝ ਸਾਂਝ ਰੱਖਦਾ ਹੈ, ਪਰ ਇਸ ਨੂੰ ਸਿਆਸੀ ਦੂਸ਼ਣ ਕਹਿ ਕੇ ਨਕਾਰ ਦਿੱਤਾ ਗਿਆ ਸੀ। ਰਿਟਾਇਰ ਹੋਣ ਪਿੱਛੋਂ ਜਦੋਂ ਉਸ ਨੇ ਖੁਦ ਭਾਜਪਾ ਨਾਲ ਆਪਸੀ ਸਾਂਝ ਹੋਣ ਤੇ ਜੱਜ ਹੁੰਦਿਆਂ ਵੀ ਉਸ ਪਾਰਟੀ ਨਾਲ ਸੰਪਰਕ ਰੱਖਣ ਦੀ ਗੱਲ ਸ਼ਰੇਆਮ ਕਹੀ ਤਾਂ ਜਿਹੜੇ ਲੋਕ ਪਹਿਲਾਂ ਇਸ ਨੂੰ ਸਿਆਸੀ ਦੂਸ਼ਣਬਾਜ਼ੀ ਕਹਿੰਦੇ ਸਨ, ਉਹ ਚੁੱਪ ਵੱਟ ਗਏ। ਸਾਫ ਹੈ ਕਿ ਜਸਟਿਸ ਗੋਗੋਈ ਜਾਂ ਕੋਈ ਹੋਰ ਜੱਜ ਹੋਵੇ, ਰਾਜਨੀਤੀ ਦਾ ਚਸਕਾ ਰੱਖਣਾ ਚਾਹੇ ਤਾਂ ਕਾਨੂੰਨ ਉਸ ਨੂੰ ਬਿਲਕੁਲ ਨਹੀਂ ਰੋਕਦਾ ਤੇ ਜੱਜਾਂ ਬਾਰੇ ਅਸੂਲਾਂ ਦੇ ਜਿਹੜੇ ਪੁਲੰਦੇ ਅਸੀਂ ਲੋਕ ਬੜੇ ਵਜ਼ਨਦਾਰ ਮੰਨਦੇ ਹਾਂ, ਉਹ ਸਿਰਫ ਕਹਿਣ ਦੀਆਂ ਗੱਲਾਂ ਹੋ ਸਕਦੀਆਂ ਹਨ, ਭਾਰਤ ਦੇ ਲੋਕਤੰਤਰੀ ਪ੍ਰਬੰਧ, ਜਿੰਨਾ ਕੁ ਇਹ 'ਲੋਕਤੰਤਰ' ਬਚਿਆ ਹੈ, ਵਿੱਚ ਇਹ ਅੱਜਕੱਲ੍ਹ ਕੋਈ ਅਰਥ ਨਹੀਂ ਰੱਖਦੀਆਂ ਜਾਪਦੀਆਂ।

ਜੱਜਾਂ ਤੇ ਹੋਰ ਵੱਡੇ ਅਫਸਰਾਂ ਦੇ ਨੌਕਰੀ ਛੱਡਦੇ ਸਾਰ ਵੱਡੇ ਸਰਕਾਰੀ ਰੁਤਬਿਆਂ ਉੱਤੇ ਨਿਯੁਕਤੀ ਜਾਣ ਦੇ ਲਈ ਅਸੂਲਾਂ ਦੀ ਚਰਚਾ ਵਿੱਚ 'ਕੂਲਿੰਗ ਆਫ ਪੀਰੀਅਡ' ਦਾ ਜ਼ਿਕਰ ਆਮ ਹੁੰਦਾ ਹੈ। ਇਹ ਰਿਟਾਇਰ ਹੋਣ ਪਿੱਛੇ ਕਿਸੇ ਇਹੋ ਜਿਹੇ ਅਹੁਦੇ ਨੂੰ ਪ੍ਰਵਾਨ ਕਰਨ ਤੋਂ ਪਹਿਲਾਂ ਦਾ ਸਮਾਂ ਹੈ, ਤਾਂ ਕਿ ਇਹ ਨਾ ਕਿਹਾ ਜਾਵੇ ਕਿ ਕੋਈ ਅਫਸਰ ਇਸ ਅਹੁਦੇ ਦੀ ਝਾਕ ਵਿੱਚ ਅਫਸਰੀ ਵੇਲੇ ਸਿਰਫ ਇਸੇ ਦੀ ਪ੍ਰਾਪਤੀ ਲਈ ਕੰਮ ਕਰਦਾ ਰਿਹਾ ਸੀ। ਪਿਛਲੇ ਸਾਲਾਂ ਵਿੱਚ ਇਹ ਸਮਾਂ ਵੀ ਜ਼ਰੂਰੀ ਨਹੀਂ ਰਹਿਣ ਦਿੱਤਾ ਗਿਆ ਤੇ ਕਈ ਲੋਕਾਂ ਨੇ ਸਵੇਰੇ ਅਫਸਰੀ ਤੋਂ ਅਸਤੀਫਾ ਦਿੱਤਾ ਅਤੇ ਓਸੇ ਸ਼ਾਮ ਕੋਈ ਵੱਡਾ ਸਰਕਾਰੀ ਅਹੁਦਾ ਲੈ ਲਿਆ ਸੀ, ਪਰ ਕੋਈ ਅਸੂਲਾ ਅੜਿੱਕਾ ਨਹੀਂ ਸੀ ਬਣਿਆ। ਬਹੁਤ ਸਾਰੇ ਲੋਕ ਇਸ ਤਰ੍ਹਾਂ ਦੇ ਵਿਹਾਰ ਨੂੰ ਬੇਅਸੂਲੀ ਕਹਿ ਕੇ ਨੁਕਤਾਚੀਨੀ ਕਰਦੇ ਹਨ, ਅਸੀਂ ਵੀ ਕਰਦੇ ਹਾਂ ਤੇ ਅਸੀਂ ਗਲਤ ਨਹੀਂ ਕਰਦੇ, ਪਰ ਇਹ ਬਿਮਾਰੀ ਕੋਈ ਨਵੀਂ ਪੈਦਾ ਨਹੀਂ ਹੋਈ, ਭਾਰਤ ਦੇ ਆਜ਼ਾਦ ਹੁੰਦੇ ਸਾਰ ਲੱਗ ਗਈ ਸੀ। ਹੋਰ ਕਿਸੇ ਵੀ ਬਿਮਾਰੀ ਤੋਂ ਵੱਧ ਖਤਰਨਾਕ ਉਹ ਰੋਗ ਮੰਨਿਆ ਜਾਂਦਾ ਹੈ, ਜਿਹੜਾ ਬਚਪਨ ਵਿੱਚ ਲੱਗ ਗਿਆ ਹੋਵੇ। ਭਾਰਤ ਵਿੱਚ ਜਵਾਹਰ ਲਾਲ ਨਹਿਰੂ ਦੇ ਪ੍ਰਧਾਨ ਮੰਤਰੀ ਹੋਣ ਦੇ ਵਕਤ ਹੀ ਕੁਝ ਜੱਜਾਂ ਨੂੰ ਰਿਟਾਇਰ ਹੋਣ ਪਿੱਛੋਂ ਅਹੁਦੇ ਦਿੱਤੇ ਜਾਣ ਲੱਗ ਪਏ ਸਨ ਅਤੇ ਕਈ ਲੋਕ ਜੱਜ ਬਣਨ ਤੋਂ ਪਹਿਲਾਂ ਹੀ ਸਿਆਸੀ ਪਾਰਟੀਆਂ ਨਾਲ ਜੁੜ ਕੇ ਸਰਗਰਮੀ ਕਰਦੇ ਤੇ ਰਾਜ ਮਾਣਦੇ ਰਹੇ ਸਨ। ਉਸ ਵੇਲੇ ਬਹੁਤ ਸਾਰੇ ਵਕੀਲਾਂ ਤੇ ਸਾਬਕਾ ਜੱਜਾਂ ਨੇ ਇਸ ਦਾ ਇਤਰਾਜ਼ ਕੀਤਾ ਸੀ, ਪਰ ਗੌਲਿਆ ਨਹੀਂ ਸੀ ਗਿਆ।

ਨਿਆਂਮੂਰਤੀ ਕਹੇ ਜਾਂਦੇ ਜੱਜਾਂ ਅਤੇ ਅਜਿਹੀ ਰਾਜਨੀਤੀ ਬਾਰੇ ਅਸੀਂ ਕਈ ਮਿਸਾਲਾਂ ਦੱਸ ਸਕਦੇ ਹਾਂ, ਪਰ ਇਸ ਦੀ ਸਭ ਤੋਂ ਵੱਡੀ ਮਿਸਾਲ ਸ਼ਾਇਦ ਜਸਟਿਸ ਬਹਿਰੁਲ ਇਸਲਾਮ ਦੀ ਹੈ। ਉਹ ਵਿਅਕਤੀ ਕੁਝ ਵਿਗੜੇ ਹੋਏ ਨੌਜਵਾਨਾਂ ਵੱਲੋਂ ਰੇਲ ਗੱਡੀ ਦੇ ਇੱਕ ਤੋਂ ਦੂਸਰੇ ਡੱਬੇ ਵਿੱਚ ਛੜੱਪੇ ਮਾਰਨ ਵਾਂਗ ਰਾਜਨੀਤੀ ਤੇ ਨਿਆਂ ਖੇਤਰ ਵਿੱਚ ਛੜੱਪੇ ਮਾਰਦਾ ਰਿਹਾ। ਭਾਰਤ ਦੀ ਸੁਪਰੀਮ ਕੋਰਟ ਕੀ, ਹਾਈ ਕੋਰਟ ਵਿੱਚ ਵੀ ਆਉਣ ਤੋਂ ਪਹਿਲਾਂ ਉਹ 1962 ਵਿੱਚ ਅਤੇ ਇੱਕ ਵਾਰ ਫਿਰ 1968 ਵਿੱਚ ਕਾਂਗਰਸ ਪਾਰਟੀ ਵੱਲੋਂ ਰਾਜ ਸਭਾ ਲਈ ਚੁਣਿਆ ਗਿਆ ਸੀ। ਰਾਜ ਸਭਾ ਮੈਂਬਰ ਵਜੋਂ ਉਸ ਦੇ ਹਾਲੇ ਚਾਰ ਸਾਲ ਬਾਕੀ ਸਨ ਕਿ ਉੱਪਰਲੀ ਪਹੁੰਚ ਸਦਕਾ ਉਸ ਨੂੰ 'ਆਸਾਮ ਤੇ ਨਾਗਾਲੈਂਡ ਹਾਈ ਕੋਰਟ', ਜਿਸ ਨੂੰ ਅੱਜਕੱਲ੍ਹ ਗੁਹਾਟੀ ਹਾਈ ਕੋਰਟ ਕਿਹਾ ਜਾਂਦਾ ਹੈ, ਦਾ ਜੱਜ ਬਣਾ ਦਿੱਤਾ ਗਿਆ ਤੇ ਵੱਡੇ ਕਮਾਲ ਦੀ ਗੱਲ ਇਹ ਸੀ ਕਿ 20 ਜਨਵਰੀ 1972 ਦੀ ਸਵੇਰ ਤੱਕ ਉਹ ਰਾਜ ਸਭਾ ਦਾ ਕਾਂਗਰਸੀ ਮੈਂਬਰ ਸੀ ਤੇ ਓਸੇ ਦਿਨ ਸ਼ਾਮ ਤੱਕ ਹਾਈ ਕੋਰਟ ਦਾ 'ਮਾਣਯੋਗ ਜੱਜ' ਬਣਾਇਆ ਜਾ ਚੁੱਕਾ ਸੀ। ਫਿਰ ਉਹ 1 ਜੁਲਾਈ 1980 ਨੂੰ ਉਸ ਹਾਈ ਕੋਰਟ ਦੇ ਚੀਫ ਜਸਟਿਸ ਵਜੋਂ ਰਿਟਾਇਰ ਹੋ ਗਿਆ, ਓਦੋਂ ਸੁਪਰੀਮ ਕੋਰਟ ਦਾ ਜੱਜ ਬਣਾਏ ਜਾਣ ਦੀ ਉਸ ਦੀ ਫਾਈਲ ਕਿਸੇ ਜਗ੍ਹਾ ਰੁਕੀ ਹੋਈ ਸੀ ਤੇ ਓਸੇ ਸਾਲ ਨੌਂ ਮਹੀਨੇ ਤਿੰਨ ਦਿਨ ਬਾਅਦ 4 ਦਸੰਬਰ 1980 ਨੂੰ ਉਸ ਨੂੰ ਇੰਦਰਾ ਗਾਂਧੀ ਦੀ ਦੋਬਾਰਾ ਬਣੀ ਸਰਕਾਰ ਨੇ ਸੁਪਰੀਮ ਕੋਰਟ ਦਾ ਜੱਜ ਨਿਯੁਕਤ ਕਰ ਦਿੱਤਾ। ਰਿਟਾਇਰਡ ਜੱਜਾਂ ਨੂੰ ਆਮ ਕੇ ਫਿਰ ਸੱਦ ਕੇ ਜੱਜ ਨਹੀਂ ਬਣਾਇਆ ਜਾਂਦਾ, ਪਰ ਕਿਸੇ ਖਾਸ ਕੇਸ ਵਿੱਚ ਬਣਾ ਦੇਣ ਦੀ ਰੋਕ ਵੀ ਕੋਈ ਨਹੀਂ ਹੈ। ਓਥੋਂ ਉਸ ਨੇ ਫਿਰ 12 ਜਨਵਰੀ 1983 ਨੂੰ ਅਸਤੀਫਾ ਦਿੱਤਾ ਅਤੇ ਅਗਲੇ ਸਾਲ ਹੋਣ ਵਾਲੀ ਲੋਕ ਸਭਾ ਚੋਣ ਲਈ ਆਸਾਮ ਦੇ ਬਾਰਪੇਟਾ ਹਲਕੇ ਤੋਂ ਉਮੀਦਵਾਰ ਬਣਨ ਲਈ ਤਿਆਰੀ ਕਰਨ ਲੱਗ ਪਿਆ। ਅਚਾਨਕ ਆਸਾਮ ਵਿੱਚ ਹਾਲਾਤ ਵਿਗੜ ਗਏ ਅਤੇ ਉਸ ਰਾਜ ਵਿੱਚ ਚੋਣ ਨਾ ਹੋ ਸਕੀ ਤਾਂ ਬਹਿਰੁਲ ਇਸਲਾਮ ਨੂੰ ਕਾਂਗਰਸ ਪਾਰਟੀ ਨੇ ਇੱਕ ਵਾਰ ਫਿਰ ਰਾਜ ਸਭਾ ਵਿੱਚ ਭੇਜ ਦਿੱਤਾ।

ਭਾਰਤ ਦੀ ਨਿਆਂ ਪਾਲਿਕਾ ਵਿੱਚ ਏਦਾਂ ਰਾਜਸੀ ਤੇ ਅਦਾਲਤੀ ਅਹੁਦੇ ਲੈਣ ਵਾਲਿਆਂ ਦੇ ਕਿਰਦਾਰ ਦਾ ਇਤਿਹਾਸ ਬਥੇਰਾ ਦਿਲਚਸਪ ਹੈ। ਇਹ ਕੰਮ ਪਹਿਲਾਂ ਪੰਡਤ ਜਵਾਹਰ ਲਾਲ ਨਹਿਰੂ ਦੇ ਸਮੇਂ ਵੀ ਹੁੰਦਾ ਰਿਹਾ ਹੋਣ ਕਰ ਕੇ ਭਾਜਪਾ ਦੇ ਰਾਜ ਵਿੱਚ ਜਦੋਂ ਇਹੋ ਕੁਝ ਹੁੰਦਾ ਹੈ ਤਾਂ ਉਹ ਮੋੜਵਾਂ ਮਿਹਣਾ ਮਾਰ ਕੇ ਕਹਿੰਦੇ ਹਨ ਕਿ ਸ਼ੁਰੂ ਇਹ ਤੁਸੀਂ ਕੀਤਾ ਸੀ। ਸੁਪਰੀਮ ਕੋਰਟ ਦੇ ਸੀਨੀਅਰ ਵਕੀਲ ਏ ਜੀ ਨੂਰਾਨੀ ਇਸ ਵਕਤ ਨੱਬੇ ਤੋਂ ਵੱਧ ਉਮਰ ਵਿੱਚ ਕਿਤੇ ਬਜ਼ੁਰਗੀ ਦੇ ਦਿਨ ਆਰਾਮ ਨਾਲ ਗੁਜ਼ਾਰ ਰਹੇ ਹੋਣਗੇ, ਪਰ ਆਪਣੇ ਸਮੇਂ ਉਹ ਵਕਾਲਤ ਦੇ ਨਾਲ ਅਖਬਾਰਾਂ ਲਈ ਲੇਖ ਲਿਖਦੇ ਰਹਿੰਦੇ ਸਨ ਤੇ ਉਨ੍ਹਾ ਕਈ ਵਾਰੀ ਨਿਆਂ ਪਾਲਿਕਾ ਅੰਦਰਲੇ ਮਾੜੇ ਰੁਝਾਨਾਂ ਬਾਰੇ ਉਂਗਲ ਚੁੱਕੀ ਅਤੇ ਉਸ ਵੇਲੇ ਇਹ ਕਿਹਾ ਸੀ ਕਿ ਇਹ ਰੁਝਾਨ ਨਾ ਰੁਕੇ ਤਾਂ ਭਾਰਤੀ ਨਿਆਂ ਪਾਲਿਕਾ ਦਾ ਭੱਠਾ ਬਿਠਾ ਦੇਣਗੇ। ਅੱਜ ਤੋਂ ਤੀਹ ਸਾਲ ਤੋਂ ਵੱਧ ਸਮਾਂ ਪਹਿਲਾਂ ਕਹੀਆਂ ਉਨ੍ਹਾ ਦੀਆਂ ਉਹ ਗੱਲਾਂ ਅੱਜ ਯਾਦ ਆਉਂਦੀਆਂ ਹਨ ਤੇ ਦੁੱਖ ਹੁੰਦਾ ਹੈ ਕਿ 'ਜਾਗਦੇ ਰਹੋ' ਦਾ ਹੋਕਾ ਦੇਣ ਵਾਲੇ ਇਸ ਦੇਸ਼ ਦੇ ਪ੍ਰਮੁੱਖ ਵਕੀਲ, ਜਿਹੜਾ ਇੱਕ ਮਹਾਨ ਚਿੰਤਕ ਅਤੇ ਦੇਸ਼-ਦਰਦੀ ਸੀ, ਦੀਆਂ ਚੇਤਾਵਨੀਆਂ ਨੂੰ ਅਣਗੌਲੇ ਕੀਤਾ ਗਿਆ ਸੀ। ਬਿਮਾਰੀ ਦੀ ਜੜ੍ਹ ਫੁੱਟਦੇ ਸਾਰ ਉਸ ਨੂੰ ਪਕੜ ਲਓ ਤਾਂ ਬਚਾਅ ਹੋ ਸਕਦਾ ਹੈ, ਜਦੋਂ ਉਹ ਜੜ੍ਹ ਪੱਕੀ ਲਾ ਲਵੇ ਤੇ ਉਸ ਦੀਆਂ ਸ਼ਾਖਾਵਾਂ ਕਈ ਪਾਸੀਂ ਫੈਲ ਜਾਣ ਤਾਂ ਜਿੰਨਾ ਮਰਜ਼ੀ ਜ਼ੋਰ ਲਾਈ ਜਾਈਏ, ਫਿਰ ਉਸ ਨੂੰ ਕੰਟਰੋਲ ਕਰਨ ਦੀ ਸੰਭਾਵਨਾ ਦਿਨੋਂ-ਦਿਨ ਘਟੀ ਜਾਂਦੀ ਹੈ। ਭਾਰਤ ਦੇਸ਼ ਦੇ ਜਿਹੜੇ ਅਦਾਰੇ ਵਿਗਾੜ ਦਾ ਸ਼ਿਕਾਰ ਇੱਕ ਵਾਰ ਕਿਸੇ ਤਰ੍ਹਾਂ ਹੋ ਜਾਂਦੇ ਰਹੇ ਹਨ, ਉਨ੍ਹਾਂ ਦੇ ਫਿਰ ਸੁਧਰ ਸਕਣ ਦੀਆਂ ਮਿਸਾਲਾਂ ਥੋੜ੍ਹੀਆਂ ਅਤੇ ਉਨ੍ਹਾਂ ਵਾਲੀ ਲਾਗ ਹੋਰ ਅਦਾਰਿਆਂ ਵਿੱਚ ਚਲੇ ਜਾਣ ਦੀਆਂ ਮਿਸਾਲਾਂ ਸਾਡੇ ਕੋਲ ਗਿਣਤੀ ਤੋਂ ਵੀ ਬਾਹਰੀਆਂ ਹਨ।

ਇਸ ਵਕਤ ਤੱਕ ਬਹੁਤ ਨੁਕਸਾਨ ਹੋ ਚੁੱਕਾ ਹੈ, ਪਰ ਅਜੇ ਵੀ ਗੱਲ ਵੱਸੋਂ ਬਾਹਰ ਨਹੀਂ ਗਈ। ਸੁਪਰੀਮ ਕੋਰਟ ਦੇ ਮੌਜੂਦਾ ਮੁਖੀ ਜਸਟਿਸ ਧਨੰਜੈ ਯਸ਼ਵੰਤ ਚੰਦਰਚੂੜ ਤੋਂ ਭਾਰਤ ਦੇ ਲੋਕਾਂ ਨੂੰ ਬਹੁਤ ਆਸਾਂ ਹਨ, ਪਰ ਕੋਈ ਇਨਸਾਨ ਇਕੱਲਾ ਉਹ ਸਿੱਟੇ ਨਹੀਂ ਕੱਢ ਸਕਦਾ, ਜਿਹੜੇ ਸਮੂਹਿਕ ਕੋਸ਼ਿਸ਼ਾਂ ਨਾਲ ਨਿਕਲ ਸਕਦੇ ਹਨ। ਭਾਰਤ ਦੇ ਲੋਕਾਂ ਨੂੰ ਇਸ ਵੇਲੇ ਸੋਚਣਾ ਪਵੇਗਾ ਕਿ ਉਨ੍ਹਾਂ ਦੀ ਆਸ ਦਾ ਆਖਰੀ ਦਰ ਤਾਂ ਘੱਟੋ-ਘੱਟ ਖੁੱਲ੍ਹਾ ਰਹੇ। ਇਹ ਫਰਜ਼ ਸਿਰਫ ਆਮ ਲੋਕਾਂ ਦਾ ਨਹੀਂ, ਭਾਰਤ ਦੀ ਨਿਆਂ ਪਾਲਿਕਾ ਨਾਲ ਜੁੜੇ ਹੋਏ ਲੋਕਾਂ, ਜੱਜਾਂ ਤੇ ਵਕੀਲਾਂ ਦਾ ਵੀ ਸਮਝਣਾ ਚਾਹੀਦਾ ਹੈ, ਪਰ ਉਹ ਆਪਣਾ ਫਰਜ਼ ਨਿਭਾਉਣਾ ਚਾਹੁੰਦੇ ਹਨ ਜਾਂ ਨਹੀਂ, ਉਨ੍ਹਾਂ ਦੀ ਮਰਜ਼ੀ ਉੱਤੇ ਨਿਰਭਰ ਹੈ।

# ਕੀ ਮੋਦੀ ਸਾਹਿਬ ਬੈਲਟ ਪੇਪਰ ਰਾਹੀਂ ਚੋਣ ਕਰਾਉਣ ਦਾ ਚੈਲਿੰਜ ਮਨਜ਼ੂਰ ਕਰਨਗੇ?

## ਸੁਲਘਦੇ ਸਵਾਲ

### ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ

ਕੀ ਅੱਬ ਕੀ ਬਾਰ ਚਾਰ ਸੌ ਪਾਰ, ਗਰੰਟੀਆਂ ਦੀਆਂ ਵੀ ਗਰੰਟੀਆਂ ਦੇਣ ਵਾਲਾ, ਪੱਥਰ-ਮੂਰਤੀ 'ਚ ਪ੍ਰਾਣ ਪ੍ਰਤਿਸ਼ਠਾ ਕਰਨ ਵਾਲਾ, ਸਮੁੱਚੇ ਭਾਰਤ ਨੂੰ ਆਪਣਾ ਪਰਵਾਰ ਦੱਸਣ ਵਾਲਾ ਅਖੌਤੀ ਪੰਜਵੀਂ ਤੋਂ ਤੀਜੀ ਅਰਥ ਵਿਵਸਥਾ ਬਣਾਉਣ ਦੀਆਂ ਡੀਂਗਾਂ ਮਾਰਨ ਵਾਲਾ, ਹਰ ਭਾਰਤੀ ਦੇ ਖਾਤੇ ਵਿੱਚ ਪੰਦਰਾਂ-ਪੰਦਰਾਂ ਲੱਖ ਜਮ੍ਹਾਂ ਕਰਾਉਣ ਵਾਲਾ, ਭਾਰਤ 'ਚੋਂ ਗਰੀਬੀ ਘਟਾਉਣ ਵਾਲਾ, ਲੱਗਭੱਗ ਪਚਾਸੀ ਕਰੋੜ ਜਨਤਾ ਨੂੰ ਵੋਟਾਂ ਦੀ ਖਾਤਰ ਅਨਾਜ ਮੁਹੱਈਆ ਕਰਾਉਣ ਵਾਲਾ, ਜੋ ਦੂਸਰੀਆਂ ਪਾਰਟੀਆਂ ਨੂੰ ਪਹਿਲਾਂ ਕੁਰੱਪਟ ਕਹਿ ਕੇ ਫਿਰ ਗਲੇ ਲਗਾਉਣ ਵਾਲਾ ਜੋ ਭਾਰਤੀ ਸੰਵਿਧਾਨ ਦੀ ਮੂਲ ਧਾਰਨਾ ਦੇ ਉਲਟ ਜਾ ਕੇ ਵੱਖ-ਵੱਖ ਸਥਾਨਾਂ 'ਤੇ ਮੰਦਰ ਬਣਾਉਣ 'ਤੇ ਦੇਸ਼ ਦਾ ਪੈਸਾ ਲੁਟਾਉਣ ਵਾਲਾ, ਜੋ ਪਰਿਵਾਰਵਾਦ ਦਾ ਰੌਲਾ ਪਾ ਕੇ ਲਖੀਮਪੁਰ ਖੇਰੀ ਦੇ ਕਾਤਲ ਪਰਵਾਰ ਨੂੰ ਬਚਾਉਂਦਾ-ਬਚਾਉਂਦਾ ਅਖੀਰ ਕਿਸਾਨਾਂ ਦੇ ਜ਼ਖਮਾਂ 'ਤੇ ਲੂਣ ਛਿੜਕ ਕੇ ਆਪਣੀ ਇੱਕ ਸੀਟ ਖਾਤਰ ਅਪਰਾਧੀ ਨੂੰ ਟਿਕਟ ਦੇ ਕੇ ਨਿਵਾਜਣ ਵਾਲਾ, ਜਿਹੜਾ ਕਾਂਗਰਸ ਮੁਕਤ ਭਾਰਤ ਨੂੰ ਦੇਖਣ ਲਈ ਤੜਫ ਰਿਹਾ ਹੋਵੇ, ਜਿਹੜਾ ਭਾਰਤੀ ਤਰੱਕੀ ਵਿੱਚ ਏਨਾ ਮਹਿਫੂਜ਼ ਹੋਵੇ ਕਿ ਉਹ ਅੱਜ ਤੱਕ ਮਣੀਪੁਰ ਵੀ ਜਾ ਨਾ ਕਰ ਸਕਿਆ ਹੋਵੇ, ਜੋ ਕਿਸਾਨਾਂ ਦੀਆਂ ਆਪ ਮੰਨੀਆਂ ਮੰਗਾਂ ਨੂੰ ਆਪਣੇ ਹੰਕਾਰ ਕਰਕੇ ਪੂਰਾ ਨਾ ਸਕਿਆ ਹੋਵੇ, ਸਭ ਕਾ ਸਾਥ ਸਭ ਕਾ ਵਿਕਾਸ ਕਹਿਣ ਵਾਲਾ ਆਪਣੀ ਲੋਕ ਸਭਾ ਦੇ ਨਾਵਾਂ ਦੀ ਪਹਿਲੀ ਸੂਚੀ 'ਚ ਸਿਰਫ਼ ਇੱਕ ਮੁਸਲਮਾਨ ਡਾ. ਅਬਦੁਲ ਸਲਾਮ ਦਾ ਨਾਮ ਸ਼ਾਮਲ ਕਰਨ ਵਾਲਾ, ਮਾਮਲਾ ਭਾਵੇਂ ਮਹਿਲਾ ਧੀਆਂ ਪਹਿਲਵਾਨਾਂ ਨਾਲ ਘਟੀਆ ਸਲੂਕ ਕਰਨ ਵਾਲੇ ਭਾਜਪਾ ਨੇਤਾ ਬ੍ਰਿਜਭੂਸ਼ਣ ਸ਼ਰਨ ਸਿੰਘ ਦਾ ਹੋਵੇ, ਮਾਮਲਾ ਭਾਵੇਂ ਜਬਰ-ਜ਼ਨਾਹ ਕਰਨ ਵਾਲੇ ਕੁਲਦੀਪ ਸਿੰਘ ਸੇਂਗਰ ਦਾ ਹੋਵੇ, ਮਾਮਲਾ ਭਾਵੇਂ ਮਣੀਪੁਰ ਦੀ ਹਿੰਸਾ ਅਤੇ ਜਬਰ-ਜਨਾਹ ਦਾ ਹੋਵੇ, ਸਭ ਘਟਨਾਵਾਂ 'ਤੇ ਚੁੱਪ ਵੱਟਣ ਵਾਲਾ, ਫਕੀਰ ਅਤੇ ਟੈਗੋਰ ਬਨਣ ਦਾ ਡਰਾਮਾ ਰਚਣਵਾਲਾ ਹੋਵੇ, ਮਾਮਲਾ ਭਾਵੇਂ ਵੱਡੇ ਘਰਾਨਿਆਂ ਦਾ ਕਰਜ਼ਾ ਮੁਆਫ਼ ਕਰਨ ਦਾ ਹੋਵੇ, ਲੱਖਾਂ ਦੇ ਸੂਟਾਂ ਅਤੇ ਘੜੀਆਂ ਦਾ ਸ਼ੌਕੀਨ ਹੋਵੇ, ਪਾਰਟੀ ਮਨੋਰਥ ਨੂੰ ਅੱਗੇ ਰੱਖ ਕੇ ਦਿਨ-ਰਾਤ ਬਿਨਾਂ ਛੁੱਟੀ ਕੀਤਿਆਂ ਜਹਾਜ਼ਾਂ 'ਤੇ ਘੁੰਮ ਰਿਹਾ ਹੋਵੇ। ਜੋ ਭਾਰਤ ਤੋਂ ਅਲੱਗ ਹੋਏ ਪਾਕਿਸਤਾਨ ਨੂੰ ਅੱਖਾਂ ਦਿਖਾਲ ਰਿਹਾ ਹੋਵੇ, ਜੋ ਚੀਨ ਵੱਲੋਂ ਭਾਰਤੀ ਰਕਬੇ 'ਤੇ ਕਬਜ਼ਾ ਕਰਨ 'ਤੇ ਸਭ ਅੱਛਾ ਆਖ ਰਿਹਾ ਹੋਵੇ, ਜੋ ਪਾਰਲੀਮੈਂਟ ਹਾਊਸ ਵਿੱਚੋਂ ਵਿਰੋਧੀਆਂ ਨੂੰ ਸਸਪੈਂਡ ਕਰਵਾ ਕਿ ਬਿਨਾ ਬਹਿਸ ਬਿੱਲ ਪਾਸ ਕਰਵਾ ਰਿਹਾ ਹੋਵੇ, ਜੋ ਟਰੰਪ ਦੇ ਭਾਰਤ ਆਉਣ ਤੇ ਕੋਵਿਡ ਬਿਮਾਰੀ ਦੇ ਦਿਨਾਂ ਵਿੱਚ ਅਥਾਹ ਪੈਸਾ ਖਰਚ ਕਰਕੇ ਸਭ ਬਣਦੇ ਅਸੂਲਾਂ ਨੂੰ ਛਿੱਕੇ ਟੰਗ ਚੁੱਕਾ ਹੋਵੇ, ਜੋ ਦੇਸ਼ ਨਹੀਂ ਬਿਕਣੇ ਦੂੰਗਾ ਦੀਆਂ ਡੀਂਗਾਂ ਮਾਰ ਕੇ ਵੀ ਬਹੁਤ ਕੁਝ ਵੇਚ ਚੁਕਾ ਹੋਵੇ, ਜੋ ਰੂਸ ਅਤੇ ਯੂਕਰੇਨ ਦੀ ਜੰਗ ਖ਼ਤਮ ਕਰਾਉਣ ਦੀਆਂ ਫੜ੍ਹਾਂ ਮਾਰ ਚੁੱਕਾ ਹੋਵੇ, ਜੋ ਜੈ ਸ੍ਰੀ ਰਾਮ ਜੈ ਸ੍ਰੀ ਰਾਮ ਦਾ ਰਾਗ ਅਲਾਪ ਕੇ ਵੀਹ ਸੌ ਚੌਵੀ ਦੀਆਂ ਚੋਣਾਂ ਦਾ ਪ੍ਰਚਾਰ ਕਰ ਰਿਹਾ ਹੋਵੇ, ਜੋ ਸੁਪਰੀਮ ਕੋਰਟ ਦੇ ਜੱਜਾਂ ਤੱਕ ਰਾਜ ਸਭਾ ਦੀਆਂ ਸੀਟਾਂ ਦੇ ਕੇ ਭਰਮਾ ਰਿਹਾ ਹੋਵੇ, ਜੋ ਕਿਸੇ ਵੀ ਸੰਬੰਧਤ ਕੇਂਦਰੀ ਮੰਤਰੀ ਨੂੰ ਪਿੱਛੇ ਹਟਾ ਕੇ ਆਪ ਉਦਘਾਟਨ ਕਰ ਰਿਹਾ ਹੋਵੇ, ਜੋ ਆਪਣੇ ਰਾਜ ਤੋਂ ਪਹਿਲਾਂ ਬਣੇ ਅਦਾਰਿਆਂ ਨੂੰ ਵੇਚ ਰਿਹਾ ਹੋਵੇ, ਜੋ ਪਬਲਿਕ ਸੈਕਟਰ ਨੂੰ ਖ਼ਤਮ ਕਰਨ 'ਤੇ ਤੁਲਿਆ ਹੋਵੇ ਅਤੇ ਚੰਦ ਘਰਾਨਿਆ ਨੂੰ ਮਾਲਕੀ ਸੌਂਪ ਰਿਹਾ ਹੋਵੇ, ਜੋ ਪਿਛਲੀਆਂ ਸਰਕਾਰਾਂ ਨੇ ਕੁਝ ਨਹੀਂ ਕੀਤਾ ਦਾ ਲਗਾਤਾਰ ਰਾਗ ਅਲਾਪ ਕੇ ਜਨਤਾ ਨੂੰ ਗੁੰਮਰਾਹ ਕਰ ਰਿਹਾ ਹੋਵੇ, ਜੋ ਉਸ ਪਾਰਟੀ ਨਾਲ ਸੰਬੰਧ ਰੱਖਦਾ ਹੋਵੇ, ਜਿਸ ਨੇ ਦੇਸ਼ ਦੀ ਅਜ਼ਾਦੀ 'ਚ ਆਪਣੀ ਧੌਣ ਤਾਂ ਇੱਕ ਪਾਸੇ, ਹੱਥ ਦੀ ਚੀਚੀ ਤੱਕ ਨਾ ਕਟਵਾਈ ਹੋਵੇ, ਜੋ ਦੁਨੀਆ ਵਿੱਚ ਸਭ ਤੋਂ ਵੱਡੀ ਸਿਆਸੀ ਪਾਰਟੀ ਦਾ ਮੁਖੀ ਹੋਣ ਦਾ ਦਾਅਵਾ ਕਰਦਾ ਹੋਵੇ, ਪਰ ਕਿਰਦਾਰ ਪੱਖੋਂ ਉਹੀ ਪਾਰਟੀ ਚੰਡੀਗੜ੍ਹ ਦੀ ਛੋਟੀ ਚੋਣ 'ਚ ਹੇਰਾਫੇਰੀ ਕਰਦੀ ਜਾਂ ਕਰਾਉਂਦੀ ਫੜੀ ਗਈ ਹੋਵੇ, ਜੋ ਆਪਣੀ ਪਾਰਟੀ ਲਈ ਸਭ ਤੋਂ ਵੱਧ ਚੋਣ ਫੰਡ ਲੈਂਦੀ ਹੋਵੇ ਤੇ ਵਿਰੋਧੀ ਪਾਰਟੀਆਂ 'ਤੇ ਆਪਣੀਆਂ ਸਰਕਾਰੀ ਏਜੰਸੀਆਂ ਰਾਹੀਂ ਵਾਰ ਕਰਾਉਂਦੀ ਹੋਵੇ, ਜਿਸ ਨੇ ਆਪਣੀ ਹੀ ਪਾਰਟੀ ਵਿੱਚ ਆਪਣੇ ਤੋਂ ਉੱਚੇ ਲੋਕਾਂ ਨੂੰ ਛਾਂਗ ਦਿੱਤਾ ਹੋਵੇ, ਜੋ ਦੇਸ਼ ਨਹੀਂ ਬਿਕਨੇ ਦੂੰਗਾ ਦੀਆਂ ਡੀਕਾਂ ਮਾਰ ਕੇ ਵੀ ਬਹੁਤ ਕੁਝ ਵੇਚ ਚੁਕਾ ਹੋਵੇ, ਜਿਸ ਦੀ ਸਰਕਾਰ ਸੂਬਿਆਂ ਸ਼ਹਿਰਾਂ ਦੇ ਨਾਮ ਬਦਲਣ ਨੂੰ ਤਰੱਕੀ ਸਮਝਦੀ ਹੋਵੇ, ਜਿਸ ਪਾਰਟੀ ਵਿੱਚ ਭਾਰਤੀ ਨਾਰੀ ਵੀ ਵਧ ਸਰਗਰਮੀ ਦੀਆਂ ਡੀਂਗਾਂ ਮਾਰੀਆਂ ਜਾਂਦੀਆਂ ਹੋਣ, ਜਿਸ ਨਾਲ ਆਪਣੇ ਪਰਵਾਰ ਦੀ ਬਜਾਏ ਸਾਰਾ ਦੇਸ਼ ਹੀ ਖੜਾ ਹੋਵੇ, ਜਿਹੜਾ ਸਮੁੱਚੇ ਦੇਸ਼ ਦੀ ਚੌਂਕੀਦਾਰ ਤੋਂ ਲੈ ਕੇ ਦੇਸ਼ ਮੁਖੀ ਬਣ ਕੇ ਸੇਵਾ ਨਿਭਾਅ ਰਿਹਾ ਹੋਵੇ, ਅਜਿਹੇ ਮਹਾਨ ਪੁਰਸ਼ ਨੂੰ ਉਨ੍ਹਾਂ ਲੋਕਾਂ ਦੀ ਜੋ ਆਪ ਜੀ ਦੇ ਵਿਰੋਧ ਵਿੱਚ ਖੜੋਤੇ ਹਨ, ਦੀ ਇੱਕ ਮੰਗ ਨੂੰ ਸਵੀਕਾਰ ਕਰਕੇ ਉਨ੍ਹਾਂ ਦਾ ਇਹ ਚੈਲਿੰਜ ਜ਼ਰੂਰ ਮਨਜ਼ੂਰ ਕਰਨਾ ਚਾਹੀਦਾ ਹੈ ਕਿ ਦੇਸ਼ 'ਚ ਪੈਣ ਵਾਲੀਆਂ ਵੋਟਾਂ ਈ ਵੀ ਐੱਮ ਦੀ ਬਜਾਏ ਬੈਲਟ ਪੇਪਰ ਰਾਹੀਂ ਹੋਣਗੀਆਂ? ਅਜਿਹਾ ਕਰਕੇ ਜਿੱਥੇ ਦੇਸ਼ ਦਾ ਸਮੁੱਚਾ ਪਰਿਵਾਰ ਤੁਹਾਨੂੰ ਵੋਟ ਦੇਵੇਗਾ, ਉਥੇ ਉਹ ਲੋਕ ਵੀ ਤੁਹਾਡੇ ਹਕ ਵਿੱਚ ਭੁਗਤਣਗੇ ਜੋ ਪਿਛਲੇ ਸਾਲਾਂ 'ਚ ਤੁਹਾਡੇ ਕੰਮਾਂ ਤੋਂ ਪ੍ਰਭਾਵਤ ਹੋਏ ਹੋਣਗੇ। ਇਹ ਵਿਰੋਧੀਆਂ ਦੀ ਮੰਗ ਕੋਈ ਗੈਰ ਕਾਨੂੰਨੀ ਨਹੀਂ ਹੈ। ਈ ਵੀ ਐਮ ਆਉਣ ਤੋਂ ਪਹਿਲਾਂ ਸਾਰੇ ਤਰ੍ਹਾਂ ਦੀਆਂ ਵੋਟਾਂ ਬੈਲਟ ਪੇਪਰ ਰਾਹੀਂ ਪਾਈਆ ਅਤੇ ਗਿਣੀਆ ਜਾਂਦੀਆਂ ਸਨ। ਅਜਿਹਾ ਕਰਨ ਨਾਲ ਜਿਥੇ ਵਿਰੋਧੀਆਂ ਦੇ ਸ਼ੰਕੇ ਦੂਰ ਹੋ ਜਾਣਗੇ। ਉਥੇ ਹੀ ਤੁਹਾਡੇ ਪ੍ਰੇਮੀਆਂ ਦੇ ਗਰਾਫ਼ ਦਾ ਵੀ ਪਤਾ ਲੱਗ ਜਾਵੇਗਾ। ਅਜਿਹਾ ਕਰਨ ਨਾਲ ਜਨਤਾ ਦੇ ਇੱਕ ਹਿੱਸੇ ਦੇ ਸ਼ੰਕਿਆਂ ਦਾ ਨਿਪਟਾਰਾ ਹੋ ਜਾਵੇਗਾ। ਗਵਾਂਢੀ ਦੇਸ਼ ਪਾਕਿਸਤਾਨ ਤੋਂ ਲੈ ਕੇ ਲੋਕ ਰਾਜ ਦੇ ਮਸੀਹਾ ਅਮਰੀਕਾ ਦੇਸ਼ ਵਿੱਚ ਜੋ ਸੰਸਾਰ 'ਚ ਮੋਹਰੀ ਰਿਹਾ ਹੈ, ਅਜਿਹਾ ਹੀ ਹੋ ਰਿਹਾ ਹੈ। ਜਿਸ ਮੁਹਿੰਮ ਨੂੰ ਦੇਸ਼ ਦਾ ਪੜ੍ਹਿਆ ਲਿਖਿਆ ਤਬਕਾ ਸੁਪਰੀਮ ਕੋਰਟ ਦਾ ਵਕੀਲ ਚਲਾ ਰਿਹਾ ਹੈ, ਵੀ ਚੁੱਪ ਹੋ ਜਾਣਗੇ। ਕੀ ਮੋਦੀ ਸਾਹਿਬ ਇਸ ਚੈਲਿੰਜ ਨੂੰ ਕਬੂਲ ਕਰਕੇ ਵਿਰੋਧੀਆਂ ਦੀ ਹਮਦਰਦੀ ਨੂੰ ਵੀ ਆਪਣੇ ਪਰਵਾਰ ਵਿੱਚ ਸ਼ਾਮਲ ਕਰਨ ਦੀ ਦਲੇਰੀ ਕਰਨਗੇ? ਜਿਸ ਨਾਲ "ਸਭ ਕਾ ਸਾਥ ਸਭ ਕਾ ਵਿਕਾਸ" ਵਾਕਿਆ ਹੀ ਅਮਲ 'ਚ ਦਿਸਣ ਲਗੇਗਾ। ਇਸ ਲਈ ਆਉਣ ਵਾਲੇ ਸਮੇਂ 'ਚ ਸੰਬੰਧਤ ਲੋਕ ਉਡੀਕਵਾਨ ਰਹਿਣਗੇ।

*# ਸੰਪਰਕ : 98721-65741*

# ਸੰਘਰਸ਼ ਕਰਦੇ ਲੋਕਾਂ ਦੇ ਏਕੇ ਲਈ ਤਾਂਘਦੇ ਲੋਕ-11

## ਲੋਕਾਂ ਦੀ ਗੱਲ

### ਹਰਜਿੰਦਰ ਸਿੰਘ ਅਟਵਾਲ (ਡਾ.)

ਜਦੋਂ ਅਸੀਂ 'ਲੋਕਾਂ ਦੀ ਗੱਲ' ਕਾਲਮ ਵਿੱਚ ਇਸ ਏਕੇ ਦੀ ਤਾਂਘ ਵਿੱਚ ਬੈਠੇ ਲੋਕਾਂ ਦੀ ਲੜੀ ਸ਼ੁਰੂ ਕੀਤੀ ਸੀ ਤਾਂ ਉਸ ਸਮੇਂ ਕਿਸਾਨੀ ਸੰਘਰਸ਼ ਦੀਆਂ ਹਾਲ ਹੀ ਵਿੱਚ ਵਾਪਰੀਆਂ ਘਟਨਾਵਾਂ ਦਾ ਕਿਆਸ ਨਹੀਂ ਸੀ ਕੀਤਾ ਜਾ ਸਕਦਾ। ਇਕ ਸਾਲ ਤੋਂ ਵੱਧ ਸਮੇਂ ਤੱਕ ਦਿੱਲੀ ਦੀਆਂ ਬਰੂਹਾਂ 'ਤੇ ਬੈਠ ਕੇ 'ਸੰਯੁਕਤ ਕਿਸਾਨ ਮੋਰਚਾ' ਦੇ ਬੈਨਰ ਹੇਠ ਲੜੇ ਸ਼ਾਂਤਪੂਰਵਕ ਸੰਘਰਸ਼ ਦੀ ਮਿਸਾਲ ਹੀ ਸਾਡੇ ਸਾਹਮਣੇ ਸੀ। ਉਸ ਸੰਘਰਸ਼ ਦਾ ਹਾਸਲ ਤਿੰਨ ਕਾਲੇ ਖੇਤੀ ਕਾਨੂੰਨਾਂ ਨੂੰ, ਜੋ ਸਰਕਾਰ ਨੇ ਬਹੁਤ ਹੀ ਕਾਹਲੀ-ਕਾਹਲੀ ਪਾਰਲੀਮੈਂਟ ਵਿੱਚ ਪੇਸ਼ ਕਰਕੇ, ਪਾਸ ਕਰਵਾ ਕੇ, ਰਾਸ਼ਟਰਪਤੀ ਦੀ ਮੋਹਰ ਲਵਾ ਕੇ ਲਾਗੂ ਕਰਨ ਦਾ ਮਨ ਬਣਾ ਲਿਆ ਸੀ, ਦੇਸ਼ ਦੇ ਪ੍ਰਧਾਨ ਮੰਤਰੀ ਵੱਲੋਂ ਗੁਰੂ ਨਾਨਕ ਜੀ ਦੇ ਗੁਰਪੁਰਬ ਵਾਲੇ ਦਿਨ ਵਾਪਸ ਲੈਣ ਦਾ ਐਲਾਨ ਕਰਨ ਲਈ ਮਜਬੂਰ ਕੀਤਾ ਸੀ। ਕਾਨੂੰਨ ਵਾਪਸ ਲੈਣ ਸਮੇਂ 'ਸੰਯੁਕਤ ਕਿਸਾਨ ਮੋਰਚਾ' ਵਿੱਚ ਆਮ ਸਹਿਮਤੀ ਇਹ ਬਣੀ ਸੀ ਕਿ ਇਹ ਕਾਲੇ ਕਾਨੂੰਨ ਵਾਪਸ ਹੋਣ ਨਾਲ ਸਥਿਤੀ ਪਹਿਲਾਂ ਵਰਗੀ ਹੀ ਬਣੀ ਰਹਿਣੀ ਹੈ, ਜਿਸ ਵਿੱਚ ਖੇਤੀ ਘਾਟੇ ਵਾਲਾ ਧੰਦਾ ਹੋਣ ਕਰਕੇ ਖੇਤੀ ਨਾਲ ਜੁੜੇ ਲੋਕਾਂ (ਕਿਸਾਨ ਅਤੇ ਮਜ਼ਦੂਰ) ਦੀ ਹਾਲਤ ਸੁਧਰਨੀ ਨਹੀਂ, ਖੁਦਕੁਸ਼ੀਆਂ ਪਹਿਲਾਂ ਵਾਂਗ ਹੀ ਹੁੰਦੀਆਂ ਰਹਿਣੀਆਂ ਹਨ, ਹਾਲਾਤ ਸੁਧਾਰਨ ਅਤੇ ਖੁਦਕੁਸ਼ੀਆਂ ਨੂੰ ਰੋਕਣ ਜਾਂ ਘੱਟ ਕਰਨ ਲਈ ਉਨ੍ਹਾਂ ਤੇਈ ਫਸਲਾਂ 'ਤੇ ਜਿਨ੍ਹਾਂ ਦੀ ਘੱਟੋ-ਘੱਟ ਖ਼ਰੀਦ ਕੀਮਤ ਕੇਂਦਰ ਸਰਕਾਰ ਨਿਰਧਾਰਤ ਕਰਦੀ ਹੈ, ਸਰਕਾਰ ਵੱਲੋਂ ਕਾਨੂੰਨੀ ਗਰੰਟੀ ਦਿੱਤੀ ਜਾਵੇ ਕਿ ਕਿਸਾਨ ਦੀ ਫ਼ਸਲ ਸਰਕਾਰ ਵੱਲੋਂ ਨਿਰਧਾਰਤ ਕੀਤੇ ਮੁੱਲ ਤੋਂ ਘੱਟ ਨਹੀਂ ਵਿਕ ਸਕੇਗੀ। ਸਰਕਾਰ ਵੱਲੋਂ ਬਣਾਈ ਇਕ ਕਮੇਟੀ, ਜਿਸ ਨੇ ਆਪਣੀ ਰਿਪੋਰਟ ਪੇਸ਼ ਕਰਨੀ ਸੀ, ਜੋ ਅੱਜ ਤੱਕ ਵੀ ਨਹੀਂ ਹੋਈ, ਦਾ ਗਠਨ ਕੀਤਾ ਗਿਆ, ਜਿਸ ਵਿੱਚ ਕਿਸਾਨ ਜਥੇਬੰਦੀਆਂ ਦੇ ਪ੍ਰਤੀਨਿਧ ਇਸ ਕਰਕੇ ਸ਼ਾਮਲ ਨਹੀਂ ਹੋਏ ਕਿਉਂ ਜੋ ਉਨ੍ਹਾਂ ਨੂੰ ਲਗਦਾ ਸੀ ਕਿ ਇਸ ਕਮੇਟੀ ਵਿੱਚ ਉਹ ਮੈਂਬਰ ਵਧੇਰੇ ਹਨ, ਜੋ ਤਿੰਨ ਖੇਤੀ ਕਾਨੂੰਨਾਂ (ਕਾਲੇ) ਦੀ ਹਮਾਇਤ ਕਰਦੇ ਆ ਰਹੇ ਹਨ, ਦੂਜਾ ਕਿਸਾਨ ਜਥੇਬੰਦੀਆਂ ਨੂੰ ਲਗਦਾ ਸੀ ਕਿ ਸਾਨੂੰ ਢੁਕਵੀਂ ਪ੍ਰਤੀਨਿਧਤਾ ਨਹੀਂ ਮਿਲੀ। ਉਸ ਕਮੇਟੀ ਦੀ ਰਿਪੋਰਟ ਅੱਜ ਤੱਕ ਵੀ ਪੇਸ਼ ਨਹੀਂ ਹੋ ਸਕੀ। ਸਾਲ ਤੋਂ ਵੱਧ ਚੱਲੇ ਕਿਸਾਨੀ ਘੋਲ ਦੌਰਾਨ ਖੇਤੀ ਆਰਥਿਕਤਾ ਬਾਰੇ ਮੁਹਾਰਤ ਰੱਖਣ ਵਾਲੇ ਇੱਕ ਚਿੰਤਕ ਨੇ ਉਦੋਂ ਵੀ ਕਿਹਾ ਸੀ ਕਿ ਇਨ੍ਹਾਂ ਤਿੰਨ ਕਾਨੂੰਨਾਂ ਨੂੰ ਰੱਦ ਕਰਕੇ ਇੱਕ ਚੌਥਾ ਕਾਨੂੰਨ ਲਿਆਉਣਾ ਜ਼ਰੂਰੀ ਹੈ, ਉਹ ਹੈ ਕਿਸਾਨ ਦੀ ਫ਼ਸਲ ਦਾ ਉਚਿਤ ਮੁੱਲ ਮਿਲਣ ਦੀ ਗਰੰਟੀ, ਪਰ ਸਰਕਾਰ ਇਸ ਪਾਸੇ ਵੱਲ ਅੱਗੇ ਹੀ ਨਹੀਂ ਵਧੀ, ਸਗੋਂ ਉਸ ਦਾ ਮੰਨਣਾ ਹੈ ਕਿ ਇਹ ਸੰਭਵ ਨਹੀਂ, ਇਸ ਨਾਲ ਮੁਲਕ ਦੀ ਆਰਥਿਕਤਾ ਗੜਬੜਾ ਜਾਵੇਗੀ। ਕੁਝ ਲੋਕ ਉਦੋਂ ਵੀ ਇਹ ਸ਼ੰਕਾ ਜ਼ਾਹਰ ਕਰਦੇ ਸਨ ਕਿ ਭਾਵੇਂ ਪ੍ਰਧਾਨ ਮੰਤਰੀ ਨੇ ਕਾਨੂੰਨ ਵਾਪਸ ਲੈਣ ਦਾ ਐਲਾਨ ਕਰ ਦਿੱਤਾ ਹੈ, ਪਰ ਉਸ ਦੇ ਅਤੇ ਉਸ ਦੀ ਸਰਕਾਰ ਦੇ ਮਨ ਵਿੱਚ ਖੋਟ ਹੈ, ਉਹ ਫਿਰ ਕਦੀ ਕਿਸੇ ਹੋਰ ਢੰਗ ਨਾਲ ਇਸ ਦੀਆਂ ਕੁਝ ਮੱਦਾਂ ਲਾਗੂ ਕਰਨ ਦਾ ਯਤਨ ਕਰਨਗੇ।

ਲੰਮਾ ਸਮਾਂ ਬੀਤ ਜਾਣ ਬਾਅਦ 'ਸੰਯੁਕਤ ਕਿਸਾਨ ਮੋਰਚਾ' ਵਿੱਚ ਸ਼ਾਮਲ ਜਥੇਬੰਦੀਆਂ ਵੱਲੋਂ ਫ਼ਸਲ ਖਰੀਦ ਦੀ ਗਰੰਟੀ ਵਾਲੇ ਕਾਨੂੰਨ ਬਾਰੇ ਆਪਣੀ ਮੰਗ ਉਸ ਸ਼ਿੱਦਤ ਨਾਲ ਨਾ ਉਠਾ ਸਕਣਾ, ਆਮ ਕਿਸਾਨ, ਜੋ ਪਹਿਲੇ ਸੰਘਰਸ਼ ਵਿੱਚ ਬਹੁਤ ਹੀ ਸਰਗਰਮ ਰਿਹਾ ਸੀ, ਦੇ ਮਨ ਵਿੱਚ ਕੁਝ ਸ਼ੰਕੇ ਪੈਦਾ ਹੋਣ ਦੀ ਸੰਭਾਵਨਾ ਬਣਦੀ ਗਈ। ਇਸ ਮੋਰਚੇ ਦੇ ਇੱਕ ਧੜੇ ਵੱਲੋਂ ਵਿਧਾਨ ਸਭਾ ਚੋਣਾਂ ਵਿੱਚ ਸ਼ਾਮਲ ਹੋਣਾ, ਦੂਜਿਆਂ ਦਾ ਵਿਰੋਧ ਕਰਨਾ, ਇੱਕ ਵਾਰ ਫਿਰ ਅਜਿਹੀ ਸਥਿਤੀ ਬਣਨ ਦਾ ਆਧਾਰ ਬਣਦਾ ਰਿਹਾ, ਜਿਸ ਨਾਲ ਸੰਯੁਕਤ ਮੋਰਚਾ, ਸੰਯੁਕਤ ਰਹਿੰਦਾ ਦਿਸਣੋਂ ਹਟਦਾ ਜਾ ਰਿਹਾ ਸੀ, ਪਰ ਸੰਘਰਸ਼ੀ ਕਿਸਾਨ ਜੋ ਥੋੜ੍ਹਾ-ਬਹੁਤ ਚੇਤੰਨ ਹੋ ਰਹੇ ਸਨ, ਨੂੰ ਅਹਿਸਾਸ ਹੁੰਦਾ ਗਿਆ ਕਿ ਅਜਿਹਾ ਕਾਨੂੰਨ ਬਣਾਉਣ ਲਈ ਇੱਕ ਵਾਰ ਫਿਰ ਸੰਘਰਸ਼ ਦੇ ਰਾਹ ਤੁਰਨਾ ਪੈਣਾ ਹੈ, ਜਿਸ ਨਾਲ 'ਘੱਟੋ ਘੱਟ ਖਰੀਦ ਮੁੱਲ' ਦੀ ਕਾਨੂੰਨੀ ਗਰੰਟੀ ਮਿਲ ਜਾਵੇ। ਮੋਰਚੇ ਵਿਚਲੀਆਂ ਸਾਰੀਆਂ ਜਥੇਬੰਦੀਆਂ ਹੀ ਗਾਹੇ-ਬਗਾਹੇ ਆਪਣੀ ਇਸ ਮੰਗ ਨੂੰ ਉਠਾਉਂਦੀਆਂ ਤਾਂ ਰਹੀਆਂ, ਪਰ ਜਿਹੜੀ ਗੰਭੀਰਤਾ ਇਸ ਨੂੰ ਪੂਰੀ ਕਰਾਉਣ ਲਈ ਦਿਖਾਉਣ ਦੀ ਲੋੜ ਸੀ, ਉਹ ਨਜ਼ਰ ਨਹੀਂ ਸੀ ਆ ਰਹੀ। ਜਦੋਂ ਸੰਯੁਕਤ ਕਿਸਾਨ ਮੋਰਚੇ ਦਾ ਹਿੱਸਾ ਰਹੇ ਦੋ ਧੜਿਆਂ ਨੇ ਦਿੱਲੀ ਚਲੋ ਦਾ ਨਾਅਰਾ ਦਿੱਤਾ ਤਾਂ ਕਿਸਾਨ ਆਪ-ਮੁਹਾਰੇ ਹੀ ਸ਼ੰਭੂ ਅਤੇ ਖਨੌਰੀ ਬਾਰਡਰਾਂ 'ਤੇ ਪਹੁੰਚ ਗਏ। ਇਨ੍ਹਾਂ ਬਾਰਡਰਾਂ 'ਤੇ ਪਹੁੰਚੇ ਕਿਸਾਨ ਕੇਵਲ ਉਨ੍ਹਾਂ ਦੋ ਜਥੇਬੰਦੀਆਂ ਦੇ ਨਾਲ ਜੁੜੇ ਹੋਏ ਨਹੀਂ ਸਨ, ਸਗੋਂ ਗਲ-ਗਲ ਕਰਜ਼ੇ ਵਿੱਚ ਡੁੱਬੇ ਉਹ ਕਿਸਾਨ ਵੀ ਸਨ, ਜੋ ਇਹ ਸੋਚਦੇ ਸਨ ਕਿ ਸ਼ਾਇਦ ਇਸ ਕਾਨੂੰਨ ਨਾਲ ਹੀ ਕਰਜ਼ੇ ਦੀ ਪੰਡ ਹਲਕੀ ਹੋ ਸਕੇ। ਇਸ ਸੰਘਰਸ਼ ਦੌਰਾਨ ਸਰਕਾਰੀ ਪ੍ਰਤੀਨਿਧਾਂ ਅਤੇ ਕਿਸਾਨਾਂ ਵਿਚਕਾਰ ਹੋਈ ਗੱਲਬਾਤ ਵਿੱਚ ਇਕ ਵਾਰ ਉਸ ਠੇਕਾ ਸਿਸਟਮ (ਕੰਟਰੈਕਟ ਫਾਰਮਿੰਗ) ਦੀ ਖੇਤੀ ਦੀ ਗੱਲ ਉੱਭਰੀ, ਜਿਸ ਨੂੰ ਕਿਸਾਨ ਸਾਲ ਤੋਂ ਵੱਧ ਚੱਲੇ ਸੰਘਰਸ਼ ਅਤੇ 700 ਤੋਂ ਵੱਧ ਸ਼ਹਾਦਤਾਂ ਨਾਲ ਰੱਦ ਕਰਵਾ ਕੇ ਆਏ ਸਨ। ਸਰਕਾਰ ਵੱਲੋਂ ਅੱਜ ਫਿਰ ਉਸ ਕੰਟਰੈਕਟ ਸਿਸਟਮ ਨੂੰ ਤਿੰਨ ਹੋਰ ਫਸਲਾਂ 'ਤੇ ਲਾਗੂ ਕਰਨ ਦਾ ਇੱਕ ਪਾਸੜ ਐਲਾਨ ਕਰ ਦਿੱਤਾ ਹੈ। ਸ਼ਾਤਰ ਹਾਕਮੀ ਚਾਲਾਂ ਤੋਂ ਹੁਣ ਵੀ ਵਧੇਰੇ ਸੁਚੇਤ ਰਹਿਣਾ ਚਾਹੀਦਾ ਹੈ।

ਇਕ ਸਾਲ ਤੋਂ ਵੱਧ ਚੱਲੇ ਸੰਘਰਸ਼ ਨੇ ਸਾਰੀ ਦੁਨੀਆ ਨੂੰ ਇਹ ਤਾਂ ਸਿੱਧ ਕਰਕੇ ਦੱਸ ਦਿੱਤਾ ਸੀ ਕਿ ਕਿਸਾਨਾਂ ਦਾ ਲੋਕ ਆਧਾਰ ਵੀ ਹੈ, ਲੜਨ ਦੀ ਸ਼ਕਤੀ ਅਤੇ ਸਮਰੱਥਾ ਵੀ ਹੈ, ਵਿਚਾਰ ਚਰਚਾ ਵਿੱਚ ਆਪਣਾ ਪੱਖ ਰੱਖਣਾ ਅਤੇ ਦੂਜੇ ਦੇ ਪੱਖ ਦੀ ਕਾਟ ਕਰ ਸਕਣ ਦੀ ਸਮਝ ਅਤੇ ਦਲੇਰੀ ਵੀ ਹੈ, ਸੂਝ ਅਤੇ ਸਮਝ ਨੂੰ ਆਪਣੀ ਤਾਕਤ ਬਣਾਉਣ ਦੀ ਯੁਗਤ ਵੀ ਹੈ, ਸਰਕਾਰੀ ਜਬਰ ਦਾ ਸਬਰ ਨਾਲ ਮੁਕਾਬਲਾ ਕਰ ਸਕਣ ਦਾ ਹੁਨਰ ਵੀ ਹੈ, ਸਾਰੇ ਧੜਿਆਂ ਨੂੰ ਨਾਲ ਲੈ ਕੇ ਚੱਲਣ ਦੀ ਸਮਰੱਥਾ ਵੀ ਹੈ। ਉਸ ਕਿਸਾਨੀ ਸੰਘਰਸ਼ ਦੀਆਂ ਇਨ੍ਹਾਂ ਪ੍ਰਾਪਤੀਆਂ ਦੀ ਬਾਤ ਲੰਮਾ ਸਮਾਂ ਪੈਂਦੀ ਰਹੇਗੀ, ਖੋਜਾਰਥੀਆਂ ਲਈ ਇਹ ਖੋਜ ਦਾ ਵਿਸ਼ਾ ਵੀ ਬਣਿਆ ਰਹੇਗਾ, ਪਰ ਸਮੇਂ ਦੀ ਲੋੜ ਹੈ ਕਿ ਉਹ ਏਕਾ ਅਤੇ ਸੂਝ ਮੁੜ ਸਿਰਜਿਆ ਜਾਵੇ ਤਾਂ ਕਿ ਕਰਜ਼ੇ ਵਿੱਚ ਗਲ-ਗਲ ਡੁੱਬਿਆ ਕਿਸਾਨ, ਸੰਘਰਸ਼ ਲਈ ਹੌਸਲਾ ਇਕੱਠਾ ਕਰ ਸਕੇ। ਵੱਖ-ਵੱਖ ਧੜਿਆਂ ਵੱਲੋਂ ਪਿਛਲੇ ਦਿਨੀਂ ਆਪੋ-ਆਪਣੀ ਪੱਧਰ 'ਤੇ ਸਫ਼ਲਤਾ ਨਾਲ ਸੰਘਰਸ਼ ਉਲੀਕੇ ਅਤੇ ਨੇਪਰੇ ਚਾੜ੍ਹੇ ਜਾ ਰਹੇ ਹਨ, ਪਰ ਮਸਲਾ ਅੱਜ ਇਹ ਹੈ ਕਿ ਸਰਕਾਰ ਵੱਲੋਂ ਪਾਏ ਸ਼ਕਤੀਸ਼ਾਲੀ 'ਜਾਲ' ਨੂੰ ਜੇ ਲੈ ਕੇ ਉਡਣਾ ਹੈ ਤਾਂ ਸਾਰੀਆਂ 'ਚਿੜੀਆਂ' ਨੂੰ ਜ਼ੋਰ ਇਕੱਠਾ ਹੀ ਲਾਉਣਾ ਪਵੇਗਾ। 'ਸੰਯੁਕਤ ਕਿਸਾਨ ਮੋਰਚੇ' ਵਿਚਲੇ ਹਰ ਧੜੇ ਦੀ ਹੀ ਜ਼ਿੰਮੇਵਾਰੀ ਹੈ ਕਿ ਫਸਲ ਖਰੀਦ ਦੀ ਗਰੰਟੀ ਵਾਲੇ ਕਾਨੂੰਨ ਦੇ ਇਕ ਮੁੱਦੇ 'ਤੇ ਇਕੱਠੇ ਹੋ ਕੇ ਸੰਘਰਸ਼ ਕਰਨ ਤਾਂ ਕਿ ਆਮ ਲੋਕਾਂ ਦੀ ਤਾਕਤ ਦੀ ਵਰਤੋਂ ਵੀ ਹੋ ਸਕੇ ਅਤੇ ਉਨ੍ਹਾਂ ਵਿੱਚ ਮਾਯੂਸੀ ਦਾ ਵਾਤਾਵਰਨ ਵੀ ਨਾ ਉਪਜੇ।

*ਸੰਪਰਕ : 98721-73475*

# ਪੈਨਸ਼ਨ ਸਿਰਹਾਣੇ...

## ਜ਼ਿੰਦਗੀ ਵੱਲ ਖੁੱਲ੍ਹਦੀ ਖਿੜਕੀ

### ਡਾ: ਸ਼ਿਆਮ ਸੁੰਦਰ ਦੀਪਤੀ

ਪੈਨਸ਼ਨ ਸ਼ਬਦ ਨਾਲ ਸਾਰੇ ਹੀ ਕਿਸੇ ਨਾ ਕਿਸੇ ਤਰੀਕੇ ਨਾਲ ਵਾਕਫ਼ ਹਨ। ਇਹ ਸਮਾਜਿਕ ਮੁੱਦਾ ਹੈ ਤੇ ਹੌਲੀ-ਹੌਲੀ ਇਸ ਨੂੰ ਰਾਜਨੀਤਕ ਰੂਪ ਵਿਚ ਵਰਤਿਆ ਜਾਣ ਲੱਗਾ ਹੈ। ਪਹਿਲਾਂ ਇਹ ਸਰਕਾਰੀ ਮੁਲਾਜ਼ਮਾਂ ਨੂੰ ਆਪਣੀ ਸਾਰੀ ਉਮਰ ਕੀਤੀ ਨੌਕਰੀ ਦੇ ਇਵਜ਼ ਵਿਚ ਮਿਲਦੀ ਸੀ, ਤੇ ਸਰਕਾਰਾਂ ਖਾਸ ਤੌਰ 'ਤੇ ਜਦੋਂ ਕਲਿਆਣਕਾਰੀ ਅਤੇ ਸਮਾਜਿਕ ਸੁਰੱਖਿਆ ਦੇ ਘੇਰੇ ਵਿਚ ਆਉਣ ਲੱਗੀਆਂ ਤੇ ਆਪਣੇ ਦੇਸ਼ ਦੇ ਲੋਕਾਂ ਨੂੰ ਸਮਾਜਿਕ ਸੁਰੱਖਿਆ ਦੇ ਨਾਂਅ 'ਤੇ ਬੁਢਾਪਾ ਪੈਨਸ਼ਨ, ਵਿਧਵਾ ਪੈਨਸ਼ਨ ਅਤੇ ਇਸੇ ਤਰ੍ਹਾਂ ਹੋਰ ਬੇਸਹਾਰਾ ਲੋਕਾਂ ਨੂੰ ਇਸ ਤਰ੍ਹਾਂ ਕੁਝ ਰਿਆਇਤਾਂ ਦੇਣ ਲੱਗੀਆਂ ਤੇ ਅੱਜ ਰਾਜਨੀਤੀ ਦੀ ਚੋਣ ਪ੍ਰਕਿਰਿਆ ਨੇ ਲੋਕਾਂ ਨੂੰ ਲੁਭਾਉਣ ਲਈ ਇਹ ਤਰੀਕਾ ਵਰਤਣਾ ਸ਼ੁਰੂ ਕੀਤਾ ਹੈ, ਪਰ ਰਾਜਨੇਤਾ ਖੈਰਾਤ ਸਮਝ ਕੇ, ਆਪਣੇ ਪਿੱਛੇ ਲਾ ਕੇ, ਇਹ ਵੰਡਣੀਆਂ ਹਨ। ਜੋ ਜਦੋਂ ਕਿ ਇਹ ਸਹੂਲਤਾਂ ਖੁਦ-ਬ-ਖੁਦ ਆਪਣੇ ਆਪ ਲੋਕਾਂ ਦੀ ਉਮਰ ਅਤੇ ਹਾਲਤ ਦਾ ਜਾਇਜ਼ਾ ਲੈ ਕੇ ਉਨ੍ਹਾਂ ਦੇ ਘਰਾਂ ਤੱਕ ਪਹੁੰਚਾਉਣੀ ਚਾਹੀਦੀ ਹੈ।

ਰਾਜਨੀਤੀ ਦੇ ਲੋਕ ਇਸ ਬਾਰੇ ਵਿਚਾਰ ਚਰਚਾ ਕਰਨ ਤੋਂ ਕਤਰਾਉਂਦੇ ਹਨ, ਕਿਉਂਕਿ ਜੋ ਉਹ ਆਪ ਕਈ-ਕਈ ਪੈਨਸ਼ਨਾਂ ਲੈ ਕੇ ਆਪਣਾ ਢਿੱਡ ਭਰਦੇ ਹਨ। ਕੋਈ ਇਕ ਦਿਨ ਦੇ ਲਈ ਵੀ ਸੰਸਦ ਜਾਂ ਵਿਧਾਇਕ ਬਣ ਜਾਵੇ, ਉਹ ਸਾਰੀ ਉਮਰ ਪੈਨਸ਼ਨ ਦਾ ਭਾਗੀਦਾਰ ਹੋ ਜਾਂਦਾ ਹੈ, ਜਦੋਂ ਕਿ ਸਰਕਾਰੀ ਮੁਲਾਜ਼ਮ ਰਿਟਾਇਰਮੈਂਟ ਲੈ ਕੇ ਫਿਰ ਤੋਂ ਨੌਕਰੀ ਕਰਦਾ ਹੈ ਤਾਂ ਉਸ ਨੂੰ ਨਿਗੂਣੀ ਜਿਹੀ ਰਕਮ ਦੇ ਕੇ ਉਸ ਨਾਲ ਹੀ ਸਾਰ ਦਿੱਤਾ ਜਾਂਦਾ ਹੈ। ਮੈਂ ਖੁਦ ਨੌਕਰੀ ਅਤੇ ਰਿਟਾਇਰਮੈਂਟ ਤੋਂ ਬਾਅਦ ਵਾਲੀ ਨੌਕਰੀ ਵੀ ਕੀਤੀ ਹੈ ਤੇ ਪੈਨਸ਼ਨ ਦੇ ਨਾਲ ਵਾਧੂ ਭੱਤੇ ਵੀ ਹਾਸਲ ਕੀਤੇ ਹਨ।

ਪੈਨਸ਼ਨ ਦਾ ਮਤਲਬ ਹੈ ਕਿ ਵਿਅਕਤੀ ਵੱਲੋਂ ਆਪਣੀ ਸਾਰੀ ਉਮਰ ਲਾ ਕੇ ਕੰਮ ਕੀਤੇ ਜਾਣ ਮਗਰੋਂ ਗੁਜ਼ਾਰੇ ਲਈ ਕੁਝ ਭੱਤਾ ਦਿੱਤਾ ਜਾਵੇ ਤਾਂ ਜੋ ਆਪਣੀ ਜ਼ਿੰਦਗੀ ਦੇ ਆਖਰੀ ਦਿਨ ਕਿਸੇ ਦੀ ਮੁਥਾਜੀ ਨਾ ਕਰ ਸਕੇ। ਇਹੀ ਉਨ੍ਹਾਂ ਦਾ ਹੱਕ ਬਣਦਾ ਹੈ, ਵੈਸੇ ਤਾਂ ਲੋਕਤਾਂਤਰਿਕ ਦੇਸ਼ ਵਿਚ, ਸੁਰੱਖਿਆ ਦੇ ਅਧਿਕਾਰ ਤਹਿਤ ਇਹ ਸਭ ਲਈ ਲਾਜ਼ਮੀ ਚਾਹੀਦੀ ਹੈ।

ਸਮਾਜਿਕ ਸੁਰੱਖਿਆ ਅਧੀਨ ਆਉਣ ਵਾਲੀਆਂ ਪੈਨਸ਼ਨਾਂ ਕਹਿਣ ਨੂੰ ਜੋ ਮਰਜ਼ੀ ਕਹਿਣ, ਪਰ ਉਸ ਨਾਲ ਕੋਈ ਵੀ ਦੋ ਟਾਇਮ ਦੀ ਰੋਟੀ ਤਾਂ ਛੱਡੋ, ਚਾਹ ਵੀ ਨਹੀਂ ਪੀ ਸਕਦਾ। ਉਹ ਖੈਰਾਤ ਵੱਧ ਲੱਗਦੀਆਂ ਹਨ ਤੇ ਲੋਕਾਂ ਦੇ ਵਾਸਤੇ ਸ਼ੁਰੂ ਕੀਤੀ ਗਈ ਕਲਿਆਣਕਾਰੀ ਸਕੀਮ ਘੱਟ ਲੱਗਦੀਆਂ ਹਨ, ਕਿਉਂਕਿ ਉਹ ਵਿਅਕਤੀ ਦੇ ਗੁਜ਼ਾਰਾ ਕਰਨ ਵਾਲਾ ਮਕਸਦ ਪੂਰਾ ਨਹੀਂ ਕਰਦੀਆਂ। ਉਸ ਨੂੰ ਕਿਸੇ ਨਾ ਕਿਸੇ ਦਾ ਮੁਥਾਜ ਬਣ ਕੇ ਰਹਿਣਾ ਹੀ ਪੈਂਦਾ ਹੈ। ਇਸ ਦੀਆਂ ਹਜ਼ਾਰਾਂ ਨਹੀਂ, ਲੱਖਾਂ ਉਦਾਹਰਨਾਂ ਹਨ, ਆਲੇ-ਦੁਆਲੇ।

ਮੈਂ ਇਸ ਉਮਰ 'ਤੇ ਆਪਣੀ ਰਿਟਾਇਰਮੈਂਟ ਤੋਂ ਬਾਅਦ ਹੁਣ ਮੈਂ ਸਰਕਾਰ ਦਾ ਪੈਨਸ਼ਨਰ ਹਾਂ। ਤੁਸੀਂ ਹੈਰਾਨ ਹੋਵੋਗੇ ਕਿ ਇਸ ਸਮਾਜਿਕ ਸੁਰੱਖਿਆ ਸਕੀਮ ਅਧੀਨ ਮੈਂ ਤਕਰੀਬਨ 4000 ਰੁਪਏ ਰੋਜ਼ਾਨਾ ਪੈਨਸ਼ਨ ਦੀ ਸ਼ਕਲ ਵਿਚ ਹਾਸਲ ਕਰ ਰਿਹਾ ਹਾਂ, ਜਦੋਂ ਕਿ ਨਵੀਂ ਸਰਕਾਰੀ ਭਰਤੀ ਦੌਰਾਨ, ਐਨੇ ਪੈਸੇ ਕਿਸੇ ਮੁਲਾਜ਼ਮ ਨੂੰ ਮਸਾਂ ਮਹੀਨੇ ਲਈ ਮਿਲਦੇ ਹਨ।

ਮੈਂ ਆਪਣੇ ਸਮਾਜਿਕ ਕੰਮਾਂ ਕਾਰਨ ਵੱਖ-ਵੱਖ ਜਥੇਬੰਦੀਆਂ ਨਾਲ ਜੁੜੇ ਹੋਣ ਕਾਰਨ ਦੇਸ਼ ਵਿਚ ਕਿਸਾਨਾਂ, ਮਜ਼ਦੂਰਾਂ ਦੀ ਬਦਹਾਲੀ ਨੂੰ ਕਾਫ਼ੀ ਨੇੜੇ ਤੋਂ ਤੱਕਿਆ ਹੈ। ਕਿਸਾਨੀ ਅੰਦੋਲਨ ਦੌਰਾਨ ਜਦੋਂ ਮੈਂ ਅਜੇ ਨੌਕਰੀ ਵਿਚ ਸੀ ਤਾਂ ਆਪਣੇ ਸੀਨੀਅਰ ਅਤੇ ਸਮਾਜਿਕ ਕਾਰਕੁੰਨ ਦੇ ਤੌਰ 'ਤੇ ਮੇਰੇ ਸਾਥੀ ਡਾ. ਪਿਆਰਾ ਲਾਲ ਗਰਗ ਨੂੰ ਸ਼ਰੇਆਮ ਇਕੱਠ ਵਿਚ ਹਰ ਮਹੀਨੇ ਮਿਲਦੀ ਲੱਖਾਂ ਦੀ ਪੈਨਸ਼ਨ ਬਾਰੇ ਬਿਆਨ ਕਰਦੇ ਸੁਣਿਆ। ਮੈਂ ਖੁਦ ਹੈਰਾਨ ਹੋਇਆ ਕਿ ਮੈਂ ਨੌਕਰੀ ਤੋਂ ਬਾਅਦ ਖੁਦ ਪੈਨਸ਼ਨ ਦੇ ਰੂਪ ਵਿਚ ਇੰਨੇ ਜ਼ਿਆਦਾ ਪੈਸੇ ਹਾਸਲ ਕਰਿਆ ਕਰਾਂਗਾ, ਜਿਵੇਂ ਮੈਂ ਤੁਹਾਨੂੰ ਦੱਸਿਆ ਕਿ ਬੁਢਾਪਾ ਪੈਨਸ਼ਨ ਪੰਜ ਸੌ ਰੁਪਏ ਮਹੀਨੇ ਨੂੰ ਸਰਕਾਰਾਂ ਆਪਣੀ ਵੱਡੀ ਪ੍ਰਾਪਤੀ ਦੱਸਦੀਆਂ ਹਨ ਤੇ ਪੰਜ ਸੌ ਰੁਪਏ ਵਿਚ ਇਸ ਉਮਰ 'ਤੇ ਕਿਸੇ ਬਜ਼ੁਰਗ ਦੀ ਇਕ ਵਕਤ ਦੀ ਦਵਾਈ ਵੀ ਨਹੀਂ ਆਉਂਦੀ, ਜਦੋਂ ਕਿ ਪਹਿਲੀ ਜ਼ਰੂਰਤ ਖੁਰਾਕ ਦੀ ਹੈ ਤੇ ਕਿਸੇ ਤੋਂ ਏਨੀ ਵੱਡੀ ਪੈਨਸ਼ਨ ਦੱਸਣ ਦੀ ਆਸ ਨਹੀਂ ਕੀਤੀ ਜਾਂਦੀ, ਜਿੱਥੇ ਕੋਈ ਸਹੀ ਤਨਖਾਹ ਵੀ ਨਹੀਂ ਦੱਸਦਾ।

ਆਪਣੀ ਪਹਿਲੀ ਪੈਨਸ਼ਨ ਤੋਂ ਹੀ, ਜਦੋਂ ਮੈਂ 68 ਸਾਲ 'ਤੇ ਰਿਟਾਇਰ ਹੋਇਆ ਹਾਂ, ਇਹੀ ਸੋਚਦਾ ਰਿਹਾ ਹਾਂ ਕਿ ਹੁਣ ਜਦੋਂ ਮੇਰੇ ਬੱਚੇ ਆਪਣੇ ਕੰਮ ਵਿਚ ਪੂਰੀ ਤਰ੍ਹਾਂ ਸੈੱਟ ਹਨ ਤੇ ਮੇਰੀਆਂ ਆਪਣੀਆਂ ਜ਼ਰੂਰਤਾਂ ਵੀ ਹੌਲੀ-ਹੌਲੀ ਨਿਗੂਣੀਆਂ ਹੋ ਗਈਆਂ ਹਨ। ਮੈਂ ਇੰਨੇ ਪੈਸਿਆਂ ਨੂੰ ਕੀ ਕਰਾਂਗਾ ਜਾਂ ਕਹਿ ਲਓ ਕਿ ਮੈਨੂੰ ਸਰਕਾਰ ਇੰਨੀ ਜ਼ਿਆਦਾ ਪੈਨਸ਼ਨ ਕਿਉਂ ਦੇ ਰਹੀ ਹੈ? ਪੈਸਿਆਂ ਨੂੰ ਲੈ ਕੇ ਇਹ ਸਵਾਲ ਲੋਕਾਂ ਨੂੰ ਹੈਰਾਨ ਕਰਦਾ ਹੈ, ਜਿਨ੍ਹਾਂ ਨੂੰ ਹਰ ਵੇਲੇ ਪੈਸੇ ਦੀ ਕਮੀ ਮਹਿਸੂਸ ਹੁੰਦੀ ਰਹਿੰਦੀ ਹੈ। ਪੈਸਿਆਂ ਨੂੰ ਖਰਚ ਕਰਨ ਦੇ ਨਾਂਅ 'ਤੇ ਉਨ੍ਹਾਂ ਦੇ ਕੋਲ ਗਿਣਵਾਉਣ ਲਈ ਹਜ਼ਾਰਾਂ ਚੀਜ਼ਾਂ ਹੋ ਸਕਦੀਆਂ ਹਨ ਤੇ ਉਹ ਚਾਹੁੰਦੇ ਹਨ ਕਿ ਪੈਨਸ਼ਨ ਹੋਰ ਵਧਾਈ ਜਾਵੇ।

ਸਮਾਜਿਕ ਸੁਰੱਖਿਆ ਅਤੇ ਕਲਿਆਣਕਾਰੀ ਸਰਕਾਰ ਹੋਣ ਦਾ ਸੰਕਲਪ ਉਦੋਂ ਸਰਮਾਏਦਾਰੀ ਸਰਕਾਰਾਂ ਦੇ ਖਿਆਲ ਵਿਚ ਆਇਆ। ਇਹ ਅਜੀਬ ਅਤੇ ਵਿਰੋਧਭਾਗੀ ਲਗਦਾ ਹੈ, ਜਦੋਂ ਉਨ੍ਹਾਂ ਨੇ ਆਪਣੇ ਕਾਮਿਆਂ ਨੂੰ ਵੱਧ ਤੋਂ ਵੱਧ ਕੰਮ ਕਰਵਾ ਕੇ ਘੱਟ ਤੋਂ ਘੱਟ ਤਨਖਾਹਾਂ ਦੇ ਕੇ ਆਪਣਾ ਮੁਨਾਫਾ ਵਧਾਇਆ। ਇਕ ਸਮੇਂ 'ਤੇ ਉਨ੍ਹਾਂ ਨੂੰ ਮਹਿਸੂਸ ਹੋਣ ਲੱਗਾ ਕਿ ਜੇ ਉਹ ਆਪਣੇ ਕਾਮਿਆਂ ਨੂੰ ਤਨਖਾਹਾਂ ਘੱਟ ਦੇਣਗੇ ਤਾਂ ਬਜ਼ਾਰ ਵਿਚ ਉਨ੍ਹਾਂ ਦਾ ਮਾਲ ਵਿਕਣਾ ਬੰਦ ਹੋ ਜਾਵੇਗਾ ਤੇ ਉਨ੍ਹਾਂ ਦੇ ਧੰਦੇ ਚੌਪਟ ਹੋ ਜਾਣਗੇ। ਅਸਲ ਵਿਚ ਉਨ੍ਹਾਂ ਨੇ ਆਪਣੇ ਮੁਨਾਫੇ ਬਰਕਰਾਰ ਰੱਖਣ ਲਈ ਇਹ ਕਲਿਆਣਕਾਰੀ ਸਕੀਮ ਲਿਆ ਕੇ ਆਪਣੇ-ਆਪ ਨੂੰ ਬਰਬਾਦੀ ਤੋਂ ਬਚਾਉਣ ਦਾ ਰਾਹ ਲੱਭਿਆ ਹੈ ਤੇ ਚੰਗੇ ਮਾਲਕ ਹੋਣ ਦਾ ਨਾਮਣਾ ਵੀ ਖੱਟਿਆ ਹੈ। ਸਾਲ ਵਿਚ ਇਕ ਵਾਰੀ ਮਾਮੂਲੀ ਜਿਹਾ ਬੋਨਸ ਜਾਂ ਕੋਈ ਚੰਦ ਕੁ ਰੁਪਏ ਦਾ ਗਿਫਟ ਦੇ ਕੇ ਉਹ ਕਾਮਿਆਂ ਦਾ ਵਿਸ਼ਵਾਸ ਹਾਸਲ ਕਰ ਲੈਂਦੇ ਹਨ ਤੇ ਆਪ ਖੁੱਲ੍ਹੇਆਮ ਲੁੱਟ ਕਰਨ ਦਾ ਰਾਹ ਪੱਧਰਾ ਕਰ ਲੈਂਦੇ ਹਨ।

ਇਸੇ ਕਲਿਆਣਕਾਰੀ ਭਾਵਨਾ ਨਾਲ ਸ਼ੁਰੂ ਕੀਤੀ ਗਈ ਪੈਨਸ਼ਨ, ਸਰਮਾਏਦਾਰੀ ਦੇ ਰੂਪ ਵਿਚ ਚੱਲ ਰਹੀਆਂ ਸਰਕਾਰਾਂ ਦਾ ਇਕ ਅਹਿਮ ਹਥਿਆਰ ਹੈ। ਕਹਿ ਸਕਦੇ ਹਾਂ ਜਿਵੇਂ ਕਿਸੇ ਕੁੱਤੇ ਨੂੰ ਦੋ ਬੁਰਕੀਆਂ ਪਾ ਕੇ ਉਸ ਨੂੰ ਭੌਂਕਣ ਤੋਂ ਰੋਕਣਾ ਹੁੰਦਾ ਹੈ, ਉਸੇ ਤਰ੍ਹਾਂ ਇਸੇ ਸਕੀਮ ਦੇ ਤਹਿਤ ਇਹ ਸਰਕਾਰਾਂ ਕਰਦੀਆਂ ਹਨ ਜਾਂ ਸਰਕਾਰਾਂ ਦੀ ਮਿਲੀਭੁਗਤ ਨਾਲ ਸਰਮਾਏਦਾਰੀ। ਇਨ੍ਹਾਂ ਮਿੱਲਾਂ ਦੇ ਮਾਲਕ ਜਾਂ ਹੋਰ ਸੰਸਥਾਵਾਂ ਆਪਣੇ ਹੱਕ ਵਿਚ ਕਾਨੂੰਨ ਬਣਵਾਉਂਦੀਆਂ ਹਨ।

ਤੁਸੀਂ ਅੰਦਾਜ਼ਾ ਲਗਾਓ ਮਜ਼ਦੂਰਾਂ ਸੰਬੰਧੀ ਕਾਨੂੰਨ, ਜੋ ਤਾਜ਼ਾ ਦੇਸ਼ ਵਿਚ ਲਾਗੂ ਹੋਇਆ ਹੈ। ਕੰਮ ਦੇ ਘੰਟੇ ਵਧਾ ਦਿੱਤੇ ਗਏ ਹਨ ਅਤੇ ਕੰਮ ਕਰਨ ਦੀਆਂ ਹਾਲਤਾਂ ਬਦ ਤੋਂ ਬਦਤਰ ਹੋ ਰਹੀਆਂ ਹਨ।

ਸਰਕਾਰ ਦੀ ਕੋਸ਼ਿਸ਼ ਰਹਿੰਦੀ ਹੈ ਕਿ ਉਹ ਮੁਲਾਜ਼ਮਾਂ ਅਤੇ ਕਾਮਿਆਂ ਨੂੰ ਵੰਡ ਕੇ ਰੱਖੇ ਤੇ ਆਪਸ ਵਿਚ ਦੂਰੀ ਬਣਾ ਕੇ ਰੱਖੇ। ਸਰਕਾਰ ਦੇ ਮੁਲਾਜ਼ਮ ਭਾਵੇਂ ਦਿਨ ਪ੍ਰਤੀ ਦਿਨ ਗਿਣਤੀ ਵਿਚ ਘੱਟ ਹੋ ਰਹੇ ਹਨ, ਪਰ ਫਿਰ ਵੀ ਜਿੰਨੇ ਕੁ ਵੀ ਹਨ, ਜਿਨ੍ਹਾਂ ਬਗੈਰ ਸਰਕਾਰ ਦਾ ਸਰਦਾ ਨਹੀਂ ਹੈ, ਉਨ੍ਹਾਂ ਦੀਆਂ ਮੰਗਾਂ ਮੰਨਣ ਲੱਗਿਆਂ ਉਹ ਬਹੁਤੀ ਦੇਰ ਨਹੀਂ ਲਗਾਉਂਦੇ। ਜਦੋਂ ਕਿ ਨਿੱਜੀ ਮਹਿਕਮੇ ਵਿਚ ਕੰਮ ਕਰਦੇ ਕਾਮੇ ਜਾਂ ਮਜ਼ਦੂਰ ਜਿਨ੍ਹਾਂ ਦੀਆਂ ਸਹੂਲਤਾਂ ਨੂੰ ਲੈ ਕੇ ਸਰਕਾਰ ਕਾਨੂੰਨ ਬਣਾਉਣ ਲੱਗਿਆਂ ਕਦੇ ਵੀ ਇਸ ਵਰਗ ਬਾਰੇ ਨਹੀਂ ਸੋਚਦੀ ਤੇ ਆਪਾਂ ਦੇਖਦੇ ਹਾਂ ਕਿ ਸਰਕਾਰ ਇਨ੍ਹਾਂ ਨਿੱਜੀ ਸੰਸਥਾਵਾਂ ਵਿਚ ਕੰਮ ਕਰਦੇ ਕਾਮਿਆਂ ਦੀ ਇਕ ਦਿਨ ਦੀ ਦਿਹਾੜੀ ਵਧਾਉਣ ਲੱਗਿਆਂ ਵੀ ਕਈ-ਕਈ ਅੜਿੱਕੇ ਲਾਉਂਦੇ ਹਨ। ਜਿਵੇਂ ਕਿ ਨਵੀਂ ਵਿਵਸਥਾ ਪੈਨਸ਼ਨ ਦੀ ਕੋਈ ਵੀ ਯੋਜਨਾ ਨਹੀਂ ਹੈ।

ਇਹ ਜੋ ਸਾਰੀ ਗੱਲ ਦਾ ਬਿਆਨ ਹੁਣ ਕਰ ਰਿਹਾ ਹਾਂ, ਤੁਹਾਨੂੰ ਮੇਰੀ ਪੈਨਸ਼ਨ ਤੋਂ ਵੱਖਰੀ ਜਾਪ ਸਕਦੀ ਹੈ, ਪਰ ਆਪਣੀ ਪੈਨਸ਼ਨ ਦੇ ਹਵਾਲੇ ਤੋਂ ਤੁਹਾਨੂੰ ਮੈਂ ਦੇਸ਼ ਦੀ ਲੋਕਾਂ ਦੀ ਸਮਾਜਿਕ ਸੁਰੱਖਿਆ ਦੀ ਤਸਵੀਰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਕ ਆਮ ਮਜ਼ਦੂਰ ਪੰਜ ਸੌ ਰੁਪਏ ਦਿਹਾੜੀ ਦੇ ਲਈ ਤਰਲੇ ਕਰਦਾ ਰਹਿੰਦਾ ਹੈ ਤੇ ਦੂਜੇ ਪਾਸੇ ਸਰਕਾਰੀ ਕਾਨੂੰਨਾਂ ਤਹਿਤ ਕੰਮ ਕਰਦੇ ਅਦਾਰੇ ਤੇ ਉਨ੍ਹਾਂ ਵੱਲੋਂ ਬਣਾਈਆਂ ਨੀਤੀਆਂ ਤਹਿਤ ਸਹੂਲਤਾਂ ਹਾਸਲ ਕਰ ਰਹੇ ਮਜ਼ਦੂਰ ਕਿਸੇ ਪੱਖੋਂ ਵੀ ਸੌਖੇ ਨਹੀਂ ਹਨ।

ਤੁਸੀਂ ਅੰਦਾਜ਼ਾ ਲਗਾਓ ਕਿ ਦੇਸ਼ ਅੰਦਰ ਲੋਕਾਂ ਨੂੰ ਰੋਜ਼ਗਾਰ ਦੀ ਗਰੰਟੀ ਤਹਿਤ ਬਣਾਏ ਗਏ ਕਾਨੂੰਨ ਵਿਚ, ਕਾਮਿਆਂ ਨੂੰ ਬਹੁਤੀ ਥਾਈਂ ਦੋ ਸੌ ਅਠਾਈ ਰੁਪਏ ਦਿਹਾੜੀ ਮਿਲਦੀ ਹੈ, ਉਹ ਵੀ ਸੌ ਦਿਨਾਂ ਵਾਸਤੇ ਜੋ ਕਿ ਸਹੀ ਮਾਅਨਿਆਂ ਵਿਚ ਸੱਠ ਰੁਪਏ ਇਕ ਦਿਨ ਦੀ ਬਣਦੀ ਹੈ ਜਾਂ ਕਹੀਏ ਪੰਜ ਮੈਂਬਰਾਂ ਦੇ ਹਿਸਾਬ ਨਾਲ ਇਹ ਤਕਰੀਬਨ ਬਾਰਾਂ ਰੁਪਏ ਰੋਜ਼ਾਨਾ ਬਣਦੀ ਹੈ। ਉਨ੍ਹਾਂ ਬਾਰਾਂ ਰੁਪਿਆਂ ਨਾਲ ਕੀ ਕੋਈ ਦੋ ਟਾਇਮ ਦੀ ਰੋਟੀ ਖਾ ਸਕਦਾ ਹੈ ਜਾਂ ਮੰਨ ਲਓ ਉਸ ਨੂੰ ਬਾਰਾਂ ਰੁਪਏ ਵਿਚ ਗੁਜ਼ਾਰਾ ਕਰਨਾ ਵੀ ਪੈਂਦਾ ਹੈ ਤਾਂ ਉਹ ਗੁਜ਼ਾਰਾ ਕਿਸ ਤਰ੍ਹਾਂ ਦਾ ਹੋਵੇਗਾ?

ਹੁਣ ਜਦੋਂ ਮੈਂ ਚਾਰ ਹਜ਼ਾਰ ਰੁਪਏ ਰੋਜ਼ਾਨਾ, ਉਹ ਵੀ ਕੋਈ ਕੰਮ ਕੀਤੇ ਬਗੈਰ ਸਰਕਾਰ ਤੋਂ ਹਾਸਲ ਕਰ ਰਿਹਾ ਹਾਂ ਤਾਂ ਇਹ ਮੈਨੂੰ ਆਪਣੇ-ਆਪ 'ਤੇ ਭਾਰ ਮਹਿਸੂਸ ਹੁੰਦਾ ਹੈ। ਇਹ ਠੀਕ ਹੈ ਕਿ ਇਸ ਉਮਰ 'ਤੇ ਦਵਾਈਆਂ ਦਾ ਇਕ ਵੱਡਾ ਖਰਚਾ ਹੈ, ਜਿਸ ਤੋਂ ਸਰਕਾਰ ਆਪਣਾ ਪੱਲਾ ਖਿੱਚਦੀ ਰਹਿੰਦੀ ਹੈ ਤੇ ਨਿਗੂਣੀ ਜਿਹੀ ਆਬਾਦੀ ਹੀ ਇਨ੍ਹਾਂ ਸਰਕਾਰੀ ਸਹੂਲਤਾਂ ਦਾ ਫਾਇਦਾ ਮਾਣ ਰਹੀ ਹੈ, ਜਦੋਂ ਕਿ ਤਕਰੀਬਨ ਸੌ ਫੀਸਦੀ ਹੀ ਲੋਕ ਸਰਕਾਰ ਦੀਆਂ ਇਸ ਤਰ੍ਹਾਂ ਦੀਆਂ ਸਕੀਮਾਂ ਤੋਂ ਵਿਰਲੇ ਹਨ ਤੇ ਜੋ ਇਨ੍ਹਾਂ ਸਹੂਲਤਾਂ ਨੂੰ ਮਾਣ ਰਹੇ ਹਨ, ਜਦੋਂ ਕਿ ਸਮਾਜਿਕ ਸੁਰੱਖਿਆ ਤਹਿਤ ਖੁਰਾਕ, ਸਿਹਤ ਅਤੇ ਸਿੱਖਿਆ ਸਭ ਲਈ ਪਹਿਲ ਦੇ ਆਧਾਰ 'ਤੇ ਮੁਹੱਈਆ ਹੋਣ। ਇਸ ਦੀ ਗਰੰਟੀ ਵੀ, ਸਰਕਾਰੀ, ਨਾ ਕਿ ਰਾਜਨੀਤਕ ਜਾਂ ਚੁਣਾਵੀ ਨਹੀਂ, ਮਤਲਬ ਹਰ ਦੇਸ਼ ਵਾਸੀ ਨੂੰ ਹੋਵੇ।

ਇਸ ਤਰ੍ਹਾਂ ਦੀ ਵਿਵਸਥਾ ਵਿਚ ਤੁਸੀਂ ਮੇਰੇ ਚਾਰ ਹਜ਼ਾਰ ਰੁਪਏ ਰੋਜ਼ਾਨਾ ਦੀ ਪੈਨਸ਼ਨ ਨੂੰ ਲੈ ਕੇ ਸੋਚ ਰਹੇ ਹੋਵੋਗੇ ਕਿ ਮੈਂ ਕਿੰਨਾ ਭਾਗਾਂ ਵਾਲਾ ਹਾਂ, ਪਰ ਇਹ ਸਹੂਲਤਾਂ ਸਭ ਲਈ ਇਕਸਾਰ ਨਹੀਂ ਹਨ। ਮੇਰੀ ਪਤਨੀ ਜੋ ਦਰਜਾ ਤਿੰਨ ਕਰਮਚਾਰੀ ਰਿਟਾਇਰ ਹੋਈ ਹੈ। ਮਸਾਂ ਮੇਰੇ ਮੁਕਾਬਲੇ ਤੀਜਾ ਹਿੱਸਾ ਹੀ ਪੈਨਸ਼ਨ ਹਾਸਲ ਕਰਦੀ ਹੈ। ਕਹਿਣ ਨੂੰ ਉਹ ਵੀ ਕੋਈ ਘੱਟ ਨਹੀਂ ਹੈ। ਜੇ ਅਸੀਂ ਆਰਥਿਕ ਵਿਤਕਰੇ ਜਾਂ ਅਮੀਰ-ਗਰੀਬ ਦੇ ਪਾੜੇ ਦੀ ਗੱਲ ਕਰੀਏ ਤਾਂ ਤੁਸੀਂ ਅੰਦਾਜ਼ਾ ਲਗਾਓ ਦੇਸ਼ ਦੀ ਇਕ ਪ੍ਰਤੀਸ਼ਤ ਅਬਾਦੀ ਕੋਲ 73% ਦੇਸ਼ ਦੀ ਦੌਲਤ ਤੇ ਹੱਕ ਜਮਾਇਆ ਹੋਇਆ ਹੈ। ਇੱਥੋਂ ਸਾਡੇ ਦੇਸ਼ ਦੀ ਤਸਵੀਰ ਦਾ ਅੰਦਾਜ਼ਾ ਲਗਾਓ ਕਿ ਦੇਸ਼ ਦੀ ਸਿਰਫ਼ ਪੱਛੜੀ ਜਾਂ ਦਲਿਤ ਜਾਂ ਸਭ ਤੋਂ ਨੀਵੇਂ ਪੱਧਰ 'ਤੇ ਰਹਿਣ ਵਾਲੀ ਅੱਧੀ ਅਬਾਦੀ ਕੋਲ ਸਿਰਫ਼ 3% ਦੌਲਤ ਹੀ ਹਿੱਸੇ ਆਉਂਦੀ ਹੈ। ਇਹ ਪਾੜਾ ਸਰਕਾਰੀ-ਗੈਰ ਸਰਕਾਰੀ ਤੋਂ ਲੈ ਕੇ ਸਰਕਾਰੀ ਨੀਤੀਆਂ ਤਹਿਤ ਕੰਮ ਕਰਦੇ ਅਦਾਰਿਆਂ 'ਤੇ ਵੀ ਲਾਗੂ ਹੁੰਦਾ ਹੈ। ਜਦੋਂ ਮੈਂ ਆਪਣੇ ਚਾਰ ਹਜ਼ਾਰ ਰੁਪਏ ਰੋਜ਼ਾਨਾ ਪੈਨਸ਼ਨ ਦੀ ਗੱਲ ਕਰਦਾ ਹਾਂ ਤਾਂ ਮੇਰੇ ਵਰਗੇ ਭਾਗਾਂ ਵਾਲੇ ਇਕ ਫੀਸਦੀ ਤੋਂ ਵੀ ਘੱਟ ਹਨ । ਇੱਕ ਹੋਰ ਅੰਕੜਾ ਸਾਡੇ ਵਿਕਸਤ ਭਾਰਤ ਦੀ ਤਸਵੀਰ ਪੇਸ਼ ਕਰਦਾ ਹੈ ਕਿ ਦੇਸ਼ ਵਿਚ ਪੱਚੀ ਹਜ਼ਾਰ ਰੁਪਏ ਮਹੀਨਾ ਕਮਾਉਣ ਵਾਲੇ 10% ਦੇ ਘੇਰੇ ਵਿਚ ਆਉਂਦੇ ਹਨ। ਨਿੱਜੀ ਅਦਾਰੇ ਵਿਚ ਕੰਮ ਕਰਦੇ ਲੋਕਾਂ ਦੀ ਜ਼ਿੰਦਗੀ ਸਿਰਫ ਔਸਤਨ ਅੱਠ ਤੋਂ ਨੌਂ ਹਜ਼ਾਰ ਮਹੀਨੇ ਵਿਚ ਚੱਲਦੀ ਹੈ।

ਕੀ ਹੁਣ ਮੈਂ ਆਪਣੀ ਮਿਲ ਰਹੀ ਪੈਨਸ਼ਨ ਨੂੰ ਸਰਕਾਰ ਨੂੰ ਵਾਪਸ ਕਰ ਦੇਵਾਂ? ਜਿਵੇਂ ਲੋਕ ਸਰਕਾਰੀ ਸਕੀਮਾਂ ਦੇ ਹਿੱਸੇਦਾਰ ਬਣਨ ਤੋਂ ਮਨ੍ਹਾਂ ਕਰ ਦਿੰਦੇ ਹਨ। ਅਸੀਂ ਦੋਵਾਂ ਦੀ ਪੈਨਸ਼ਨ ਵਿੱਚੋਂ ਤਕਰੀਬਨ ਤੀਜੇ ਹਿੱਸੇ ਨਾਲ ਆਪਣਾ ਵਧੀਆ ਗੁਜ਼ਾਰਾ ਕਰ ਸਕਦੇ ਹਾਂ ਤੇ ਬਾਕੀ ਪੈਨਸ਼ਨ ਨੂੰ ਕਿਸੇ ਸੁਚੱਜੀ ਵਿਉਂਤਬੰਦੀ ਨਾਲ ਸਮਾਜ ਦੇ ਹੋਰ ਚੰਗੇ ਕੰਮਾਂ ਲਈ ਲੇਖੇ ਲਾਇਆ ਜਾ ਸਕਦਾ ਹੈ, ਜੋ ਲਾਇਆ ਜਾ ਰਿਹਾ ਹੈ। ਉਂਝ ਗੱਲ ਵੱਖਰੀ ਹੈ ਕਿ ਕਦੇ ਵੀ ਕਿਸੇ ਨੂੰ ਪੈਸਾ ਵਾਧੂ ਨਾ ਦਿਸਦਾ ਹੈ, ਨਾ ਲੱਗਦਾ ਹੈ।

ਇਕ ਛੋਟੀ ਜਿਹੀ ਘਟਨਾ ਨਾਲ ਆਪਣੀ ਇਹ ਸਾਰੀ ਗੱਲਬਾਤ ਨੂੰ ਸਮੇਟਦਾ ਹਾਂ, ਜੋ ਕਿ ਮਨੁੱਖੀ ਮਾਨਸਿਕਤਾ ਦੀ ਝਲਕ ਪੇਸ਼ ਕਰਦੀ ਹੈ। ਹੁਣ ਨਵੇਂ ਝੁਕਾਅ ਤਹਿਤ ਨੌਜਵਾਨ ਜਹਾਜ਼ ਚੜ੍ਹ ਕੇ ਵਿਦੇਸ਼ਾਂ ਦੀ ਧਰਤੀ 'ਤੇ ਉੱਤਰ ਰਹੇ ਹਨ। ਇਹ ਨੌਜਵਾਨ ਕੁਝ ਪੜ੍ਹਨ ਅਤੇ ਕਮਾ ਕੇ ਵਾਪਸ ਦੇਸ਼ ਪਰਤ ਆਉਣ ਲਈ ਨਹੀਂ ਜਾ ਰਹੇ ਹਨ ਤੇ ਪੱਕੇ ਤੌਰ 'ਤੇ ਉਥੇ ਵੱਸਣ ਦੇ ਇਰਾਦੇ ਨਾਲ ਜਾ ਰਹੇ ਹਨ, ਇਸ ਦੇ ਤਹਿਤ ਹੌਲੀ-ਹੌਲੀ ਉਨ੍ਹਾਂ ਦੇ ਮਾਪੇ ਵੀ ਬੱਚਿਆਂ ਦੇ ਕੋਲ ਪਹੁੰਚ ਰਹੇ ਹਨ। ਇਸ ਤਰ੍ਹਾਂ ਬਜ਼ੁਰਗ ਵੀ ਉਸ ਦੇਸ਼ ਦੇ ਪੱਕੇ ਵਾਸੀ ਹੋ ਕੇ, ਉਥੋਂ ਦੇ ਨਿਯਮਾਂ ਅਨੁਸਾਰ ਕੁਝ ਸਾਲਾਂ ਬਾਅਦ ਬੁਢਾਪਾ ਪੈਨਸ਼ਨ ਵਰਗੀਆਂ ਸਹੂਲਤਾਂ ਦੇ ਹੱਕਦਾਰ ਹੋ ਜਾਂਦੇ ਹਨ ਤੇ ਉਹ ਨਿਵਾਸੀ ਦੋ-ਦੋ ਪੈਨਸ਼ਨਾਂ ਮਾਣਦੇ ਹਨ। ਸੋਚ ਕੇ ਦੇਖੋ ਕਿ ਪੈਸੇ ਦੀ ਹਵਸ ਹੀ ਕਹਾਂਗੇ ਕਿ ਉਹ ਇਹ ਸਰਟੀਫਿਕੇਟ ਦੇਣ ਤੱਕ ਨੂੰ ਲੁਕੋ ਲੈਂਦੇ ਹਨ ਕਿ ਉਹ ਦੋ ਪੈਨਸ਼ਨਾਂ ਲੈ ਰਹੇ ਹਨ ਤਾਂ ਜੋ ਉਹ ਆਪਣੇ ਬਣਦੇ ਟੈਕਸ ਨੂੰ ਵੀ ਦੇਣ ਤੋਂ ਬਚ ਸਕਣ।

ਹੁਣ ਸਵਾਲ ਖੜ੍ਹਾ ਹੁੰਦਾ ਹੈ, ਇਸ ਵਿਚ ਤੁਸੀਂ ਲੋਕ-ਭਲਾਈ ਬਾਰੇ ਕਿਸ ਤਰ੍ਹਾਂ ਸੋਚ ਸਕਦੇ ਹੋ।

**ਮੋਬਾ. 98158-08506**

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * Web : www.nawanzamana.in

## ਰੰਗਮੰਚ ਦੇ ਸਿਰਨਾਵੇਂ

**ਡਾ. ਵੀਨਾ ਅਰੋੜਾ**
**ਸਫ਼ੇ : 166, ਮੁੱਲ : 300 ਰੁਪਏ**
**ਟਰੂ ਸਪੈਰੋ ਪਬਲਿਸ਼ਰਜ਼, ਪਟਿਆਲਾ**

# ਰੰਗ-ਕਰਮੀਆਂ ਨੂੰ ਪਾਠਕਾਂ ਦੇ ਸਨਮੁੱਖ ਕਰਦੀ ਕਿਤਾਬ






ਕਿਤਾਬ ਦੀ ਪਰਖ ਪੜਚੋਲ

**ਡਾ. ਸੰਦੀਪ ਕੌਰ ਸਰਹਾਲੀ**

ਡਾ. ਵੀਨਾ ਅਰੋੜਾ ਪੰਜਾਬੀ ਰੰਗਮੰਚ ਦੀ ਆਲੋਚਨਾ ਵਿੱਚ ਇੱਕ ਨਵੀਨ ਹਸਤਾਖਰ ਹੈ। ਉਸ ਨੇ ਪੰਜਾਬ ਦੇ ਮਕਬੂਲ ਅਦਾਕਾਰ ਅਤੇ ਨਾਟਕਕਾਰਾਂ ਨਾਲ ਮੁਲਾਕਾਤਾਂ ਨੂੰ 'ਰੰਗਮੰਚ ਦੇ ਸਿਰਨਾਵੇਂ-1' ਪੁਸਤਕ ਦੇ ਰੂਪ ਵਿੱਚ ਪਾਠਕਾਂ ਸਾਹਮਣੇ ਰੱਖਿਆ ਹੈ। ਇਸ ਪੁਸਤਕ ਰਾਹੀਂ ਉਸ ਨੇ ਜਿੱਥੇ ਆਪਣੀ ਰੰਗਮੰਚ ਪ੍ਰਤੀ ਸੂਝ-ਬੂਝ ਨੂੰ ਦਰਸਾਇਆ ਹੈ, ਉੱਥੇ ਅਜੋਕੇ ਸਮੇਂ ਦੀ ਮੰਗ ਨੂੰ ਵੀ ਪਾਠਕਾਂ ਸਾਹਮਣੇ ਪਰੋਸਿਆ ਹੈ। ਅਜੋਕੇ ਸਮੇਂ ਵਿੱਚ ਰੰਗਮੰਚ ਨੂੰ ਦਰਪੇਸ਼ ਆ ਰਹੀਆਂ ਚੁਣੌਤੀਆਂ ਅਤੇ ਸੰਭਾਵਨਾਵਾਂ ਨੂੰ ਨਾਟਕਕਾਰਾਂ ਨਾਲ ਮੁਲਾਕਾਤਾਂ ਦੇ ਜ਼ਰੀਏ ਉਘਾੜਿਆ ਹੈ।

ਬੇਸ਼ੱਕ ਪੰਜਾਬੀ ਨਾਟਕ ਦਾ ਸਫਰ ਮਖਮੂਰ ਚੰਦ ਦੇ ਨਾਟਕ 'ਸ਼ਰਾਬ ਕੌਰ' ਨਾਲ ਹੋਇਆ। ਫਿਰ ਈਸ਼ਵਰ ਚੰਦਰ ਨੰਦਾ ਨੂੰ ਪੰਜਾਬੀ ਨਾਟਕ ਦੇ ਇਤਿਹਾਸ ਦਾ ਮੋਢੀ ਮੰਨਿਆ ਗਿਆ। ਉਸ ਨੇ ਨਾਟਕ ਨੂੰ ਇੱਕ ਪਰੰਪਰਾ ਵਿੱਚੋਂ ਬਾਹਰ ਕੱਢ ਕੇ ਯਥਾਰਥ ਦੇ ਧਰਾਤਲ ਉਪਰ ਸਿਰਜਿਆ। ਫਿਰ 1920-34 ਤੱਕ ਖਾੜਕੂ ਰਾਜਨੀਤੀ ਤੋਂ ਪ੍ਰਭਾਵਤ ਹੋ ਕੇ ਪੰਜਾਬੀ ਨਾਟਕ ਲਿਖੇ ਜਾਣ ਲੱਗੇ ਅਤੇ ਇਸ ਸਮੇਂ ਦੌਰਾਨ ਹੀ ਕਾਵਿ ਨਾਟ ਹੋਂਦ ਵਿੱਚ ਆਏ। 1940-47 ਤੱਕ ਆਦਰਸ਼ਵਾਦੀ ਰੰਗ-ਮੰਚ ਦਾ ਰੁਝਾਨ ਘਟ ਗਿਆ ਅਤੇ ਮੱਧਵਰਗੀ ਸ਼ੈਲੀ ਦੇ ਸਵੈ ਪਛਾਣ ਦੀ ਸੁਰ ਵਾਲੇ ਨਾਟਕ ਲਿਖੇ ਜਾਣ ਲੱਗੇ। ਇਸ ਸਮੇਂ ਵਿੱਚ ਪੰਜਾਬੀ ਨਾਟਕ ਦੀਆਂ ਦੋ ਪ੍ਰਮੁੱਖ ਧਾਰਾਵਾਂ ਨੇ ਲਗਾਤਾਰ ਵਿਕਾਸ ਕੀਤਾ। ਇੱਕ ਸੀ ਪਰੰਪਰਾਵਾਦੀ ਰਵਾਇਤੀ ਧਿਰ ਅਤੇ ਦੂਸਰੀ ਸੀ ਪੱਛਮੀ ਤਕਨੀਕ ਵਾਲੀ ਧਿਰ। ਇਹ ਸਮਾਂ ਨਵੀਆਂ ਚੁਣੌਤੀਆਂ, ਤਾਬੀਰਾਂ ਅਤੇ ਸੰਭਾਵਨਾਵਾਂ ਦਾ ਸਮਾਂ ਸੀ। ਇਸੇ ਹੀ ਵਕਫੇ ਦੌਰਾਨ ਨਾਟਕ ਦੀ ਦੂਸਰੀ ਪੀੜ੍ਹੀ ਹੋਂਦ ਵਿੱਚ ਆਈ। ਪੰਜਾਬੀ ਰੰਗਮੰਚ ਲਗਾਤਾਰ ਆਪਣੇ ਨਵੇਂ ਪ੍ਰਤੀਮਾਨ ਸਥਾਪਤ ਕਰਦਾ ਰਿਹਾ ਹੈ। ਇਸ ਦੇ ਅੰਤਰਗਤ ਕਈ ਨਵੀਆਂ ਨਾਟ-ਸ਼ੈਲੀਆਂ ਵੀ ਹੋਂਦ ਵਿੱਚ ਆਈਆਂ। ਨਾਟਕ ਦੇ ਲਗਾਤਾਰ ਸਫਰ ਵਿੱਚ ਕਈ ਰੰਗਕਰਮੀਆਂ ਨੇ ਤਨਦੇਹੀ ਨਾਲ ਯੋਗਦਾਨ ਪਾਇਆ। ਹਰਪਾਲ ਟਿਵਾਣਾ, ਭਾਅ ਜੀ ਗੁਰਸ਼ਰਨ ਸਿੰਘ ਜੀ ਵਰਗੇ ਮਿਹਨਤੀ ਅਤੇ ਸਿਰੜੀ ਨਾਟਕਕਾਰਾਂ ਨੇ ਪੰਜਾਬੀ ਰੰਗਮੰਚ ਨੂੰ ਇੱਕ ਪਾਕ-ਜ਼ਮੀਨ ਬਖਸ਼ੀ ਅਤੇ ਇੱਕ ਅਜ਼ੀਮ ਭੂਮਿਕਾ ਨਿਭਾਈ।

ਇਸ ਅਜ਼ੀਮ ਭੂਮਿਕਾ ਨੂੰ ਡਾ. ਵੀਨਾ ਅਰੋੜਾ ਨੇ ਪੰਜਾਬ ਦੇ ਮਕਬੂਲ 14 ਨਾਟਕਕਾਰ,। ਅਦੀਬ ਅਤੇ ਅਦਾਕਾਰਾਂ ਦੀਆਂ ਮੁਲਾਕਾਤਾਂ ਦੇ ਜ਼ਰੀਏ ਸਾਂਭਣ ਦਾ ਇੱਕ ਸਫਲ ਯਤਨ ਕੀਤਾ ਹੈ। ਇਨ੍ਹਾਂ ਨਾਟਕਕਾਰਾਂ ਵਿੱਚ ਉਮਾ ਗੁਰਬਖਸ਼ ਸਿੰਘ ਪ੍ਰੀਤਲੜੀ, ਜਤਿੰਦਰ ਬਰਾੜ, ਨੀਤਾ ਮਹਿੰਦਰਾ, ਕੇਵਲ ਧਾਲੀਵਾਲ, ਮਾਸਟਰ ਕੁਲਜੀਤ ਸਿੰਘ ਵੇਰਕਾ, ਗੁਲਸ਼ਨ ਸ਼ਰਮਾ, ਹਰਦੀਪ ਗਿੱਲ, ਅਨੀਤਾ ਦੇਵਗਨ, ਐੱਸ ਐੱਨ ਸੇਵਕ, ਅਜਮੇਰ ਔਲਖ, ਅਮੋਲਕ ਸਿੰਘ, ਸਮਾਨੂੰ ਬਾਂਸਲ, ਕੁਲਵਿੰਦਰ ਖਹਿਰਾ, ਨਾਹਰ ਸਿੰਘ, ਔਜਲਾ ਅਤੇ ਆਮਿਰ ਨਿਵਾਜ਼ ਦੇ ਅਨੁਭਵਾਂ ਅਤੇ ਪ੍ਰਤਿਭਾਵਾਂ ਨੂੰ ਚਿਤਰਿਆ ਹੈ।

ਇਸ ਪੁਸਤਕ ਜ਼ਰੀਏ ਲੇਖਿਕਾ ਨੇ ਅਜੋਕੇ ਦੌਰ ਵਿੱਚ ਘਟ ਰਹੇ ਰੰਗਮੰਚ ਦੇ ਰੁਝਾਨ ਅਤੇ ਆਪਸੀ ਸੰਵਾਦ ਦਾ ਮੁਲਾਂਕਣ ਕੀਤਾ ਹੈ। ਅੱਜ ਰੰਗਮੰਚ ਦੀ ਤਕਨੀਕ ਵੀ ਬਦਲ ਰਹੀ ਹੈ ਅਤੇ ਉਸ ਦੀ ਪ੍ਰਦਰਸ਼ਨਕਾਰੀ ਦੇ ਢੰਗ ਵਿੱਚ ਵੀ ਵੱਡੇ ਪੱਧਰ 'ਤੇ ਪਰਿਵਰਤਨ ਆ ਚੁੱਕਾ ਹੈ। ਅਜੋਕੀ ਪੀੜ੍ਹੀ ਦੀਆਂ ਮਨੋਰੰਜਨ ਜ਼ਰੂਰਤਾਂ/ ਰੁਝਾਨ ਨੇ ਨਾਟਸ਼ਾਲਾ ਦੇ ਰੁਝਾਨ ਵਿੱਚ ਗਿਰਾਵਟ ਲੈ ਆਂਦੀ ਹੈ। ਇਨ੍ਹਾਂ ਚੁਣੌਤੀਆਂ ਅਤੇ ਦੁਸ਼ਵਾਰੀਆਂ ਦੇ ਦੌਰਾਨ ਰੰਗਮੰਚ ਸਭ ਤੋਂ ਵੱਧ ਆਰਥਿਕ ਤੌਰ 'ਤੇ ਪ੍ਰਭਾਵਿਤ ਹੋਇਆ। ਇਸੇ ਤਰ੍ਹਾਂ ਸਮੂਹਿਕ ਤੌਰ 'ਤੇ ਖੇਡੇ ਜਾਣ ਵਾਲੇ ਨਾਟਕ ਵੀ ਇੱਕ ਪਾਤਰੀ ਨਾਟਕਾਂ ਵਿੱਚ ਤਬਦੀਲ ਹੋ ਗਏ।

ਡਾ. ਵੀਨਾ ਅਰੋੜਾ ਨੇ ਰੰਗਕਰਮੀਆਂ ਨਾਲ ਕੀਤੀਆਂ ਮੁਲਾਕਾਤਾਂ ਰਾਹੀਂ ਨਾਟਸ਼ਾਲਾ ਅਤੇ ਰੰਗਮੰਚ ਦੀਆਂ ਅਮੀਰ ਪਰੰਪਰਾਵਾਂ ਦੇ ਇਤਿਹਾਸ ਨੂੰ ਸਾਂਭਿਆ ਹੈ। ਉਸ ਨੇ ਨਵੀਂ ਤਕਨਾਲੋਜੀ ਨਾਲ ਖੇਡੇ ਜਾ ਰਹੇ ਨਾਟਕਾਂ ਅਤੇ ਉਨ੍ਹਾਂ ਨੂੰ ਦਰਪੇਸ਼ ਆਉਂਦੀਆਂ ਚੁਣੌਤੀਆਂ ਅਤੇ ਸੰਭਾਵਨਾਵਾਂ ਨੂੰ ਲਿਖਤੀ ਰੂਪ ਵਿੱਚ ਦ੍ਰਿਸ਼ਟੀਗੋਚਰ ਕੀਤਾ ਹੈ। ਨਾਟਕ ਇੱਕ ਅਜਿਹੀ ਵਿਧਾ ਹੈ, ਜੋ ਸਮਾਜ ਦੀਆਂ ਕੁਰੀਤੀਆਂ ਨੂੰ ਲੋਕਾਂ ਸਾਹਮਣੇ ਯਥਾਰਥਕ ਰੂਪ ਵਿੱਚ ਰੱਖਣ ਦੇ ਸਮਰੱਥ ਹੁੰਦੀ ਹੈ। ਅਸੀਂ ਜੋ ਪਰੋਸਾਂਗੇ, ਸਮਾਜ ਉਹੀ ਚੱਖੇਗਾ। ਇਸ ਤਰ੍ਹਾਂ ਰੰਗਮੰਚ ਸਮਾਜ ਨੂੰ ਸ਼ੀਸ਼ਾ ਦਿਖਾਉਣ ਦਾ ਇੱਕ ਸੁਤੰਤਰ ਅਤੇ ਬੇਬਾਕ ਜ਼ਰੀਆ ਹੈ।

ਉਮਾ ਗੁਰਬਖਸ਼ ਸਿੰਘ ਪ੍ਰੀਤਲੜੀ ਪੰਜਾਬੀ ਰੰਗਮੰਚ ਦੀ ਪਹਿਲੀ ਨਾਇਕਾ ਹੈ। ਡਾ. ਵੀਨਾ ਨੇ ਉਨ੍ਹਾਂ ਨਾਲ ਹੋਈ ਮੁਲਾਕਾਤ ਦੌਰਾਨ ਜਿੱਥੇ ਪੰਜਾਬੀ ਰੰਗਮੰਚ ਵਿੱਚ ਪ੍ਰੀਤਲੜੀ ਦੇ ਸਥਾਨ ਨੂੰ ਚਿੱਤਰਿਆ ਹੈ, ਉੱਥੇ ਹੀ ਅੰਮ੍ਰਿਤਸਰ ਵਿੱਚ ਨਾਟਸ਼ਾਲਾ ਦੀ ਸੰਸਥਾ ਵਜੋਂ ਜਾਣੇ ਜਾਂਦੇ ਪ੍ਰੀਤਨਗਰ ਦੀ ਅਜੋਕੀ ਤਰਸਯੋਗ ਹਾਲਤ ਬਾਰੇ ਵੀ ਚਾਨਣਾ ਪਾਇਆ ਹੈ। ਇਸੇ ਤਰ੍ਹਾਂ ਡਾ. ਜਤਿੰਦਰ ਬਰਾੜ ਨੇ ਰੰਗਮੰਚ ਪ੍ਰਤੀ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਇਹ ਪੰਜਾਬੀ ਨਾਟਕ ਅਜੇ ਤੱਕ ਕਿੱਤਾ-ਮੁਖੀ ਨਹੀਂ ਬਣਿਆ। ਜੇਕਰ ਕਿੱਤਾਮੁਖੀ ਨਾ ਹੋਇਆ ਤਾਂ ਕੋਈ ਵੀ ਇਸ ਨੂੰ ਗੰਭੀਰਤਾ ਨਾਲ ਨਹੀਂ ਲਵੇਗਾ। ਪੰਜਾਬੀ ਸ਼੍ਰੋਮਣੀ ਨਾਟਕਕਾਰ ਕੇਵਲ ਧਾਲੀਵਾਲ ਨੇ ਰੰਗਮੰਚ ਦੀ ਅਜੋਕੀ ਦਸ਼ਾ ਨੂੰ ਦੇਖਦਿਆਂ ਨਵੀਆਂ ਸੰਭਾਵਨਾਵਾਂ ਨੂੰ ਪੇਸ਼ ਕੀਤਾ। ਉਸ ਦੇ ਅਨੁਸਾਰ ਬੇਸ਼ੱਕ ਅੱਜ ਟੀ ਵੀ, ਫਿਲਮਾਂ ਦੀ ਤਾਮਝਾਮ ਅਤੇ ਪ੍ਰਸਿੱਧੀ ਨੇ ਨੌਜਵਾਨਾਂ ਨੂੰ ਆਪਣੇ ਵੱਲ ਖਿੱਚ ਲਿਆ ਹੈ, ਪ੍ਰੰਤੂ ਫਿਰ ਵੀ ਥੀਏਟਰ ਇੱਕ ਰਾਹ-ਦਸੇਰਾ ਬਣ ਕੇ ਕੰਮ ਕਰਦਾ ਰਿਹਾ ਹੈ ਅਤੇ ਭਵਿੱਖ ਵਿੱਚ ਵੀ ਕਰਦਾ ਰਹੇਗਾ। ਇਸੇ ਤਰ੍ਹਾਂ ਨਾਟਕਕਾਰ ਅਜਮੇਰ ਔਲਖ ਨੂੰ ਨਾਟਕ ਰੂਪੀ ਵਿਧਾ ਨੂੰ ਮਨੁੱਖੀ ਸੋਚ ਦੇ ਬੰਦ ਦਰਵਾਜ਼ੇ ਖੋਲ੍ਹਣ ਦੇ ਸਮਰੱਥ ਕਿਹਾ ਹੈ।

ਬੇਸ਼ੱਕ ਅੱਜ ਨਾਟਸ਼ਾਲਾ ਅਤੇ ਰੰਗਮੰਚ ਦਾ ਰੂਪ ਕਾਫੀ ਬਦਲ ਗਿਆ ਹੈ, ਪ੍ਰੰਤੂ ਇਹ ਪੰਜਾਬੀ ਨਾਟਕ ਅਤੇ ਉਸ ਦੇ ਬਦਲਦੇ ਰੂਪਾਂ ਦਾ ਸ਼ੁਰੂਆਤੀ ਦੌਰ ਅਤੇ ਰਾਹ-ਦਸੇਰਾ ਹਮੇਸ਼ਾ ਰਹੇਗਾ। ਅੱਜ ਵੀ ਪੰਜਾਬੀ, ਹਿੰਦੀ ਫਿਲਮ ਇੰਡਸਟਰੀ ਵਿੱਚ ਅਜਿਹੇ ਕਈ ਕਲਾਕਾਰ ਹਨ, ਜਿਨ੍ਹਾਂ ਨੇ ਆਪਣੇ ਕੈਰੀਅਰ ਦੀ ਸ਼ੁਰੂਆਤ ਰੰਗਮੰਚ ਤੋਂ ਕੀਤੀ ਹੈ।

ਡਾ. ਵੀਨਾ ਅਰੋੜਾ ਨੇ ਆਪਣੀ ਨੀਝ ਦੇ ਜ਼ਰੀਏ ਬੁੱਧੀਜੀਵੀਆਂ ਤੋਂ ਪ੍ਰਸ਼ਨੋਤਰੀ ਸ਼ੈਲੀ ਰਾਹੀਂ ਸਮੁੱਚੇ ਰੰਗਮੰਚ ਦੇ ਪ੍ਰਤੀਕਰਮਾਂ ਨੂੰ ਜਾਣਿਆ ਹੈ। ਅੱਜ ਰੰਗਮੰਚ ਪ੍ਰਤੀ ਦਰਸ਼ਕਾਂ ਦੇ ਘਟ ਰਹੇ ਮੋਹ ਲਈ ਸਰਕਾਰਾਂ ਵੀ ਜ਼ਿੰਮੇਵਾਰ ਹਨ। ਅਜਿਹੇ ਬਹੁਤ ਸਾਰੇ ਵੱਡੇ ਕਲਾਕਾਰ ਹਨ। ਜਿਨ੍ਹਾਂ ਰੰਗ-ਮੰਚ ਦੇ ਜ਼ਰੀਏ ਆਪਣੀ ਪਛਾਣ ਬਣਾਈ, ਪ੍ਰੰਤੂ ਅੱਜ ਆਪਣੀ ਕਮਜ਼ੋਰ ਆਰਥਿਕਤਾ ਨਾਲ ਜੂਝ ਰਹੇ ਹਨ।

ਇਸ ਪੁਸਤਕ ਦੇ ਜ਼ਰੀਏ ਲੇਖਿਕਾ ਨੇ ਨਾਟਕ ਦੇ ਭਵਿੱਖ ਪ੍ਰਤੀ ਚਿੰਤਨਸ਼ੀਲ ਰੰਗਕਰਮੀਆਂ ਨਾਲ ਮੁਲਾਕਾਤਾਂ ਨੂੰ ਸਿਰਜ ਕੇ ਰੰਗਮੰਚ ਦੇ ਇਤਿਹਾਸ ਨੂੰ ਸਾਂਭਣ ਦੀ ਖ਼ੂਬਸੂਰਤ ਕੋਸ਼ਿਸ਼ ਕੀਤੀ ਹੈ। ਸਮਕਾਲੀ ਸਮਾਜ ਵਿੱਚ ਰੰਗਮੰਚ ਦੇ ਇਤਿਹਾਸ ਲਈ ਇਹ ਪੁਸਤਕ ਇੱਕ ਉੱਤਮ ਸਰੋਤ ਸਿੱਧ ਹੋਵੇਗੀ। ਇਸ ਤੋਂ ਇਲਾਵਾ ਰੰਗਮੰਚ ਦੇ ਖੋਜ ਵਿਦਿਆਰਥੀਆਂ ਲਈ ਵੀ ਇਹ ਦਿਸ਼ਾ-ਨਿਰਦੇਸ਼ ਵਜੋਂ ਕਾਰਜ ਕਰੇਗੀ। ਇਹ ਪੁਸਤਕ ਪੰਜਾਬੀ ਰੰਗਮੰਚ ਵਿੱਚ ਇੱਕ ਵਿਸ਼ੇਸ਼ ਸਥਾਨ ਗ੍ਰਹਿਣ ਕਰਦੀ ਹੈ, ਜਿਸ ਵਿੱਚ ਰੰਗਮੰਚ ਪ੍ਰਤੀ ਚਿੰਤਾ ਅਤੇ ਚਿੰਤਨ ਦੋਵੇਂ ਹੀ ਮੌਜੂਦ ਹਨ। ਪੰਜਾਬ ਦੇ ਮਕਬੂਲ ਨਾਟਕਕਾਰਾਂ/ਅਦਾਕਾਰਾਂ ਦੀਆਂ ਇਤਿਹਾਸਕ ਮੁਲਾਕਾਤਾਂ ਨੂੰ ਸਾਂਭਣ ਲਈ ਡਾ. ਵੀਨਾ ਅਰੋੜਾ ਹਮੇਸ਼ਾ ਹੀ ਵਧਾਈ ਦੇ ਪਾਤਰ ਰਹਿਣਗੇ। ਇਸ ਪੁਸਤਕ ਦੁਆਰਾ ਰੰਗਮੰਚ ਨੂੰ ਦਰਪੇਸ਼ ਚੁਣੌਤੀਆਂ 'ਤੇ ਵੀ ਚਾਨਣਾ ਪਾਇਆ ਗਿਆ ਹੈ ਤਾਂ ਜੋ ਸਰਕਾਰਾਂ ਅਤੇ ਰੰਗਮੰਚ ਪ੍ਰੇਮੀ ਇਨ੍ਹਾਂ ਮਸਲਿਆਂ ਦਾ ਹੱਲ ਗੰਭੀਰਤਾ ਨਾਲ ਕਰਨ ਲਈ ਅਗਰਸਰ ਰਹਿਣ। ਇਹ ਪੁਸਤਕ ਜਿੱਥੇ ਰੰਗਮੰਚ ਪ੍ਰੇਮੀਆਂ ਲਈ ਇੱਕ ਇਤਿਹਾਸਕ ਸਰੋਤ ਹੈ, ਉੱਥੇ ਰੰਗਮੰਚ ਖੋਜੀਆਂ ਲਈ ਇੱਕ ਮਾਰਗ ਦਰਸ਼ਨ ਸਿੱਧ ਹੋਵੇਗੀ।

ਪੰਜਾਬੀ ਰੰਗਮੰਚ ਦੇ ਇਤਿਹਾਸ ਵਿੱਚ ਪੁਸਤਕ 'ਰੰਗਮੰਚ ਦੇ ਸਿਰਨਾਵੇਂ'-1 ਨੂੰ ਜੀ ਆਇਆਂ ਕਹਿਣਾ ਇੱਕ ਮਾਣ ਵਾਲੀ ਗੱਲ ਹੋਵੇਗੀ।

## ਨਿੱਕੀਆਂ-ਵੱਡੀਆਂ ਗੱਲਾਂ

**(ਵਾਰਤਕ)**
**ਪ੍ਰੇਮ ਮਾਨ**
**ਪੰਨੇ-136, ਮੁੱਲ-220 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

# ਸਮੇਂ ਦੇ ਬਦਲਾਓ ਨਾਲ ਬਦਲ ਰਹੇ ਮਨੁੱਖੀ ਵਿਹਾਰ 'ਤੇ ਨਜ਼ਰ ਰੱਖਦੀ ਵਾਰਤਕ

ਪ੍ਰੇਮ ਮਾਨ ਪੰਜਾਬੀ ਸਾਹਿਤ ਖੇਤਰ ਦਾ ਹੰਢਿਆ-ਵਰਤਿਆ ਤੇ ਜਾਣਿਆ-ਪਛਾਣਿਆ ਨਾਂਅ ਹੈ ਤੇ ਉਸ ਦਾ ਸ਼ੁਮਾਰ ਘੱਟ ਲਿਖਣ, ਪਰ ਵੱਧ ਪੜ੍ਹੇ ਜਾਣ ਵਾਲੇ ਲੇਖਕਾਂ ਵਿਚ ਕੀਤਾ ਜਾਂਦਾ ਹੈ। ਪੰਜਾਬੀ ਕਹਾਣੀ, ਗ਼ਜ਼ਲ ਤੇ ਵਾਰਤਕ ਦੇ ਖੇਤਰ 'ਚ ਉੱਘੜਵੀਂ ਪਛਾਣ ਰੱਖਣ ਦੇ ਨਾਲ ਹੀ ਉਸ ਅੰਗਰੇਜ਼ੀ ਭਾਸ਼ਾ ਦੇ ਸਾਹਿਤ ਵਿਚ ਵੀ ਆਪਣੇ ਹਿੱਸੇ ਦਾ ਜ਼ਿਕਰਯੋਗ ਯੋਗਦਾਨ ਪਾਇਆ ਹੈ। ਉਸ ਦੀ ਨਵੀਂ ਵਾਰਤਕ ਪੁਸਤਕ 'ਨਿੱਕੀਆਂ- ਵੱਡੀਆਂ ਗੱਲਾਂ' ਸਮੇਂ ਦੇ ਬਦਲਾਓ ਅਨੁਸਾਰ ਮਨੁੱਖੀ ਸੋਚ ਤੇ ਵਰਤੋਂ-ਵਿਹਾਰ ਵਿਚ ਆ ਰਹੀਆਂ ਨਿੱਕੀਆਂ-ਵੱਡੀਆਂ ਤਬਦੀਲੀਆਂ 'ਤੇ ਨਜ਼ਰ ਰੱਖਦਿਆਂ ਇਹਨਾਂ ਭਵਿੱਖਤ ਮਨੁੱਖੀ ਜੀਵਨ ਬਾਰੇ ਅਹਿਮ ਖੁਲਾਸੇ ਕਰਦੀਆਂ ਹਨ।




ਇਸ ਪੁਸਤਕ ਵਿਚ ਉਸ ਦੇ ਨਿੱਕੇ ਜਾਂ ਵੱਡੇ ਅਕਾਰ ਦੇ 27 ਲੇਖ ਸ਼ਾਮਲ ਹਨ। ਇਹ ਲੇਖ ਸਮੇਂ ਦੀ ਨਬਜ਼ 'ਤੇ ਉਂਗਲ ਰੱਖ ਕੇ ਇਸ ਸੱਚ ਤੱਕ ਪਹੁੰਚਦੇ ਹਨ ਕਿ ਭਾਵੇਂ ਆਧੁਨਿਕ ਯੁੱਗ ਦੇ ਮਨੁੱਖ ਨੇ ਪਦਾਰਥਕ ਸੁੱਖ-ਸੁਵਿਧਾਵਾਂ ਪੱਖੋਂ ਬਹੁਤ ਤਰੱਕੀ ਕਰ ਲਈ ਹੈ, ਪਰ ਮਸ਼ੀਨੀ ਤਕਨੀਕਾਂ 'ਤੇ ਨਿਰਭਰ ਇਸ ਤਰੱਕੀ ਨੇ ਉਸ ਨੂੰ ਮਾਨਵੀ ਸੰਵੇਦਨਾਵਾਂ ਤੋਂ ਰਹਿਤ ਅਜਿਹੀ ਕੰਪਿਊਟਰੀ ਮਸ਼ੀਨ ਬਣਾ ਦਿੱਤਾ ਹੈ, ਜਿਸ ਵਿਚ ਕੇਵਲ ਨਿੱਜੀ ਨਫੇ-ਨੁਕਸਾਨ ਦੇ ਅੰਕੜੇ ਹੀ ਫੀਡ ਹੁੰਦੇ ਹਨ। ਉਸ ਦੇ ਇਹ ਲੇਖ ਮਨੁੱਖੀ ਖਾਸੇ ਨਾਲੋਂ ਟੁੱਟ ਕੇ ਵਿਅਕਤੀਗਤ ਹਿੱਤਾਂ ਲਈ ਜਿਉਣ ਵਾਲਾ ਵਿਅਕਤੀ ਬਣਦੇ ਜਾ ਰਹੇ ਮਨੁੱਖ ਨੂੰ ਮੁੜ ਤੋਂ ਜੀਵਨ ਦੀ ਮਨੁੱਖਤਾਵਾਦੀ ਧਾਰਾ ਨਾਲ ਜੋੜਨ ਦੀ ਇਮਾਨਦਾਰ ਕੋਸ਼ਿਸ਼ ਕਰਦੇ ਹਨ।

ਇਸ ਪੁਸਤਕ ਵਿੱਚ ਸ਼ਾਮਲ ਲੇਖ ਪੂਰਬੀ ਤੇ ਪੱਛਮੀ ਦੋਵਾਂ ਤਰ੍ਹਾਂ ਦੀ ਜੀਵਨ-ਜਾਚ ਨਾਲ ਜੁੜੀਆਂ ਕਦਰਾਂ-ਕੀਮਤਾਂ ਦੇ ਤੁਲਨਾਤਮਕ ਮੁਕਾਬਲੇ ਵਿਚੋਂ ਅਜਿਹੇ ਜੀਵਨ ਵਿਵੇਕ ਨੂੰ ਉਭਾਰਦਾ ਹੈ, ਜੋ ਮਨੁੱਖ ਨੂੰ ਮਨੁੱਖ ਦੇ ਨੇੜੇ ਲਿਆਉਣ ਵਿਚ ਸਹਾਈ ਬਣਦਾ ਹੈ ਤੇ ਧਰਮ, ਭਾਸ਼ਾ, ਜਾਤ-ਪਾਤ ਤੇ ਖੇਤਰੀ ਹੱਦਬੰਦੀਆਂ ਦੇ ਨਾਂਅ 'ਤੇ ਪਈਆਂ ਵੰਡੀਆਂ ਨੂੰ ਪੂਰੀ ਤਰ੍ਹਾਂ ਨਕਾਰਦਾ ਹੈ। ਉਸ ਦਾ ਲੇਖ 'ਸਾਡਾ ਵਿਵਹਾਰ' ਅਮਰੀਕਾ ਵਰਗੇ ਪੱਛਮੀ ਮੁਲਕਾਂ ਅੰਦਰਲੇ ਮਾਨਵੀ ਸੁਹਜ ਸਲੀਕੇ ਵਾਲੇ ਮਨੁੱਖੀ ਵਿਵਹਾਰ ਦੀ ਖੁੱਲ੍ਹ ਕੇ ਪ੍ਰਸ਼ੰਸਾ ਕਰਦਾ ਹੈ ਤਾਂ ਲੇਖ 'ਹਮ ਹੈਂ ਹਿੰਦੁਸਤਾਨੀ', ਏਕਤਾ ਵਿਚ ਅਨੇਕਤਾ ਦਾ ਸਤਿਕਾਰ ਕਰਨ ਵਾਲੇ ਪ੍ਰਾਚੀਨ ਭਾਰਤੀ ਫਲਸਫੇ ਦੇ ਹੱਕ ਵਿਚ ਭੁਗਤਦਾ ਹੈ। ਲੇਖਕ ਇਸ ਗੱਲੋਂ ਚਿੰਤਤ ਵੀ ਹੈ ਕਿ ਆਪਣੇ ਦੇਸ਼ ਤੇ ਸੱਭਿਅਤਾ 'ਤੇ ਮਾਣ ਕਰਨ ਵਾਲੇ ਲੋਕਾਂ ਦੀ ਗਿਣਤੀ ਲਗਾਤਾਰ ਘਟਦੀ ਜਾ ਰਹੀ ਹੈ। ਲੇਖ 'ਅਸੀਂ ਗੁਲਾਮ ਰੱਖਣ ਦੇ ਆਦੀ ਕਿਉਂ ਹਾਂ' ਕਿਸੇ ਨੂੰ ਗੁਲਾਮ ਸਮਝਣ ਜਾਂ ਰੱਖਣ ਦੀ ਅਮਾਨਵੀ ਪਰੰਪਰਾ ਦਾ ਖਾਤਮਾ ਚਾਹੁੰਦਾ ਤੇ ਇਨਸਾਨਾਂ ਨਾਲ ਇਨਸਾਨਾਂ ਵਾਲਾ ਸਲੂਕ ਕਰਨ ਦੀ ਪ੍ਰੇਰਨਾ ਦਿੰਦਾ ਹੈ। ਲੇਖ 'ਹਰ ਇਕ ਦਾ ਪਿਓ ਹੁੰਦਾ ਹੈ' ਆਪਣੇ-ਆਪ ਨੂੰ ਸਰਵੋਤਮ ਸਮਝਣ ਵਾਲੇ ਲੋਕਾਂ, ਹਉਮੈ ਗ੍ਰਸਤ ਲੋਕਾਂ ਨੂੰ ਸਲਾਹ ਦਿੰਦਾ ਹੈ ਕਿ ਆਪਣੇ ਇਸ ਭਰਮ ਨੂੰ ਤਿਆਗਣ ਵਿਚ ਹੀ ਉਨ੍ਹਾਂ ਦੀ ਭਲਾਈ ਹੈ ।ਲੇਖਕ ਦੀ ਵਿਚਾਰਧਾਰਾ ਦੇ ਮਾਨਵੀ ਸਰੋਕਾਰ ਪਾਠਕੀ ਸੋਚ ਦੀ ਦਿਸ਼ਾ ਨੂੰ ਮਾਨਵਤਾਵਾਦੀ ਅਰਥਾਂ ਨਾਲ ਜੋੜਨ ਲਈ ਇਮਾਨਦਾਰ ਕੋਸ਼ਿਸ਼ ਕਰਦੇ ਹਨ। ਉਸ ਦਾ ਨਿਬੰਧ 'ਅਸੀਂ ਕਦੋਂ ਸਿਖਦੇ ਹਾਂ ਤੇ ਕਦੋਂ ਨਹੀ' ਜ਼ਿੰਦਗੀ ਵਿਚ ਕੁਝ ਸਿੱਖਣ ਲਈ ਕੰਨ, ਅੱਖਾਂ, ਦਿਲ ਤੇ ਦਿਮਾਗ ਦੀ ਸੁਚੇਤ ਵਰਤੋਂ ਕਰਨ ਦੀ ਗੱਲ ਕਰਦਾ ਹੈ ਤਾਂ ਇਕ ਹੋਰ ਲੇਖ 'ਕੀ ਅਸੀਂ ਠੀਕ ਰਾਹ 'ਤੇ ਜਾ ਰਹੇ ਹਾਂ' ਸਾਨੂੰ

**ਨਿਰੰਜਣ ਬੋਹਾ**

ਆਪਣੇ ਹੀ ਰੂ-ਬ-ਰੂ ਕਰਕੇ ਜੁਆਬਦੇਹ ਬਣਾਉਂਦਾ ਹੈ।

ਸਮਾਜਿਕ ਚੁਗਿਰਦੇ, ਦੇਸ਼ ਤੇ ਸੰਸਾਰ ਨੂੰ ਵਧੀਆ ਬਣਾਉਣ ਵਿਚ ਸਾਡਾ ਆਪਣਾ ਯੋਗਦਾਨ ਕੀ ਹੈ? ਲੇਖ 'ਆਪਣੇ ਤੋਂ ਹੇਠਲੇ ਲੋਕਾਂ ਨਾਲ ਵਰਤਾਓ' ਆਪਣੇ ਤੋਂ ਘੱਟ ਸਮਾਜਿਕ ਰੁਤਬੇ ਵਾਲੇ ਲੋਕਾਂ ਪ੍ਰਤੀ ਸਾਡੀ ਹਮਦਰਦੀ ਨੂੰ ਸਾਡੀ ਮਨੁੱਖਵਾਦੀ ਸੋਚ ਦਾ ਸੱਚਾ ਤੇ ਸੁੱਚਾ ਪ੍ਰਗਟਾਵਾ ਮੰਨਦਾ ਹੈ। ਲੇਖ 'ਸਾਡੀਆਂ ਆਦਤਾਂ ਸਾਡੇ ਸੁਭਾਅ ਤੇ ਸਾਡੀਆਂ ਜ਼ਿੰਮੇਵਾਰੀਆਂ' ਸਾਥੋਂ ਮੰਗ ਕਰਦਾ ਹੈ ਕਿ ਅਸੀਂ ਆਪਣੀ ਜੀਵਨ-ਜਾਚ ਵਿੱਚ ਕੁਝ ਅਜਿਹੀਆਂ ਸਿਫਤੀ ਤਬਦੀਲੀਆਂ ਲੈ ਕੇ ਆਈਏ, ਜੋ ਸਾਡੇ ਸਮਾਜਿਕ ਰੁਤਬੇ ਦੇ ਅਨੁਸਾਰੀ ਹੋਣ । ਇਸ ਪੁਸਤਕ ਵਿਚਲੇ ਲੇਖ ਸਾਡੇ ਅੰਦਰ ਜੀਵਨ ਦੀਆਂ ਅਣ-ਕਿਆਸੀਆਂ, ਸਥਿਤੀਆਂ ਦੀ ਚੁਨੌਤੀ ਨੂੰ ਕਬੂਲ ਕਰਨ ਦੀ ਹਿੰਮਤ ਵੀ ਪੈਦਾ ਕਰਦੇ ਹਨ ਅਤੇ ਸਮਾਜਿਕ ਵਾਤਾਵਰਣ ਦੇ ਗੰਧਲੇਪਣ ਨੂੰ ਦੂਰ ਕਰਨ ਲਈ ਸਾਡੀਆਂ ਜ਼ਿੰਮੇਵਾਰੀਆਂ ਵੀ ਨਿਰਧਾਰਤ ਕਰਦੇ ਹਨ।

ਪੁਸਤਕ ਵਿਚਲੇ ਇਹਨਾਂ ਲੇਖਾਂ ਰਾਹੀਂ ਲੇਖਕ ਦੇ ਆਪਣੇ ਵਿਅਕਤੀਤਵ ਦੇ ਬਹੁਤ ਸਾਰੇ ਪਸਾਰ ਵੀ ਉੱਭਰ ਕੇ ਸਾਹਮਣੇ ਆਉਂਦੇ ਹਨ। ਇਸ ਪੁਸਤਕ ਵਿੱਚੋਂ ਉੱਭਰਦੇ ਉਸ ਦੇ ਸ਼ਖਸੀ ਬਿੰਬ ਅਨੁਸਾਰ ਉਹ ਸਮਾਜਿਕ ਤੇ ਪਰਵਾਰਕ ਰਿਸ਼ਤਿਆਂ ਦੀ ਅਹਿਮੀਅਤ ਵੀ ਪਛਾਣਦਾ ਹੈ ਇਹਨਾਂ ਨੂੰ ਤਰੋ-ਤਾਜ਼ਾ ਰੱਖਣ ਲਈ ਲੋੜੀਂਦੀਆਂ ਮਨੋ-ਵਿਗਿਆਨਕ ਸਾਵਧਾਨੀਆਂ ਦੀ ਵਰਤੋਂ ਵੀ ਸੁਚੇਤ ਰੂਪ ਕਰਦਾ ਹੈ। ਰੱਬ ਦੀ ਹੋਂਦ ਜਾਂ ਅਣਹੋਂਦ ਬਾਰੇ ਉਹ ਆਪਣੇ ਲਈ ਵਿਚ-ਵਿਚਾਲੇ ਦਾ ਰਾਹ ਚੁਣਦਾ ਹੈ। ਇਸ ਹੋਂਦ ਜਾਂ ਅਣਹੋਂਦ ਵਿਚ ਵਿਸ਼ਵਾਸ ਰੱਖਣ ਵਾਲੀਆਂ ਦੋਵਾਂ ਧਿਰਾਂ ਕੋਲ ਪੁਖ਼ਤਾ ਸਬੂਤਾਂ ਦੀ ਘਾਟ ਕਾਰਨ ਭਾਵੇਂ ਉਹ ਇਸ ਨੂੰ ਹਰੇਕ ਮਨੁੱਖ ਦਾ ਨਿੱਜੀ ਮਸਲਾ ਕਰਾਰ ਦਿੰਦਾ ਹੈ, ਪਰ ਕਿਸੇ ਵੀ ਰੰਗ ਦੀ ਧਾਰਮਿਕ ਕੱਟੜਤਾ ਦਾ ਉਹ ਕੱਟੜ ਵਿਰੋਧੀ ਹੈ। ਉਹ ਸਾਹਿਤਕ ਖੇਤਰ ਵਿਚਲੀਆਂ ਜੁਗਾੜਬੰਦੀਆਂ ਦਾ ਵੀ ਵਿਰੋਧੀ ਹੈ ਤੇ ਸਾਹਿਤਕ ਪੁਰਸਕਾਰਾਂ ਅਤੇ ਇਨਾਮਾਂ-ਸਨਮਾਨਾਂ ਲਈ ਮ੍ਰਿਗ ਤ੍ਰਿਸ਼ਣੀ ਦੌੜ ਦੌੜਦੇ ਲੇਖਕਾਂ ਨੂੰ ਵੀ ਪਸੰਦ ਨਹੀਂ ਕਰਦਾ। ਉਸ ਦੀ ਸੋਚ ਦੇ ਇਹ ਪੱਖ ਮੈਨੂੰ ਉਚੇਚੇ ਤੌਰ 'ਤੇ ਚੰਗਾ ਲੱਗਾ ਹੈ ਕਿ ਉਹ ਆਪਣੇ-ਆਪ ਨੂੰ ਵੱਡਾ ਲੇਖਕ ਸਮਝਣ ਦੀ ਹਉਮੈ ਦਾ ਸ਼ਿਕਾਰ ਨਹੀਂ ਹੈ ਤੇ ਆਪਣੀ ਲਿਖੀ ਰਚਨਾ ਨੂੰ ਕਈ-ਕਈ ਵਾਰ ਸੋਧਣ ਦੀ ਹਿੰਮਤ ਵੀ ਰੱਖਦਾ ਹੈ।

ਪੁਸਤਕ ਵਿਚ ਪਾਠਕਾਂ ਦੇ ਗਿਆਨ ਵਿਚ ਵਾਧਾ ਕਰਨ ਵਾਲੀਆਂ ਬਹੁਤ ਸਾਰੀਆਂ ਨਵੀਆਂ ਜਾਣਕਾਰੀਆਂ ਤੱਥਾਂ ਤੇ ਅੰਕੜਿਆਂ ਸਮੇਤ ਸ਼ਾਮਲ ਹਨ। ਪੁਸਤਕ ਵਿਚਲੇ ਲੇਖ 'ਆਪਣੇ ਤੋਂ ਹੇਠਲੇ ਲੋਕਾਂ ਨਾਲ ਵਰਤਾਓ' ਵਿਚ ਵਰਤੇ ਉਰਦੂ ਦੇ ਸ਼ੇਅਰ ਦੀ ਦੂਸਰੀ ਸ਼ਤਰ ਵਿਚ ਮੂਲ ਸ਼ਬਦਾਂ ਦੀ ਥਾਂ ਹੋਰ ਸ਼ਬਦ ਵਰਤਣ ਸਮੇਤ ਇਹਨਾਂ ਲੇਖਾਂ ਵਿੱਚ ਇਕ-ਦੋ ਤਕਨੀਕੀ ਉਕਾਈਆਂ ਹੋਰ ਵੀ ਰਹਿ ਗਈਆਂ ਹਨ ।ਉਸ ਦੀ ਵਾਰਤਕ ਭਾਸ਼ਾ, ਸਰਲ, ਸਹਿਜ ਤੇ ਪਾਠਕਾਂ ਅੰਦਰ ਮੋਹ-ਮੁਹੱਬਤ ਦੇ ਅਹਿਸਾਸ ਪੈਦਾ ਕਰਨ ਵਾਲੀ ਹੈ। ਪੁਸਤਕ ਵਿਚਲੇ ਵਧੇਰੇ ਲੇਖ ਛੋਟੇ ਅਕਾਰ ਦੇ ਹਨ, ਇਸ ਲਈ ਉਹ ਆਪਣੇ ਵਿਸ਼ੇ ਦੇ ਬਹੁਤ ਸਾਰੇ ਪੱਖਾਂ ਤੇ ਸਰੋਕਾਰਾਂ ਨੂੰ ਕੇਵਲ ਸੰਕੇਤਕ ਰੂਪ ਵਿਚ ਬਿਆਨ ਸਕੇ ਹਨ। ਲੇਖਕ ਥੋੜ੍ਹੇ ਸ਼ਬਦਾਂ ਵਿਚ ਬਹੁਤਾ ਕੁਝ ਕਹਿਣ ਦੀ ਨੀਤੀ ਦਾ ਧਾਰਨੀ ਹੈ, ਇਸ ਲਈ ਵਿਸ਼ੇ ਤੋਂ ਬਾਹਰ ਦੀਆਂ ਉਦਾਹਰਣਾਂ ਦਾ ਖਿਲਾਰਾ ਪਾਉਣਾ ਵਾਜਿਬ ਵੀ ਨਹੀਂ ਸਮਝਦਾ।

ਮੋਬਾ. 89682-82700

## ਸੱਜਰਾ ਬਾਲ ਸਾਹਿਤ

### ਪੰਜਾਬੀ ਵਿਆਕਰਨ

**(ਕਾਵਿ ਰੂਪ)**
**ਪਾਲੀ ਖਾਦਿਮ**
**ਪੰਨੇ : 54, ਮੁੱਲ : 150 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**




ਗੁਰਮੁਖੀ ਪੈਂਤੀ ਤੋਂ 'ਕਤਾਲੀ ਹੋ ਗਈ।
ਪੱਤੇ ਵਧੇ ਹੋਰ ਸੋਹਣੀ ਡਾਲੀ ਹੋ ਗਈ।
ਲਿੱਪੀਕਾਰਾਂ ਅੱਖਰਾਂ ਨੂੰ ਖ਼ੂਬ ਚੰਡਿਆ।
ਅੱਠ ਵਰਗਾਂ ਦੇ ਵਿੱਚ ਇਹਨੂੰ ਵੰਡਿਆ।

### ਤਿੰਨ ਸਹੇਲੀਆਂ


**(ਬਾਲ ਕਹਾਣੀਆਂ)**
**ਧਰਮ ਸਿੰਘ ਕੰਮੇਆਣਾ**
**ਪੰਨੇ : 58, ਮੁੱਲ : 150 ਰੁਪਏ**
**ਸਹਿਜ ਪਬਲੀਕੇਸ਼ਨ, ਸਮਾਣਾ**




ਸਮਾਂ ਸਦਾ ਇਕੋ ਜਿਹਾ ਨਹੀਂ ਰਹਿੰਦਾ। ਅਚਾਨਕ ਮਾੜੀਆਂ ਘਟਨਾਵਾਂ ਵਾਪਰਨ ਲੱਗੀਆਂ ਤਾਂ ਰਿਆਸਤ ਦੀ ਰਾਜਧਾਨੀ ਬਣਿਆ ਸ਼ਹਿਰ ਮੁਬਾਰਕਪੁਰ ਦਹਿਲ ਗਿਆ। ਲੋਕਾਂ ਦੇ ਪਾਲਤੂ ਪਸ਼ੂ ਮਾਰੇ ਜਾਣ ਲੱਗੇ ਤੇ ਕੁਝ ਨਾਗਰਿਕ ਵੀ ਮੌਤ ਦੇ ਮੂੰਹ ਵਿੱਚ ਜਾ ਪਏ।

### ਮਿੱਤਰਾਂ ਨਾਲ ਬਹਾਰਾਂ

**ਬਲਵਿੰਦਰ ਸਿੰਘ ਜੰਮੂ**
**ਪੰਨੇ : 66, ਮੁੱਲ : 160 ਰੁਪਏ**
**ਆਜ਼ਾਦ ਬੁੱਕ ਡਿਪੂ ਅੰਮ੍ਰਿਤਸਰ**




ਬਲਵਿੰਦਰ ਸਿੰਘ ਜੰਮੂ ਦੀਆਂ ਬਾਲ ਕਵਿਤਾਵਾਂ ਦਾ ਆਧਾਰ ਮੁੱਖ ਰੂਪ ਵਿੱਚ ਮਨੁੱਖੀ ਸਮੱਸਿਆਵਾਂ ਅਤੇ ਸਮਾਜਿਕ ਸੰਕਟ ਹਨ। ਇਸ ਤੋਂ ਇਲਾਵਾ ਉਹ ਪ੍ਰਕਿਰਤੀ ਪੂੰਜੀ ਨੂੰ ਬਚਾਉਣ ਦੀ ਗੱਲ ਕਰਦੀਆਂ ਹਨ। ਉਹ ਬੱਚਿਆਂ ਨੂੰ ਮੋਬਾਈਲ ਦੀ ਅੰਨ੍ਹੇਵਾਹ ਵਰਤੋਂ ਤੋਂ ਵੀ ਹੋੜਦਾ ਹੈ। ਕਿਤਾਬਾਂ ਨਾਲ ਜੁੜਨ ਦੀ ਪ੍ਰੇਰਨਾ ਦਿੰਦਾ ਹੈ। ਭਾਰਤ ਦੀਆਂ ਵੰਨ-ਸੁਵੰਨੀਆਂ ਰੁੱਤਾਂ, ਦਿਨ-ਤਿਹਾਰਾਂ ਅਤੇ ਰਿਸ਼ਤੇ-ਨਾਤਿਆਂ ਬਾਰੇ ਵੀ ਜਾਣਕਾਰੀ ਪ੍ਰਦਾਨ ਕਰਦਾ ਹੈ।

### ਬਾਤਾਂ

**(ਲੋਕ ਕਥਾ ਸੰਗ੍ਰਹਿ)**
**ਭਰਗਾਨੰਦ**
**ਪੰਨੇ : 130, ਮੁੱਲ : 160 ਰੁਪਏ**
**ਗੋਰਕੀ ਪ੍ਰਕਾਸ਼ਨ, ਲੁਧਿਆਣਾ**




'ਬਾਤਾਂ' ਵੇਲੇ ਦਾ ਭਲਾ ਸਮਾਂ ਹੁਣ ਕਿੱਥੇ। ਆਵਾਜਾਈ ਦੇ ਸਾਧਨਾਂ ਦੀ ਫੁਰਤੀ ਨੇ ਤੁਰ ਕੇ ਜਾਣ ਦਾ ਯੱਭ ਮੁਕਾ ਦਿੱਤਾ। ਫਿਟਫਿਟੀਏ 'ਤੇ ਚੜ੍ਹੇ, ਔਹ...ਗਏ ਤੇ ਆਹ...ਆਏ। ਹੋਰ ਤਾਂ ਹੋਰ, ਗਧੇ ਦਾ ਲੱਦ ਕਿਤਾਬਾਂ-ਕਾਪੀਆਂ ਨੇ ਪਾੜ੍ਹਿਆਂ ਨੂੰ ਸੁੱਕਣੇ ਪਾ ਰੱਖਿਐ। ਮੋਬਾਇਲ, ਟੈਲੀਵਿਜ਼ਨ ਨਾਲ ਚੰਬੜੇ ਰਹੋ ਹਰ ਵੇਲੇ। ਮੇਲੇ, ਤਿੱਥ-ਤਿਹਾਰ ਸਭ ਵਿਸਰ ਗਏ। ਸਿਰ ਖੁਰਕਣ ਦੀ ਵਿਹਲ ਹੈ ਨੀ...ਕਿਸੇ ਕੋਲੇ। ਬਾਤਾਂ ਸੁਣਨਾ-ਸੁਣਾਉਣਾ ਤਾਂ ਬੀਤੇ ਦਾ ਇਤਿਹਾਸ ਬਣ ਗਿਆ।



# ਪੁਸਤਕ ਰੀਵਿਊ



## ਪਗਡੰਡੀਆਂ ਤੋਂ ਸ਼ਾਹਰਾਹ ਤੱਕ

**(ਨਿਬੰਧ ਸੰਗ੍ਰਹਿ)**
**ਡਾ. ਅਰਵਿੰਦਰ ਸਿੰਘ ਭੱਲਾ**
**ਪੰਨੇ-111, ਮੁੱਲ-250 ਰੁਪਏ**
**ਐਸਥੈਟਿਕ ਪਬਲੀਕੇਸ਼ਨ, ਲੁਧਿਆਣਾ**

ਡਾ. ਅਰਵਿੰਦਰ ਸਿੰਘ ਭੱਲਾ ਨੇ ਪੰਜਾਬੀ ਨਿਬੰਧ ਲੇਖਣ ਵਿੱਚ ਆਪਣੀ ਇੱਕ ਵੱਖਰੀ ਪਛਾਣ ਕਾਇਮ ਕੀਤੀ ਹੈ। ਲੇਖਕ ਦੀਆਂ 'ਜ਼ਾਵੀਆ' ਅਤੇ 'ਨੁਕਤਾ-ਏ-ਨਿਗਾਹ' ਪੁਸਤਕਾਂ ਪੜ੍ਹਣ ਉਪਰੰਤ ਮੈਂ ਇਸ ਨਤੀਜੇ 'ਤੇ ਪਹੁੰਚਿਆਂ ਹਾਂ ਕਿ ਲੇਖਕ ਪਾਸ ਇੱਕ ਦਿਵਿਆ ਦ੍ਰਿਸ਼ਟੀ ਹੈ ਅਤੇ ਡੂੰਘੀ ਸੰਵੇਦਨਾ ਹੈ। ਸਿਰਫ ਪੁਸਤਕ ਗਿਆਨ ਹੀ ਨਹੀਂ, ਸਗੋਂ ਜ਼ਿੰਦਗੀ ਦੇ ਵੰਨ-ਸੁਵੰਨਿਆਂ ਵਰਤਾਰਿਆਂ ਦਾ ਗਹਿਰਾ ਅਨੁਭਵ ਵੀ ਹੈ। ਉਸਾਰੂ ਤੇ ਸਕਾਰਾਤਮਕ ਤੇ ਸੰਜੀਦਾ ਸੋਚ ਹੈ ਤੇ ਇਸ ਸਮਾਜ ਨੂੰ ਸਿਹਤਮੰਦ ਤੇ ਨਰੋਆ ਦੇਖਣ ਦੀ ਪ੍ਰਬਲ ਇੱਛਾ ਅਤੇ ਆਪਣਾ ਸੰਤੁਲਿਤ ਦ੍ਰਿਸ਼ਟੀਕੋਣ ਹੈ, ਕਿਉਂਕਿ ਲੇਖਕ ਆਪ ਸਿੱਖਿਆ ਸੰਸਥਾ ਨਾਲ ਜੁੜਿਆ ਹੈ ਅਤੇ ਉਹ ਇਹ ਗੱਲ ਭਲੀਭਾਂਤ ਸਮਝਦਾ ਹੈ ਕਿ ਖ਼ਾਸ ਕਰਕੇ ਨਵੀਂ ਪੀੜ੍ਹੀ ਵਿੱਚ ਨੈਤਿਕਤਾ ਤੇ ਚੰਗੇ ਅਚਾਰ-ਵਿਹਾਰ ਪੈਦਾ ਕਰਨਾ, ਜੀਵਨ ਦਾ ਅਸਲੀ ਮੰਤਵ ਸਮਝਾਉਣਾ ਅਤੇ ਉਨ੍ਹਾਂ ਨੂੰ ਨੈਤਿਕਤਾ ਦੇ ਰਾਹਾਂ ਉੱਪਰ ਤੋਰਨਾ ਸਮੇਂ ਦੀ ਲੋੜ ਹੈ ਅਤੇ ਇਸ ਵਿੱਚ ਹੀ ਸਮਾਜ, ਦੇਸ਼ ਅਤੇ ਕੌਮ ਦੀ ਭਲਾਈ ਹੈ। ਆਪਣੇ ਇਸ ਫਰਜ਼ ਨੂੰ ਬਾਖੂਬੀ ਪਛਾਣਦਿਆਂ ਅਤੇ ਉਸ ਨੂੰ ਨਿਭਾਉਂਦਿਆ ਡਾ. ਅਰਵਿੰਦਰ ਸਿੰਘ ਭੱਲਾ ਨੇ ਆਪਣੀ ਕਲਮ ਦੀ ਕਾਰਗ਼ਰ ਵਰਤੋਂ ਕਰਦਿਆਂ ਅਜਿਹੀਆਂ ਅਰਥ-ਭਰਪੂਰ ਅਤੇ ਮਹੱਤਵਪੂਰਨ ਪੁਸਤਕਾਂ ਦੀ ਸਿਰਜਣਾ ਕੀਤੀ ਹੈ। ਆਪਣੀਆਂ ਪਹਿਲੀਆਂ ਪੁਸਤਕਾਂ ਵਾਂਗ ਹੀ ਲੇਖਕ ਨੇ ਹੱਥਲੀ ਪੁਸਤਕ ਵਿੱਚ ਵੀ ਆਪਣਾ ਸੰਦੇਸ਼ ਪਾਠਕਾਂ ਤੱਕ ਪਹੁਚਾਉਣ ਲਈ ਗੁਰੂ-ਸ਼ਿਸ਼ ਪਰੰਪਰਾ, ਕਿਧਰੇ ਮੁਰਸ਼ਦ-ਮੁਰੀਦ, ਕਿਧਰੇ ਦਰਵੇਸ਼ ਤੇ ਸ਼ਿਸ਼, ਕਿਧਰੇ ਪੀਰਾਂ-ਫਕੀਰਾਂ ਤੇ ਸੰਤਾਂ ਵਾਲੀ ਪ੍ਰਵਚਨ, ਕਥਨ-ਕਹਿਣ ਵਾਲੀ ਮੂਲ ਭਾਰਤੀ ਸ਼ੈਲੀ ਦੀ ਵਰਤੋਂ ਕੀਤੀ ਹੈ, ਜੋ ਅਜਿਹੇ ਬਾਮਕਸਦ ਸੁਨੇਹਿਆਂ ਅਤੇ ਉਪਦੇਸ਼ਾਂ ਨੂੰ ਪਾਠਕਾਂ ਤੱਕ ਪੁਚਾਉਣ ਲਈ ਸਭ ਤੋਂ ਢੁਕਵੀਂ ਅਤੇ ਅਸਰਦਾਰ ਮੰਨੀ ਜਾਂਦੀ ਹੈ।

ਲੇਖਕ ਨੇ ਸ਼ਾਹ ਹੁਸੈਨ, ਰਹੀਮ, ਅਬਦੁਲ ਹਮੀਦ ਆਦਮ, ਖ਼ਲੀਲ ਤਨਵੀਰ, ਮੁਹੰਮਦ ਇਕਬਾਲ, ਬੁੱਲ੍ਹੇ ਸ਼ਾਹ, ਬਾਬਾ ਨਜਮੀ, ਬਹਾਦਰ ਸ਼ਾਹ ਜ਼ਫਰ, ਬਾਬੂ ਫਿਰੋਜ਼ਦੀਨ ਸ਼ਰਫ, ਸਈਅਦ ਹਸ਼ਮਤ ਸੋਹੇਲ, ਸ਼ਾਹ ਸ਼ਰਫ, ਬਾਈਬਲ, ਸੁਰਜੀਤ ਪਾਤਰ, ਫੈਜ਼ ਅਹਿਮਦ ਫੈਜ਼, ਅਮਜ਼ਦ ਨਾਜ਼ਮੀ, ਅਮੀਰ ਕਜ਼ਲਬਾਸ਼, ਮੀਰ ਤਕੀ ਮੀਰ, ਸ਼ੇਖ ਫਰੀਦ ਦੇ ਸ਼ੇਅਰਾਂ, ਸ਼ਲੋਕਾਂ ਅਤੇ ਕੁਟੇਸ਼ਨਾਂ ਦੇ ਨਾਲ-ਨਾਲ ਭਾਰਤੀ, ਅੰਗਰੇਜ਼ੀ, ਚੀਨੀ ਅਤੇ ਰੋਮਾਨੀਅਨ ਕਹਾਵਤਾਂ ਨੂੰ ਨਿਬੰਧਾਂ ਦੇ ਸਿਰਲੇਖ ਸਾਜ ਕੇ ਇਨ੍ਹਾਂ ਦੇ ਅਰਥਾਂ ਰਾਹੀਂ ਉਨ੍ਹਾਂ ਦੇ ਫ਼ਲਸਫ਼ੇ ਨੂੰ ਪਾਠਕਾਂ ਅੱਗੇ ਰੱਖਣ ਦੀ ਕੋਸ਼ਿਸ਼ ਕੀਤੀ ਹੈ ਅਤੇ ਇਨ੍ਹਾਂ ਨੂੰ ਆਮ ਮਨੁੱਖ ਦੀ ਜ਼ਿੰਦਗੀ ਨਾਲ ਜੋੜ ਕੇ ਅਲੰਕਾਰਕ ਢੰਗ ਨਾਲ ਪੇਸ਼ ਕੀਤਾ ਹੈ। ਦਰਅਸਲ ਇਹ ਉਹੀ ਪਗਡੰਡੀਆਂ ਹਨ, ਜਿਨ੍ਹਾਂ ਉਪਰ ਤੁਰ ਕੇ ਕੋਈ ਵੀ ਇਨਸਾਨ ਜ਼ਿੰਦਗੀ ਦੀ ਅਸਲ ਮੰਜ਼ਲ ਉਪਰ ਪੁੱਜ ਸਕਦਾ ਹੈ। ਇਨ੍ਹਾਂ ਪਗਡੰਡੀਆਂ ਦੀ ਤਲਾਸ਼ ਤੇ ਸ਼ਨਾਖਤ ਕਰਨਾ ਅਤੇ ਫਿਰ ਇਨ੍ਹਾਂ ਉੱਪਰ ਤੁਰਨ ਦਾ ਵੱਲ ਸਿਖਾਉਣ ਦਾ ਵੱਡਮੁੱਲਾ ਕਾਰਜ ਹੈ ਪੁਸਤਕ ਪਗਡੰਡੀਆਂ ਤੋਂ ਸ਼ਾਹਰਾਹ ਤੱਕ। ਲੇਖਕ ਨੇ ਇਸ ਪੁਸਤਕ ਰਾਹੀਂ ਭਾਰਤੀ ਸੱਭਿਆਚਾਰ, ਭਾਰਤੀ ਸੰਸਕ੍ਰਿਤੀ, ਭਾਰਤੀ ਦਰਸ਼ਨ, ਭਾਰਤੀ ਆਚਾਰ-ਵਿਹਾਰ, ਜੀਵਨ-ਜਾਚ ਨੂੰ ਨਾ ਸਿਰਫ ਪੁਨਰ-ਪ੍ਰੀਭਾਸ਼ਤ ਕੀਤਾ ਹੈ, ਸਗੋਂ ਉਸ ਨੂੰ ਅਲੰਕਾਰਕ ਅਤੇ ਮੁਹਾਵਰੇਦਾਰ ਭਾਸ਼ਾ, ਨਵੇਂ-ਨਰੋਏ ਸੰਵਾਦਾਂ ਅਤੇ ਰੌਚਕ ਕਥਨ ਸ਼ੈਲੀ ਰਾਹੀਂ ਪਾਠਕਾਂ ਵਿਸ਼ੇਸ਼ ਰੂਪ ਵਿੱਚ ਨਵੀਂ ਪੀੜ੍ਹੀ ਤੱਕ ਪੁਚਾਉਣ ਅਤੇ ਉਸ ਨੂੰ ਮਨੁੱਖੀ ਗੁਣਾਂ ਨਾਲ ਲਬਰੇਜ਼ ਕਰਨ ਦਾ ਸ਼ਲਾਘਾਯੋਗ ਕਾਰਜ ਵੀ ਕੀਤਾ ਹੈ। ਲੇਖਕ ਨੇ ਇਸ ਗਿਆਨ ਸੰਚਾਰ ਦੀ ਅਮੀਰ ਪਰੰਪਰਾ ਨੂੰ ਬਰਕਰਾਰ ਰੱਖਿਆ ਹੈ। ਮੈਂ ਇਨ੍ਹਾਂ ਅਰਥ-ਭਰਪੂਰ ਅਤੇ ਪ੍ਰੇਰਣਾਦਾਇਕ ਲਘੂ ਨਿਬੰਧਾਂ ਦੀ ਸਿਰਜਣਾ ਲਈ ਡਾ. ਅਰਵਿੰਦਰ ਸਿੰਘ ਨੂੰ ਵਧਾਈ ਦਿੰਦਾ ਹਾਂ ਅਤੇ ਉਨ੍ਹਾ ਦੀ ਜ਼ਰਖੇਜ਼ ਕਲਮ ਤੋਂ ਹੋਰ ਵੀ ਅਜਿਹੀਆਂ ਬਾਮਕਸਦ ਰਚਨਾਵਾਂ ਦੀ ਸਿਰਜਣਾ ਦੀ ਆਸ ਕਰਦਾ ਹਾਂ।

**—ਡਾ. ਧਰਮਪਾਲ ਸਾਹਿਲ**

## ਅਕਾਲੀ ਫੂਲਾ ਸਿੰਘ

**(ਜੀਵਨੀ)**
**ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ**
**ਮੁੱਲ : 120 ਰੁਪਏ, ਪੰਨੇ ਪੇਪਰ ਬੈਕ : 179**
**ਸੰਪਾਦਕ : ਜਗਤਾਰ ਸਿੰਘ ਭੰਗੂ**
**ਈਵਾਨ ਪਬਲੀਕੇਸ਼ਨ, ਬਰਨਾਲਾ**

ਅਸੀਂ ਬੀਰ ਬਹਾਦਰ ਅਕਾਲੀ ਫੂਲਾ ਸਿੰਘ ਜੀ ਸਬੰਧੀ ਸੰਖੇਪ ਪਰ ਪਰਪੱਕ ਜਾਣਕਾਰੀ ਦੇਣ ਲਈ ਪੁਸਤਕ ਦੀ ਭੂਮਿਕਾ ਪੰਨਾ 8 ਉਪਰ ਵਸਤੂ ਵੇਰਵੇ ਦੇ ਕੁਝ ਸ਼ਬਦ ਪੇਸ਼ ਕਰ ਰਹੇ ਹਾਂ। ਆਪ ਕੁਰਬਾਨੀਆਂ ਦੀ ਖਾਣ ਦੇ ਇਕ ਸ਼੍ਰੋਮਣੀ ਹੀਰੇ ਸਨ, ਜਿਸ ਦੀ ਮਿਸਾਲ ਬੀਰਤਾ ਦੇ ਦਬਦਬੇ ਅੱਗੇ ਵੱਡੇ-ਵੱਡੇ ਤਾਂ ਜਾਬਰਾਂ ਦੇ ਮੁਕਟ ਝੁਕੇ ਤੇ ਰਹਿੰਦੀ ਦੁਨੀਆਂ ਜਿਨ੍ਹਾਂ ਦੇ ਨਾਂਅ ਦਾ ਡੰਕਾ ਵਜਦਾ ਰਹੇਗਾ। ਅਕਾਲੀ ਜੀ ਸਿਰ ਤੋਂ ਪੈਰਾਂ ਤੱਕ ਕੌਮੀ ਪਿਆਰ, ਉਤਸ਼ਾਹ ਤੇ ਉੱਚ ਆਚਰਣ ਦੀ ਜਿਊਂਦੀ-ਜਾਗਦੀ ਮੂਰਤ ਸਨ। ਉਸ ਦੇ ਸੀਨੇ ਵਿਚ ਐਸਾ ਦਿਲ ਸੀ, ਜੋ ਪੰਥ ਦੇ ਦਰਦ ਨਾਲ ਤੜਫ ਉੱਠਦਾ ਸੀ। ਅਜਿਹੇ ਬਹਾਦਰ ਸੂਰਮੇ ਦੇ ਜੀਵਨ ਸੰਬੰਧੀ ਪਹਿਲੀ ਵਾਰ ਬਾਬਾ ਪ੍ਰੇਮ ਸਿੰਘ ਹੋਤੀ ਮਰਦਾਨ ਹੁਰਾਂ ਨੇ ਲਿਖਿਆ ਸੀ, ਜਿਸ ਨੂੰ ਹੁਣ ਜਗਤਾਰ ਸਿੰਘ ਭੰਗੂ ਹੁਰਾਂ ਨੇ ਸੰਪਾਦਨ ਕਰਕੇ, ਪੁਸਤਕ ਦਾ ਪ੍ਰਕਾਸ਼ਨ ਕਰਵਾਇਆ ਹੈ। ਪਹਿਲਾਂ ਵੀ ਇਹ ਪੁਸਤਕ ਬਾਬਾ ਪ੍ਰੇਮ ਸਿੰਘ ਹੋਤੀ ਦੀ ਲਿਖਤ, ਚਾਰ ਵਾਕ ਪ੍ਰਕਾਸ਼ਤ ਹੋ ਚੁੱਕੀ ਹੈ। ਹੁਣ ਦੇ ਪ੍ਰਕਾਸ਼ਨ ਅਨੁਸਾਰ ਤਤਕਰਾ ਵਿਚਲੇ ਕ੍ਰਮ ਅਨੁਸਾਰ ਪੁਸਤਕ ਦੇ 35 ਅਧਿਆਏ ਹਨ, ਜਿਸ ਵਿਚ ਬਾਲ ਅਵਸਥਾ ਤੋਂ ਲੈ ਕੇ ਆਪ ਦੇ ਜੀਵਨ ਦੀ ਗਾਥਾ ਦੇ ਹਰ ਪੜਾਅ ਦੇ ਵਸਤੂ-ਵੇਰਵੇ ਪੇਸ਼ ਹਨ। ਆਪ ਦੇ ਜੀਵਨ ਅਤੇ ਸ਼ਖਸੀਅਤ ਸਬੰਧੀ ਮੁੱਖ ਨੁਕਤੇ ਵੀ ਪੇਸ਼ ਹਨ।

ਅਕਾਲੀ ਫੂਲਾ ਸਿੰਘ ਨੇ ਜੀਵਨ ਮਹਾਰਾਜਾ ਰਣਜੀਤ ਸਿੰਘ ਨੂੰ ਸਮਰਪਿਤ ਕੀਤਾ ਹੋਇਆ ਸੀ, ਜਦੋਂ ਵੀ ਸਿੱਖ ਰਾਜ ਦਾ ਵਿਸਥਾਰ ਕਰਨ ਦੀ ਮੁਹਿੰਮ ਚੱਲ ਰਹੀ ਸੀ, ਤਾਂ ਬਾਬਾ ਫੂਲਾ ਸਿੰਘ ਆਪ ਦੇ ਅੰਗ-ਸੰਗ ਰਹਿ ਕੇ ਹਰ ਮੈਦਾਨ ਫ਼ਤਹਿ ਕਰਦੇ ਸਨ। ਆਪ ਦੇ ਵਿਅਕਤੀਤਵ ਡੀਲ-ਡੌਲ, ਆਤਮ ਸ਼ਕਤੀ, ਦ੍ਰਿੜ੍ਹਤਾ, ਸੂਰਤਾ, ਨਿਰਭੈਤਾ, ਨਿਰਅਭਿਮਾਨਤਾ, ਸੁਧਾਰਕ ਨੀਤੀ, ਕੌਮੀ ਦਰਦ, ਸ਼ਸ਼ਤਰ ਵਿੱਦਿਆ ਤੋਂ ਆਪ ਇਕ ਸੰਪੂਰਨ ਯੋਧੇ ਹੀ ਨਹੀਂ ਸਨ, ਬਲਕਿ ਆਪ ਦ੍ਰਿਸ਼ਟੀ ਤੋਂ ਸੁਧਾਰਕ ਸਨ, ਆਪ ਅੰਦਰ ਕੌਮੀ ਦਰਦ ਸੀ। ਸ਼ਸ਼ਤਰ ਵਿੱਦਿਆ ਦੇ ਮਾਹਿਰ, ਸਿਪਾਹੀ ਅਤੇ ਸਿੱਖ ਫੌਜ ਦੇ ਮੁਖੀ ਤੇ ਉਸਤਾਦ ਜਰਨੈਲ ਸਨ। ਆਪ ਸੱਚੇ-ਸੁੱਚੇ ਸਿੱਖ ਸਨ। ਗੁਰਬਾਣੀ ਨਾਲ ਆਪ ਦਾ ਅਟੁੱਟ ਪਿਆਰ ਸੀ।

ਈਵਾਨ ਪਬਲੀਕੇਸ਼ਨ ਅਤੇ ਪ੍ਰਸਿੱਧ ਪੰਜਾਬੀ ਵਿਦਵਾਨ ਤੇਜਾ ਸਿੰਘ ਦੇ ਯਤਨਾਂ ਸਦਕਾ ਇਸ ਲੜੀ ਦੀਆਂ ਪੁਸਤਕਾਂ ਦਾ ਪੁਨਰ ਪ੍ਰਕਾਸ਼ਨ ਹੋਣਾ ਪੰਜਾਬੀ ਪਾਠਕਾਂ ਲਈ ਇਕ ਵਰਦਾਨ ਹੈ। ਸਿੱਖ ਇਤਿਹਾਸ ਦਾ ਸਹੀ ਮੁਲਾਂਕਣ ਹੋਣਾ ਬਹੁਤ ਜ਼ਰੂਰੀ ਹੈ, ਹੁੰਦਾ ਰਹਿਣਾ ਚਾਹੀਦਾ ਹੈ।

ਅਕਾਲੀ ਫੂਲਾ ਸਿੰਘ ਜੀਵਨ ਇਤਿਹਾਸ ਸੱਚ-ਮੁੱਚ ਵੱਡਮੁੱਲੀ ਪੁਸਤਕ ਹੈ। ਹਰ ਪ੍ਰਕਾਰ ਦੇ ਪਾਠਕਾਂ ਲਈ ਅਦੁੱਤੀ ਪ੍ਰਕਾਸ਼ ਹੈ। ਸਵਾਗਤ ਹੈ।

**- ਡਾ. ਅਮਰ ਕੋਮਲ**

## ਨਿੰਦਰ ਘੁਗਿਆਣਵੀ ਦੀ ਵਾਰਤਕ ਪੜ੍ਹਦਿਆਂ

**ਸੰਪਾਦਕ : ਪ੍ਰਿੰਸੀਪਲ ਸਰਵਣ ਸਿੰਘ**
**ਪੰਨੇ : 260, ਮੁੱਲ 395 ਰੁਪਏ**
**ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ**

ਪ੍ਰਿੰ. ਸਰਵਣ ਸਿੰਘ ਪੰਜਾਬੀ ਸਾਹਿਤ ਜਗਤ ਵਿਚ ਵਿਸ਼ੇਸ਼ ਸਥਾਨ ਰੱਖਦੇ ਹਨ। ਲੇਖਕ ਦੁਆਰਾ ਰਚਿਤ ਸਾਹਿਤ ਨਾਲ ਵੱਡਮੁੱਲਾ ਵਾਧਾ ਹੋਇਆ ਹੈ। ਪ੍ਰਿੰਸੀਪਲ ਸਰਵਣ ਸਿੰਘ ਹੁਰਾਂ ਦੁਆਰਾ ਸੰਪਾਦਤ ਪੁਸਤਕ 'ਨਿੰਦਰ ਘੁਗਿਆਣਵੀ ਦੀ ਵਾਰਤਕ ਪੜ੍ਹਦਿਆਂ' ਵਿਚ ਵਾਰਤਾਕਾਰ ਨਿੰਦਰ ਘੁਗਿਆਣਵੀ ਦੀ ਸ਼ਖ਼ਸੀਅਤ, ਵਾਰਤਕਤਾ, ਰਚਨਾ ਦ੍ਰਿਸ਼ਟੀ ਬਾਰੇ ਵੱਖ-ਵੱਖ ਵਿਦਵਾਨਾਂ ਦੁਆਰਾ ਪ੍ਰਗਟਾਏ ਵਿਚਾਰਾਂ ਨੂੰ ਇਕੱਤਰ ਕਰਕੇ ਪਾਠਕਾਂ ਦੇ ਅਗਰਸਰ ਕੀਤਾ ਹੈ।

ਪ੍ਰਿੰਸੀਪਲ ਸਰਵਣ ਸਿੰਘ ਨੇ ਪੁਸਤਕ ਵਿਚ ਸ਼ਾਮਿਲ ਲੇਖਾਂ, ਚਿੱਠੀਆਂ ਰਾਹੀਂ, ਵਿਦਵਾਨਾਂ ਦੁਆਰਾ ਪ੍ਰਗਟਾਏ ਵਿਚਾਰਾਂ ਰਾਹੀਂ, ਨਿੰਦਰ ਘੁਗਿਆਣਵੀ ਦੀ ਵੱਖਰੀ ਵਾਰਤਕ ਸ਼ੈਲੀ, ਅਨੁਭਵ ਰਾਹੀਂ ਪ੍ਰਗਟਾਏ ਵਿਚਾਰਾਂ ਨੂੰ ਪੁਸਤਕ ਵਿਚ ਸਥਾਨ ਦੇ ਕੇ ਨਿੰਦਰ ਘੁਗਿਆਣਵੀ ਦੀ ਵਾਰਤਕਾਰ ਵਜੋਂ ਵਿਸ਼ੇਸ਼ ਦੇਣ ਦਾ ਬਹੁਤ ਤਰਕਪੂਰਨ/ ਸੂਖਮਮਈ ਵਿਚਾਰਾਂ ਰਾਹੀਂ ਬਿਆਨ ਕੀਤਾ ਹੈ।

ਲੇਖਕ ਨੇ ਨਿੰਦਰ ਘੁਗਿਆਣਵੀ ਨੂੰ ਇਕ ਕਮਾਲ ਦੀ ਸ਼ੈਅ ਹੋਣ ਬਾਰੇ ਦੱਸਿਆ ਹੈ, ਕਿਉਂਕਿ ਘੁਗਿਆਣਵੀ ਸਵੈ ਜੀਵਨੀ, ਜੀਵਨੀਆਂ, ਰੇਖਾ ਚਿੱਤਰ, ਸਫਰਨਾਮੇ, ਨਿਬੰਧ, ਲਲਿਤ ਨਿਬੰਧਾ, ਯਾਦਾਂ, ਡਾਇਰੀਨਾਮਾ, ਰੇਡੀਓਨਾਮਾ ਅਤੇ ਬਹੁਤ ਸਾਰੇ ਅਖਬਾਰੀ ਕਾਲਮਾਂ ਲਈ ਲਿਖਤਾਂ ਲਿਖੀਆਂ, ਲੇਖਕ ਘੁਗਿਆਣਵੀ ਨੇ ਹੁਣ ਤੱਕ ਦੇ ਜੀਵਨ ਕਾਲ ਦੌਰਾਨ ਤਕਰੀਬਨ 50 ਤੋਂ ਵੱਧ ਪੁਸਤਕਾਂ ਦੀ ਸਿਰਜਨਾ ਕਰਕੇ ਮਹਾਨ ਵਾਰਤਕਕਾਰ ਦੀ ਸ਼੍ਰੇਣੀ ਵਿਚ ਸ਼ਾਮਲ ਹੋ ਗਿਆ ਹੈ। ਲੇਖਕ ਨਿੰਦਰ ਘੁਗਿਆਣਵੀ ਪੇਂਡੂ ਜੰਮਪਲ ਹੋਣ ਕਰਕੇ ਆਪਣੀ ਵਾਰਤਕਕਾਰੀ ਵਿਚ ਸਾਧਾਰਨ ਬੋਲੀ, ਪੇਂਡੂ ਨਿਵੇਕਲੇ ਪਾਤਰ ਜੋ ਸਿੱਧ ਪੱਧਰੀ ਬੋਲੀ ਬੋਲਦੇ ਪ੍ਰਤੀਤ ਹੁੰਦੇ ਹਨ, ਜੋ ਕਿ ਆਮ ਸਾਧਾਰਨ ਪਾਠਕ ਨੂੰ ਆਪਣੇ ਨੇੜਲੇ ਸਮਾਜ ਵਿਚ ਵਿਚਰਦੇ ਲੱਗਦੇ ਹਨ। ਵੱਖ-ਵੱਖ ਵਿਦਵਾਨਾਂ, ਲੇਖਕਾਂ ਨੇ ਨਿੰਦਰ ਘੁਗਿਆਣਵੀ ਦੀਆਂ ਸਮੁੱਚੀਆਂ ਸਾਹਿਤਕ ਰਚਨਾਵਾਂ ਵਿਚ ਪੇਸ਼ ਕੀਤੇ ਤੱਥਾਂ ਦੀ ਪ੍ਰੋੜ੍ਹਤਾ ਪੇਸ਼ ਹੋਣ ਦਾ ਹੀ ਜ਼ਿਕਰ ਨਹੀਂ ਕੀਤਾ, ਸਗੋਂ ਪ੍ਰਮਾਣਕ ਹੋਣ ਬਾਰੇ ਵੀ ਲਿਖਿਆ ਹੈ। ਨਿੰਦਰ ਘੁਗਿਆਣਵੀ ਨੇ ਆਪਣੀ ਵਾਰਤਕਕਾਰੀ ਵਿਚ ਅੰਤਰ ਵਿਰੋਧਾਂ, ਮੌਤ ਤੇ ਜੀਵਨ, ਰੋਣਾ ਤੇ ਹੱਸਣਾ, ਜਲਣਾ ਤ ਫੋਲਣਾ ਨੂੰ ਅੰਤਰ ਸੰਬੰਧਤ ਕਰਕੇ ਇਹ ਦਰਸਾਇਆ ਹੈ ਕਿ ਮਨੁੱਖੀ ਜੀਵਨ ਨਿਰਲੇਪ ਨਹੀਂ ਹੋ ਸਕਦਾ, ਸਗੋਂ ਇਹ ਆਪਣੇ ਆਲੇ-ਦੁਆਲੇ ਤੋਂ ਪ੍ਰਭਾਵਿਤ ਹੁੰਦਾ ਹੈ।

ਪ੍ਰਿੰਸੀਪਲ ਸਰਵਣ ਸਿੰਘ ਲੇਖਕ ਨਿੰਦਰ ਘੁਗਿਆਣਵੀ ਦੇ ਰਚਨਾਕਾਲ ਦੇ ਸੰਦਰਭ ਵਿਚ ਪੇਸ਼ ਖੋਜ ਪੱਤਰਾਂ ਵਿਚ ਉਸ ਦੀ ਵਾਰਤਕ ਦੇ ਪਿੱਛੇ ਕਾਰਜ ਕਰਦੀ ਲੇਖਕ ਦੀ ਸਾਰਥਕ ਦ੍ਰਿਸ਼ਟੀ ਉਜਾਗਰ ਹੋਣ ਬਾਰੇ, ਤੱਥਾਂ ਨੂੰ ਘੋਖਣ ਉਪਰੰਤ ਲੇਖਕਾਂ, ਵਿਦਵਾਨਾਂ ਦੁਆਰਾ ਪ੍ਰਗਟਾਏ ਵਿਚਾਰਾਂ ਰਾਹੀਂ ਸਪੱਸ਼ਟ ਦਿਸਦੀ ਹੈ। ਨਿੰਦਰ ਘੁਗਿਆਣਵੀ ਨੇ ਵਾਰਤਕ ਰਾਹੀਂ ਸਮਕਾਲੀ ਨਿਆਂ ਪ੍ਰਬੰਧ ਨੂੰ ਚਲਾਉਣ ਵਾਲੇ ਜੱਜਾਂ ਦੁਆਰਾ ਆਪਣੇ ਅਧੀਨ ਕੰਮ ਕਰਨ ਵਾਲਿਆਂ ਦਾ ਸਮਾਜਿਕ ਅਤੇ ਆਰਥਿਕ ਤੌਰ 'ਤੇ ਸ਼ੋਸ਼ਣ ਕਰਨ ਬਾਰੇ ਵਿਅੰਗਾਤਮਕ ਵਿਧੀ ਰਾਹੀਂ ਪੇਸ਼ ਕੀਤਾ ਹੈ, ਸਗੋਂ ਨਵੀਂ ਪੀੜ੍ਹੀ ਨੂੰ ਸੁਚੇਤ ਕਰਨ ਦਾ ਸਾਰਥਕ ਯਤਨ ਵੀ ਕੀਤਾ ਹੈ।

ਸੋ ਅਸੀਂ ਕਹਿ ਸਕਦੇ ਹਾਂ ਕਿ ਨਿੰਦਰ ਘੁਗਿਆਣਵੀ ਦੀ ਸਮਕਾਲੀ ਸਾਹਿਤ ਵਿਚ ਵਾਰਤਕ ਸਿਰਜਣਾ ਬਾਰੇ ਪ੍ਰਿੰਸੀਪਲ ਸਰਵਣ ਸਿੰਘ ਹੁਰਾਂ ਦੁਆਰਾ ਪੁਸਤਕ ਸੰਪਾਦਤ ਕਰਕੇ ਨਿੰਦਰ ਘੁਗਿਆਣਵੀ ਦੀ ਨਿਵੇਕਲੀ ਵਾਰਤਕਕਾਰੀ ਕਰਕੇ ਸਾਹਿਤ ਵਿਚ ਵਿਲੱਖਣ ਸਥਾਨ ਪ੍ਰਾਪਤ ਹੋਣ ਬਾਰੇ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕੀਤੀ ਹੈ। ਪ੍ਰਿੰਸੀਪਲ ਸਰਵਣ ਸਿੰਘ ਹੁਰਾਂ ਨੇ ਪੁਸਤਕ ਦੇ ਅੰਤ ਵਿਚ ਨਿੰਦਰ ਘੁਗਿਆਣਵੀ ਦੀਆਂ ਹੁਣ ਤੱਕ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਸਬੰਧੀ ਰਚਿਤ ਪੁਸਤਕਾਂ ਦੀ ਸੂਚੀ ਦਰਜ ਕਰਕੇ ਪਾਠਕਾਂ ਨੂੰ ਨਿੰਦਰ ਘੁਗਿਆਣਵੀ ਦੀਆਂ ਪੁਸਤਕਾਂ ਸੰਬੰਧੀ ਵੱਡਮੁੱਲੀ ਸੂਚਨਾ ਪ੍ਰਦਾਨ ਕੀਤੀ ਹੈ। ਪ੍ਰਿੰਸੀਪਲ ਸਰਵਣ ਸਿੰਘ ਹੁਰਾਂ ਨੂੰ ਇਸ ਸਮੁੱਚੇ ਕਾਰਜ ਲਈ ਮੁਬਾਰਕਬਾਦ।

**- ਡਾ. ਬਲਵਿੰਦਰ ਸਿੰਘ**

## ਮਹਾਰਾਜਾ ਦਲੀਪ ਸਿੰਘ

**(ਜੀਵਨੀ)**
**ਨੰਦ ਕੁਮਾਰ ਪੰਜਾਬੀ, ਅਨੁ. ਤੇਜਾ ਸਿੰਘ ਤਿਲਕ**
**ਮੁੱਲ : 250 ਰੁਪਏ, ਪੰਨੇ : ਪੇਪਰ ਬੈਕ 184**
**ਈਵਾਨ ਪਬਲੀਕੇਸ਼ਨ, ਬਰਨਾਲਾ**

ਇਹ ਪੁਸਤਕ ਵੀ ਸਿੱਖ ਇਤਿਹਾਸ ਨਾਲ ਸੰਬੰਧਤ ਹੈ। ਇਕ ਪੁਸਤਕ 1922 ਈ. ਵਿਚ ਇਕ ਬੰਗਾਲੀ ਲੇਖਕ ਦੀ ਪੁਸਤਕ ਵੀ ਇਸ ਵਿਸ਼ੇ ਉਪਰ ਪ੍ਰਕਾਸ਼ਿਤ ਹੋਈ ਸੀ, ਜਿਸ ਦਾ ਨਾਂਅ ਸੀ "ਮਹਾਰਾਜਾ ਦਲੀਪ ਸਿੰਘ ਅਤੇ ਪੰਜਾਬ ਉਪਰ ਕਬਜ਼ਾ।" ਹੱਥਲੀ ਪੁਸਤਕ, 'ਮਹਾਰਾਜਾ ਦਲੀਪ ਸਿੰਘ' ਇਸ ਦੇ ਬੰਗਾਲੀ ਲੇਖਕ ਨੰਦ ਕੁਮਾਰ ਦੇਵ ਸ਼ਰਮਾ ਹਨ। ਇਸ ਪੁਸਤਕ ਦਾ ਅਨੁਵਾਦ ਤੇਜਾ ਸਿੰਘ ਤਿਲਕ ਦਾ ਹੈ। ਤਤਕਰਾ ਅਨੁਸਾਰ ਪੁਸਤਕ ਦੇ 19 ਅਧਿਆਏ ਹਨ ਜਿਨ੍ਹਾਂ ਵਿਚ ਵਧੇਰੇ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦਾ ਇਤਿਹਾਸ ਹੈ। ਪੁਸਤਕ ਦੇ ਪਹਿਲੇ ਅਧਿਆਏ ਤੋਂ ਲੈ ਕੇ 19ਵੇਂ ਇਤਿਹਾਸ ਰਾਹੀਂ ਅਸੀਂ ਬੇਬਾਕ ਹੋ ਕੇ ਇਤਿਹਾਸਕ ਵਸਤੂ ਵੇਰਵੇ ਪੜ੍ਹ ਸਕਦੇ ਹਾਂ। ਤਤਕਰਾ ਅਸਲ ਵਿਚ ਉਨ੍ਹਾਂ ਘਟਨਾਵਾਂ ਨਾਲ ਸੰਬੰਧਤ ਹੈ ਜੋ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀਆਂ ਇਤਿਹਾਸਕ ਘਟਨਾਵਾਂ ਹਨ। ਜਿਸ ਦੇ ਸਿਰਲੇਖ ਅਨੁਸਾਰ ਵਿਸ਼ੇ ਮਹਾਰਾਜਾ ਰਣਜੀਤ ਸਿੰਘ ਰਾਜ ਦੀਆਂ ਇਤਿਹਾਸਕ ਘਟਨਾਵਾਂ ਹਨ। ਅੰਤਿਕਾ ਵਿਚ, ਕੋਹਿਨੂਰ, ਕੁਰਹਾ ਦੀ ਰਾਜ ਕੁਮਾਰੀ, ਰਾਜਾ ਸ਼ੇਰ ਸਿੰਘ ਅਤੇ ਮਹਾਰਾਜਾ ਦਲੀਪ ਸਿੰਘ ਦੀ ਨਿੱਜੀ ਜਾਇਦਾਦ ਸਬੰਧੀ ਵਸਤੂ ਵੇਰਵੇ ਹਨ। ਇਹ ਇਤਿਹਾਸ, ਮਹਾਰਾਜਾ ਰਣਜੀਤ ਸਿੰਘ ਕਾਲ ਦੇ ਇਤਿਹਾਸ ਕਾਲ ਦੀ ਤਵਾਰੀਖ ਹੈ। ਇਸ ਲੜੀ ਦੀਆਂ ਹੋਰ ਅਨੇਕਾਂ ਪੁਸਤਕਾਂ ਅੰਗਰੇਜ਼ੀ ਭਾਸ਼ਾ ਤੋਂ ਇਲਾਵਾ ਪੰਜਾਬੀ ਤੇ ਹਿੰਦੀ ਆਦਿ ਕਈ ਭਾਸ਼ਾਵਾਂ ਵਿਚ ਉਪਲੱਬਤ ਹਨ। ਤੇਜਾ ਸਿੰਘ ਤਿਲਕ ਦੀ ਰੁਚੀ ਖੋਜ ਕਰਨ ਦੀ ਵੀ ਹੈ। ਉਹ ਇਕ ਮਿਹਨਤੀ ਸੰਪਾਦਕ ਹੈ। ਇਸ ਪੁਸਤਕ ਦੀ ਪ੍ਰਾਪਤੀ ਨਾਲ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਦਾ ਭਾਵੇਂ ਇਤਿਹਾਸ ਹੀ ਹੈ। ਫਿਰ ਵੀ ਅਨੇਕਾਂ ਵਸਤੂ-ਵੇਰਵਿਆਂ ਦਾ ਸਪੱਸ਼ਟੀਕਰਨ ਆਪਣੀ ਵਿਧੀ ਤੇ ਖੋਜ ਅਨੁਸਾਰ ਹੈ।

ਪੰਜਾਬੀ ਅਨੁਵਾਦ ਕਰਕੇ ਤੇਜਾ ਸਿੰਘ ਨੇ ਪੰਜਾਬੀ ਪਾਠਕਾਂ ਨੂੰ ਨਵਾਂ ਤੋਹਫਾ ਵੰਡਿਆ ਹੈ। ਪੰਜਾਬੀ ਨੌਜਵਾਨ ਮੁੰਡੇ-ਕੁੜੀਆਂ ਇਸ ਵਿਰਸੇ ਸੰਬੰਧੀ ਪ੍ਰਾਪਤ ਪੁਸਤਕ ਦੇ ਇਤਿਹਾਸ ਨੂੰ ਜ਼ਰੂਰ ਪੜ੍ਹਨ ਕਿ ਸਿੱਖ ਇਤਿਹਾਸ ਅਨੁਸਾਰ ਕਿੰਨਾ ਸੰਘਰਸ਼ ਕਰਨਾ ਪਿਆ ਸੀ, ਪ੍ਰੰਤੂ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਉਪਰੰਤ ਇਸ ਨੂੰ ਆਪਣੀਆਂ ਸਾਜ਼ਿਸ਼ਾਂ ਕਾਰਨ ਕਿਵੇਂ ਅੰਗਰੇਜ਼ੀ ਰਾਜ ਵਿਚ ਸਮਿਲਤ ਕਰ ਦਿੱਤਾ ਗਿਆ।

**- ਡਾ. ਅਮਰ ਕੋਮਲ**

10-March-Sunday.qxd 3/9/2024 10:20 PM Page 6



# ਪੰਜਾਬ ਸਾਹਿਤ ਅਕਾਦਮੀ ਦੀ ਨਵੀਂ ਟੀਮ ਦਾ ਗਠਨ



ਡਾ. ਸਰਬਜੀਤ ਸਿੰਘ — ਡਾ. ਪਾਲ ਕੌਰ — ਡਾ. ਗੁਲਜ਼ਾਰ ਸਿੰਘ ਪੰਧੇਰ

**ਲੁਧਿਆਣਾ** : ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੀ ਸਾਲ 2024-26 ਲਈ ਨਵੀਂ ਟੀਮ ਚੁਣਨ ਲਈ 3 ਮਾਰਚ ਨੂੰ ਵੋਟਾਂ ਪਾਈਆਂ ਗਈਆਂ। ਚੋਣ ਅਧਿਕਾਰੀ ਕੁਲਦੀਪ ਸਿੰਘ ਬੇਦੀ ਨੇ ਜਾਣਕਾਰੀ ਦਿੱਤੀ ਕਿ ਇਸ ਚੋਣ ਵਿੱਚ 827 ਪੰਜਾਬੀ ਸਾਹਿਤਕਾਰਾਂ ਨੇ ਆਪਣੀ ਵੋਟ ਦਾ ਇਸਤੇਮਾਲ ਕੀਤਾ ਅਤੇ ਆਉਂਦੇ ਦੋ ਸਾਲਾਂ ਲਈ ਹੇਠ ਲਿਖੇ 23 ਪ੍ਰਤੀਨਿਧਾਂ ਦੀ ਚੋਣ ਕੀਤੀ ਗਈ, ਜਿਸ 'ਚ ਡਾ. ਸਰਬਜੀਤ ਸਿੰਘ (ਪ੍ਰਧਾਨ), ਡਾ. ਪਾਲ ਕੌਰ (ਸੀਨੀਅਰ ਮੀਤ ਪ੍ਰਧਾਨ), ਡਾ. ਗੁਲਜ਼ਾਰ ਪੰਧੇਰ (ਜਨਰਲ ਸਕੱਤਰ), ਮੀਤੀ ਪ੍ਰਧਾਨ ਡਾ. ਅਰਵਿੰਦਰ ਕੌਰ ਕਾਕੜਾ, ਗੁਰਚਰਨ ਕੌਰ ਕੋਚਰ, ਡਾ. ਹਰਵਿੰਦਰ ਸਿਰਸਾ, ਤ੍ਰੈਲੋਚਨ ਲੋਚੀ ਅਤੇ ਜਸਪਾਲ ਮਾਨਖੇੜਾ, ਪ੍ਰਬੰਧਕੀ ਬੋਰਡ ਦੇ ਮੈਂਬਰ : ਹਰੀ ਸਿੰਘ ਜਾਚਕ, ਕੰਵਰਜੀਤ ਭੱਠਲ, ਸੰਜੀਵਨ, ਸ਼ਬਦੀਸ਼, ਸਰਘੀ, ਡਾ. ਸੰਤੋਖ ਸੁੱਖੀ, ਸਹਿਜਪ੍ਰੀਤ ਮਾਂਗਟ, ਨਰਿੰਦਰਪਾਲ ਕੌਰ, ਪ੍ਰੇਮ ਸਾਹਿਲ, ਦੀਪ ਜਗਦੀਪ ਸਿੰਘ, ਵਰਗਿਸ ਸਲਾਮਤ, ਵਾਹਿਦ, ਡਾ. ਹਰਜਿੰਦਰ ਸਿੰਘ, ਬਲਵਿੰਦਰ ਸਿੰਘ ਚਹਿਲ, ਕਰਮਜੀਤ ਗਰੇਵਾਲ।

# ਪੰਜਾਬੀ ਦਾ ਉੱਚ-ਦੁਮਾਲੜਾ ਲੇਖਕ ਵਰਿਆਮ ਸੰਧੂ

ਆਧੁਨਿਕ ਪੰਜਾਬੀ ਸਾਹਿਤ ਜਗਤ ਵਿੱਚ ਵਰਿਆਮ ਸਿੰਘ ਸੰਧੂ ਦੀ ਵੱਡੀ ਪਛਾਣ ਬੇਸ਼ੱਕ ਸੰਘਣੇ ਸਮਾਜਿਕ ਯਥਾਰਥ ਦੇ ਲੰਮੀ ਪੰਜਾਬੀ ਕਹਾਣੀ ਵਿੱਚ ਕਲਾਤਮਕ ਰੂਪਾਂਤਰਣ ਕਰਨ ਵਾਲੇ ਸਮਰੱਥ ਕਹਾਣੀਕਾਰ ਵਜੋਂ ਹੀ ਹੈ, ਪਰ ਇਹ ਵੀ ਸੱਚ ਹੈ ਕਿ ਉਹ ਵਿਭਿੰਨ ਸਾਹਿਤਕ ਰੂਪ ਵਿਧਾਵਾਂ ਵਿੱਚ ਇੱਕੋ ਜਿੰਨੀ ਰਚਨਾਤਮਕ ਮੁਹਾਰਤ ਨਾਲ ਉਚੇਰੇ ਸਾਹਿਤਕ ਮਹੱਤਵ ਵਾਲੀਆਂ ਰਚਨਾਵਾਂ ਸਿਰਜਣ ਵਾਲਾ ਪ੍ਰਤਿਭਾਵਾਨ ਲੇਖਕ ਹੈ। ਉਸ ਨੇ ਸਾਹਿਤਕ ਖੇਤਰ ਵਿੱਚ ਹੋਰ ਬਹੁਤ ਸਾਰੇ ਲੇਖਕਾਂ ਵਾਂਗ ਕਵੀ ਵਜੋਂ ਹੀ ਪ੍ਰਵੇਸ਼ ਕੀਤਾ ਅਤੇ ਉਸ ਦੌਰ ਵਿੱਚ ਉੱਭਰੀ ਨੈਕਸਲਾਈਟ ਰਾਜਸੀ ਲਹਿਰ ਦੇ ਪ੍ਰਭਾਵ ਹੇਠ ਵਿਕਸਤ ਹੋਈ ਜੁਝਾਰੂ ਕਵਿਤਾ ਵਿੱਚ ਜ਼ਿਕਰਯੋਗ ਸਥਾਨ ਬਣਾਉਣ ਵਿੱਚ ਸਫਲ ਵੀ ਹੋਇਆ। ਜਲਦੀ ਹੀ ਉਹ ਕਵਿਤਾ ਦੇ ਨਾਲ-ਨਾਲ ਹਰੇ ਇਨਕਲਾਬ ਦੇ ਪੰਜਾਬ ਦੇ ਰਵਾਇਤੀ ਕਿਸਾਨੀ ਸਮਾਜ ਉੱਪਰ ਪੈਂਦੇ ਪ੍ਰਭਾਵਾਂ ਤੋਂ ਉਤਪੰਨ ਸਮਾਜਿਕ ਯਥਾਰਥ ਨੂੰ ਆਪਣੀ ਸੰਵੇਦਨਾ ਦੇ ਘੇਰੇ ਦੀ ਵਸਤੂ ਬਣਾ ਕੇ ਉਚੇਰੇ ਸਾਹਿਤਕ ਮਹੱਤਵ ਵਾਲੀਆਂ ਕਥਾ ਰਚਨਾਵਾਂ ਲਿਖਣ ਵੱਲ ਰੁਚਿਤ ਹੋਇਆ। ਉਚੇਰੀ ਬੌਧਿਕ ਤੇ ਸਿਰਜਣਾਤਮਕ ਪ੍ਰਤਿਭਾ ਦੇ ਮਾਲਕ ਵਰਿਆਮ ਸਿੰਘ ਸੰਧੂ ਨੇ ਪੰਜਾਬੀ ਕਿਸਾਨੀ ਦੇ ਕੰਗਾਲੀਕਰਨ ਲਈ ਜ਼ਿੰਮੇਵਾਰ ਅਲਾਮਤਾਂ ਨੂੰ ਉਸ ਵਕਤ ਹੀ ਪਛਾਣ ਲਿਆ ਸੀ ਜਦੋਂ ਅਜੇ ਵੱਡੇ ਬੁੱਧੀਜੀਵੀ ਇਨ੍ਹਾਂ ਖ਼ਦਸ਼ਿਆਂ ਨੂੰ ਨਿਰਮੂਲ ਮੰਨਦੇ ਸਨ। ਵਰਿਆਮ ਸਿੰਘ ਸੰਧੂ ਨੇ ਹਰ ਲੋਕ ਹਿਤੈਸ਼ੀ ਸਰੋਕਾਰ, ਸੰਘਰਸ਼ ਜਾਂ ਲਹਿਰ ਦੇ ਉਸਾਰੂ ਪੱਖਾਂ ਅਤੇ ਹਰ ਲੋਕ ਵਿਰੋਧੀ ਪੈਂਤੜੇ ਦੇ ਵਿਨਾਸ਼ਕ ਪਾਸਾਰਾਂ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕੀਤਾ, ਗਹਿਰੀ ਸੰਵੇਦਨਾ ਸਹਿਤ ਬਾਰੀਕੀ ਨਾਲ ਵਿਸ਼ਲੇਸ਼ਤ ਕਰਕੇ ਬੜੀ ਬੇਬਾਕੀ ਨਾਲ ਸਾਹਿਤਕ ਰਚਨਾਵਾਂ ਵਿੱਚ ਪ੍ਰਤਿਬਿੰਬਤ ਕੀਤਾ।ਉਸ ਨੇ ਹੁਣ ਤੱਕ ਪੰਜਾਬੀ ਸਾਹਿਤ ਨੂੰ—ਲੋਹੇ ਦੇ ਹੱਥ, ਅੰਗ ਸੰਗ, ਭੱਜੀਆਂ ਬਾਹੀਂ, ਚੌਥੀ ਕੂਟ ਅਤੇ ਜਮਰੌਦ ਨਾਮਕ ਪੰਜ ਕਹਾਣੀ ਸੰਗ੍ਰਹਿਆਂ ਤੋਂ ਇਲਾਵਾ ਚਾਰ ਚੋਣਵੇਂ ਕਹਾਣੀ ਸੰਗ੍ਰਹਿ, ਛੇ ਜੀਵਨੀਆਂ, ਦੋ ਸਵੈ ਜੀਵਨੀਆਂ, ਦੋ ਸਫ਼ਰਨਾਮੇ, ਤਿੰਨ ਆਲੋਚਨਾ ਪੁਸਤਕਾਂ, ਦੋ ਗ਼ਦਰੀ ਇਤਿਹਾਸ ਦੀਆਂ ਪੁਸਤਕਾਂ, ਇੱਕ ਗੁਰੂ ਨਾਨਕ ਸਾਹਿਬ ਨਾਲ ਸੰਬੰਧਤ ਵਾਰਤਕ ਪੁਸਤਕ, ਇੱਕ ਸ਼ਬਦ ਚਿੱਤਰ ਪੁਸਤਕ, ਚੌਦਾਂ ਸੰਪਾਦਿਤ ਪੁਸਤਕਾਂ ਦਿੱਤੀਆਂ ਹਨ। ਇਸ ਤੋਂ ਇਲਾਵਾ ਇਸ ਕੱਦਾਵਰ ਲੇਖਕ ਦੀਆਂ ਰਚਨਾਵਾਂ ਅਨੁਵਾਦ ਰੂਪ ਵਿੱਚ ਪੰਜ ਅੰਗਰੇਜ਼ੀ ਵਿੱਚ ਅਤੇ ਪੰਜ ਹਿੰਦੀ ਭਾਸ਼ਾ ਵਿੱਚ ਵੀ ਛਪੀਆਂ ਅਤੇ ਕੁਝ ਰਚਨਾਵਾਂ ਸ਼ਾਹਮੁਖੀ ਵਿੱਚ ਲਿਪੀਅੰਤਰਣ ਵੀ ਹੋਈਆਂ ਹਨ। ਉਸ ਨੇ ਇੱਕ ਟੀ.ਵੀ. ਚੈਨਲ ਲਈ ਇੱਕ ਸੌ ਪੱਚੀ ਤੋਂ ਵਧੀਕ ਗ਼ਦਰ ਇਤਿਹਾਸ ਨਾਲ ਸੰਬੰਧਤ ਐਪੀਸੋਡ ਤਿਆਰ ਕੀਤੇ।ਉਸ ਦੀਆਂ ਕਹਾਣੀਆਂ ਉੱਤੇ ਤਿੰਨ ਫੀਚਰ ਫਿਲਮਾਂ ਤੇ ਦੋ ਰੇਡੀਓ ਨਾਟਕ ਵੀ ਬਣਾਏ ਗਏ। ਵਰਿਆਮ ਸਿੰਘ ਸੰਧੂ ਰਚਿਤ ਸਾਹਿਤ ਬਾਰੇ ਹੁਣ ਤੱਕ ਅੱਠ ਆਲੋਚਨਾਤਮਕ ਪੁਸਤਕਾਂ ਪ੍ਰਕਾਸ਼ਿਤ ਹੋਈਆਂ ਹਨ ਅਤੇ ਅੱਠ ਖੋਜਾਰਥੀ ਪੀ ਐੱਚ.ਡੀ. ਤੇ ਅਠਾਰਾਂ ਐੱਮ.ਫਿਲ. ਪੱਧਰ ਦਾ ਖੋਜ ਕਾਰਜ ਕਰ ਚੁੱਕੇ ਹਨ।



ਪੰਜਾਬੀ ਸਾਹਿਤ ਜਗਤ ਦੀ ਇਸ ਨਾਮਵਰ ਹਸਤੀ ਦੇ ਸਾਹਿਤਕ ਯੋਗਦਾਨ ਦੀ ਕਦਰ ਕਰਦਿਆਂ ਦੇਸ਼-ਵਿਦੇਸ਼ ਦੀਆਂ ਅਨੇਕ ਵਡੇਰੀਆਂ ਸੰਸਥਾਵਾਂ ਨੇ ਪੁਰਸਕਾਰਿਤ ਅਤੇ ਸਨਮਾਨਤ ਕੀਤਾ ਹੈ, ਜਿਨ੍ਹਾਂ ਵਿੱਚ ਰਾਸ਼ਟਰੀ ਸਾਹਿਤ ਅਕੈਡਮੀ ਅਤੇ ਭਾਸ਼ਾ ਵਿਭਾਗ ਪੰਜਾਬ ਵਰਗੇ ਸੈਂਕੜੇ ਵਕਾਰੀ ਸਨਮਾਨ ਵੀ ਸ਼ਾਮਲ ਹਨ। ਸਾਹਿਤ ਕਲਾ ਕੇਂਦਰ ਅਤੇ ਇਪਸਾ ਆਸਟ੍ਰੇਲੀਆ ਪੰਜਾਬੀ ਦੇ ਇਸ ਉੱਚ ਦੁਮਾਲੜੇ ਲੇਖਕ ਨੂੰ ਅੱਜ ਭਾਵ 10 ਮਾਰਚ 2024 ਨੂੰ ਸਵੇਰੇ 10.30 ਵਜੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਗ਼ਦਰੀ ਬਾਬਾ ਜਵਾਲਾ ਸਿੰਘ ਠੱਠੀਆਂ ਪੁਰਸਕਾਰ ਨਾਲ ਸਨਮਾਨਤ ਕਰਦਿਆਂ ਫ਼ਖ਼ਰ ਮਹਿਸੂਸ ਕਰਦੇ ਹਨ।

**— ਡਾ. ਗੋਪਾਲ ਸਿੰਘ ਬੁੱਟਰ**

ਸੰਪਰਕ-99150-05814

# ਜਸਵਿੰਦਰ ਰੱਤੀਆਂ ਦਾ ਨਾਵਲ 'ਕੂੰਜਾਂ' ਲੋਕ ਅਰਪਣ



**ਮੋਗਾ**-"ਜਸਵਿੰਦਰ ਰੱਤੀਆਂ ਕੋਲ ਜ਼ਿੰਦਗੀ ਦੇ ਵੰਨ-ਸੁਵੰਨੇ ਅਨੁਭਵ ਹਨ ਤੇ ਇਹਨਾਂ ਬਹੁਪੱਖੀ ਅਨੁਭਵਾਂ ਨੂੰ ਉਸ ਨੇ ਆਪਣੇ ਵੱਡ-ਆਕਾਰੀ ਨਾਵਲ 'ਕੂੰਜਾਂ' ਵਿਚ ਬੜੀ ਮਿਹਨਤ ਨਾਲ ਪੇਸ਼ ਕੀਤਾ ਹੈ।" ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਪ੍ਰਸਿੱਧ ਨਾਵਲਕਾਰ, ਵਿਅੰਗਕਾਰ ਤੇ ਕਹਾਣੀਕਾਰ ਕੇ ਐੱਲ ਗਰਗ ਨੇ ਨਾਵਲ ਕੂੰਜਾਂ ਬਾਰੇ ਬੋਲਦਿਆਂ ਕੀਤਾ। ਉਹ ਮਹਿੰਦਰ ਸਾਥੀ ਯਾਦਗਾਰੀ ਮੰਚ ਵੱਲੋਂ ਨਾਵਲ ਕੂੰਜਾਂ ਦੇ ਲੋਕ ਅਰਪਣ ਲਈ ਕਰਵਾਏ ਭਰਵੇਂ ਸਮਾਗਮ ਵਿੱਚ ਬੋਲ ਰਹੇ ਸਨ। ਸਮਾਗਮ ਦੇ ਮੁੱਖ ਮਹਿਮਾਨ ਤੇ ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਵਾਰਤਕਕਾਰ ਨਿੰਦਰ ਘੁਗਿਆਣਵੀ ਵਿਦੇਸ਼ ਖਾਸ ਕਰ ਯੂ ਕੇ ਵਿਚ ਹਾਲਾਤ ਐਨੇ ਸੌਖੇ ਨਹੀਂ ਹਨ, ਇਸ ਦੇ ਬਾਵਜੂਦ ਜਸਵਿੰਦਰ ਜਿਹੇ ਲੇਖਕ ਮਾਂ ਬੋਲੀ ਪੰਜਾਬੀ ਨੂੰ ਮੁਹੱਬਤ ਕਰਦਿਆਂ ਲਗਾਤਾਰ ਰਚਨਾਤਮਿਕ ਕਾਰਜ ਕਰ ਰਹੇ ਹਨ।

ਨਾਵਲ ਬਾਰੇ ਬੋਲਦਿਆਂ ਮੰਚ ਦੇ ਪ੍ਰਧਾਨ ਗੁਰਮੀਤ ਕੜਿਆਲਵੀ ਨੇ ਕਿਹਾ ਕਿ ਜਸਵਿੰਦਰ ਦੇ ਨਾਵਲਾਂ ਵਿਚ ਪੰਜਾਬ ਦੇ ਕਿਸਾਨੀ ਸਮਾਜ ਅਤੇ ਪਰਵਾਸ ਧਾਰਨ ਕਰ ਚੁੱਕੇ ਲੋਕਾਂ ਅੰਦਰਲੀਆਂ ਦੁਬਿਧਾਵਾਂ ਅਤੇ ਸਮੱਸਿਆਵਾਂ ਦੀ ਭਰਪੂਰ ਪੇਸ਼ਕਾਰੀ ਹੋਈ ਹੈ। ਨਾਮਵਰ ਆਲੋਚਕ ਡਾ. ਸੁਰਜੀਤ ਬਰਾੜ ਨੇ ਕਿਹਾ ਕਿ ਜਸਵਿੰਦਰ ਨੇ ਹਰੀ ਕ੍ਰਾਂਤੀ ਦੇ ਆਉਣ ਨਾਲ ਪੰਜਾਬ ਦੇ ਕਿਸਾਨੀ ਸਮਾਜ ਵਿਚ ਆਈਆਂ ਆਰਥਿਕ, ਸੱਭਿਆਚਾਰਕ, ਮਾਨਸਿਕ ਤੇ ਸਮਾਜਿਕ ਤਬਦੀਲੀਆਂ ਨੂੰ ਨੇੜਿਓਂ ਵਾਚਿਆ ਹੈ। ਅਜੀਮ ਸ਼ੇਖਰ ਨੇ ਜਸਵਿੰਦਰ ਰੱਤੀਆਂ ਨੂੰ ਪੇਂਡੂ ਜੀਵਨ ਦਾ ਚਿਤੇਰਾ ਕਿਹਾ। ਜੋਗਿੰਦਰ ਬਾਠ ਹਾਲੈਂਡ ਨੇ ਜਸਵਿੰਦਰ ਦੀਆਂ ਕਹਾਣੀਆਂ ਤੇ ਨਾਵਲਾਂ ਵਿਚ ਪੇਸ਼ ਹੋਈਆਂ ਸਮਾਜਿਕ ਕਦਰਾਂ-ਕੀਮਤਾਂ ਦੀ ਗੱਲ ਕੀਤੀ। ਗੁਰਚਰਨ ਨੂਰਪੁਰ ਨੇ ਕਿਹਾ ਕਿ ਉਹੀ ਰਚਨਾ ਚਿਰ ਸਥਾਈ ਹੁੰਦੀ ਹੈ, ਜਿਸ ਦੇ ਪਾਤਰ ਔਖੇ ਹਾਲਾਤ ਵਿਚ ਵੀ ਚਟਾਨ ਵਾਂਗ ਡਟੇ ਰਹਿਣ। ਡਾ. ਅਜੀਤਪਾਲ ਸਿੰਘ ਨੇ ਆਏ ਹੋਏ ਸਾਰੇ ਲੇਖਕਾਂ ਦਾ ਧੰਨਵਾਦ ਕੀਤਾ ਅਤੇ ਆਪਣੀ ਸੁਹਜ ਭਰੀ ਆਵਾਜ਼ ਵਿਚ ਖੂਬਸੂਰਤ ਸ਼ਾਇਰੀ ਵੀ ਪੇਸ਼ ਕੀਤੀ। ਆਸਟ੍ਰੇਲੀਆ ਤੋਂ ਵਿਸ਼ੇਸ਼ ਤੌਰ 'ਤੇ ਸਮਾਗਮ ਵਿੱਚ ਹਾਜ਼ਰ ਹੋਈ ਜਗਜੀਤ ਕੌਰ ਸੰਧੂ ਨੇ ਜਸਵਿੰਦਰ ਅਤੇ ਮੰਚ ਨੂੰ ਸੁਚੱਜੇ ਸਮਾਗਮ ਲਈ ਮੁਬਾਰਕਬਾਦ ਦਿੱਤੀ। ਮੰਚ ਦੇ ਸਰਪ੍ਰਸਤ ਗੁਰਬਚਨ ਚਿੰਤਕ ਨੇ ਰੁਬਾਈਆਂ ਸੁਣਾ ਕੇ ਮਾਹੌਲ ਨੂੰ ਕਾਵਿਕ ਬਣਾ ਦਿੱਤਾ। ਗੁਰਮੇਲ ਬੌਡੇ ਨੇ ਸੰਘਰਸ਼ਸ਼ੀਲ ਕਿਸਾਨਾਂ ਬਾਰੇ ਰਚਨਾ ਸਾਂਝੀ ਕੀਤੀ। ਗੁਰੂ ਹਰਸਹਾਏ ਤੋਂ ਪੁੱਜੇ ਸ਼ਾਇਰ ਸੰਜੀਵ ਦੀ ਸ਼ਾਇਰੀ ਨੇ ਵਿਸ਼ੇਸ਼ ਧਿਆਨ ਖਿੱਚਿਆ। ਕਹਾਣੀਕਾਰ ਜਸਵਿੰਦਰ ਧਰਮਕੋਟ, ਰਾਜਵਿੰਦਰ ਰਾਜਾ ਅਤੇ ਜਸਵੀਰ ਕਲਸੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਸਿੰਘ ਦੀਪ, ਹਰਭਿੰਦਰ ਪੀਰ ਮੁਹੰਮਦ, ਹਰਦੇਵ ਭੁੱਲਰ, ਨਵਜੀਤ ਸੇਖਾ, ਦਰਸ਼ਨ ਸੰਘਾ, ਜੰਗੀਰ ਖੋਖਰ, ਅਮਰ ਸੂਫੀ, ਧਾਮੀ ਗਿੱਲ, ਸੁਖਵਿੰਦਰ ਮਰਾੜ ਜਨਰਲ ਸਕੱਤਰ ਸ਼ੇਖ ਫਰੀਦ ਮੰਚ ਸਾਦਿਕ, ਸਿਮਰਜੀਤ ਸਿੰਮੀ, ਵਿਵੇਕ ਕੋਟ ਈਸੇ ਖਾਂ, ਗਿਆਨ ਸਿੰਘ ਡੀ ਪੀ ਆਰ ਓ, ਕਰਨਲ ਬਾਬੂ ਸਿੰਘ, ਜਸਵਿੰਦਰ ਸਿੰਘ ਸੰਧੂ ਗਾਲੋਟੀ ਅਤੇ ਜਸਵਿੰਦਰ ਸੋਨੀ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਮੰਚ ਦਾ ਸੰਚਾਲਨ ਗੁਰਪ੍ਰੀਤ ਧਰਮਕੋਟ ਨੇ ਕੀਤਾ।

# ਖ਼ਾਲਸਾ ਕਾਲਜ ਮਾਹਿਲਪੁਰ ਵਿੱਚ ਮਾਤ ਭਾਸ਼ਾ ਦਿਵਸ ਸਮਾਰੋਹ



**ਮਾਹਿਲਪੁਰ**-ਸਿੱਖ ਵਿਦਿਅਕ ਕੌਂਸਲ ਦੇ ਪ੍ਰਬੰਧਾਂ ਹੇਠ ਚੱਲ ਰਹੇ ਇੱਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੇ ਪੋਸਟ ਗਰੈਜੂਏਟ ਪੰਜਾਬੀ ਵਿਭਾਗ ਵੱਲੋਂ ਕੌਮਾਂਤਰੀ ਮਾਂ ਬੋਲੀ ਦਿਹਾੜੇ ਸੰਬੰਧੀ ਇਕ ਸਾਹਿਤਕ ਸਮਾਰੋਹ ਕਰਵਾਇਆ ਗਿਆ। ਇਸ ਸਮਾਰੋਹ ਮੌਕੇ ਡਾ. ਧਰਮਪਾਲ ਸਾਹਿਲ ਮੁੱਖ ਬੁਲਾਰੇ ਵਜੋਂ ਸ਼ਾਮਲ ਹੋਏ। ਇਸ ਮੌਕੇ ਮੁੱਖ ਮਹਿਮਾਨ ਵਜੋਂ ਦਿੱਲੀ ਸਰਕਾਰ ਵਿੱਚ ਕਲਾ, ਸਾਹਿਤ ਅਤੇ ਭਾਸ਼ਾਵਾਂ ਸੰਬੰਧੀ ਸਲਾਹਕਾਰ ਦੀਪਕ ਬਾਲੀ ਨੇ ਸ਼ਿਰਕਤ ਕੀਤੀ, ਜਦਕਿ ਪ੍ਰਧਾਨਗੀ ਮੰਡਲ ਵਿੱਚ ਉਨ੍ਹਾਂ ਨਾਲ ਕੌਂਸਲ ਦੇ ਸਕੱਤਰ ਪ੍ਰੋ. ਅਪਿੰਦਰ ਸਿੰਘ, ਪ੍ਰਿੰ. ਡਾ. ਪਰਵਿੰਦਰ ਸਿੰਘ, ਪ੍ਰੋ. ਅਜੀਤ ਲੰਗੇਰੀ ਅਤੇ ਪਰਵਾਸੀ ਲੇਖਕ ਸੁਰਿੰਦਰ ਸੀਹਰਾ ਹਾਜ਼ਰ ਹੋਏ। ਪ੍ਰਿੰਸੀਪਲ ਡਾ. ਪਰਵਿੰਦਰ ਸਿੰਘ ਨੇ ਸਵਾਗਤੀ ਸ਼ਬਦ ਸਾਂਝੇ ਕੀਤੇ ਅਤੇ ਵਿਦਿਆਰਥੀਆਂ ਨੂੰ ਮਾਤ ਭਾਸ਼ਾ ਦਿਵਸ ਦੀ ਮਹੱਤਤਾ ਬਾਰੇ ਦੱਸਿਆ। ਪੰਜਾਬੀ ਵਿਭਾਗ ਦੀ ਵਿਦਿਆਰਥਣ ਰਮਨਦੀਪ ਕੌਰ ਨੇ ਪੰਜਾਬੀ ਭਾਸ਼ਾ ਦੇ ਇਤਿਹਾਸ ਬਾਰੇ ਸੰਖੇਪ ਜਾਣਕਾਰੀ ਦਿੱਤੀ। ਡਾ. ਧਰਮਪਾਲ ਸਾਹਿਲ ਨੇ ਮਾਤ ਭਾਸ਼ਾ ਅਤੇ ਸਾਹਿਤ ਦਾ ਮਹੱਤਵ ਵਿਸ਼ੇ 'ਤੇ ਆਪਣੇ ਵਿਚਾਰ ਪੇਸ਼ ਕੀਤੇ। ਉਨ੍ਹਾਂ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਸ਼ਾਨਦਾਰ ਇਤਿਹਾਸ ਬਾਰੇ ਜਾਣਕਾਰੀ ਦਿੱਤੀ ਅਤੇ ਪੰਜਾਬੀ ਭਾਸ਼ਾ ਨੂੰ ਸਹੀ ਰੁਤਬਾ ਦਿਵਾਉਣ ਸੰਬੰਧੀ ਹੋਰ ਮਹੱਤਵਪੂਰਨ ਕਦਮ ਉਠਾਉਣ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਬੇਸ਼ੱਕ ਪੰਜਾਬੀ ਭਾਸ਼ਾ ਨੂੰ ਰਾਜ ਭਾਸ਼ਾ ਦਾ ਰੁਤਬਾ ਦਿੱਤਾ ਹੋਇਆ ਹੈ, ਪਰ ਫਿਰ ਵੀ ਮਾਂ ਬੋਲੀ ਦੇ ਪ੍ਰਚਾਰ-ਪ੍ਰਸਾਰ ਲਈ ਬਹੁਤ ਯਤਨਾਂ ਦੀ ਲੋੜ ਹੈ। ਇਸ ਮੌਕੇ 'ਪੰਖ ਵਿਹੂਣੀ ਉਡਾਣ' ਸੰਤੋਖ ਸਿੰਘ ਵੀਰ ਵੱਲੋਂ ਲਿਖਤ 'ਗੁਰੁ ਸਿੱਖੀ ਦੀ ਏਹ ਨੀਸਾਣੀ' ਅਤੇ ਕਹਾਣੀਕਾਰ ਬਲਵੰਤ ਗਿੱਲ (ਯੂ ਕੇ) ਵੱਲੋਂ ਲਿਖੇ ਕਹਾਣੀ ਸੰਗ੍ਰਹਿ 'ਉੱਜੜੇ ਬਾਗ ਦਾ ਫੁੱਲ' ਨੂੰ ਲੋਕ ਅਰਪਣ ਕੀਤਾ ਗਿਆ।

ਪੰਜਾਬੀ ਵਿਭਾਗ ਦੇ ਮੁਖੀ ਡਾ. ਜੇ ਬੀ ਸੇਖੋਂ ਨੇ ਲੋਕ ਅਰਪਿਤ ਹੋਈਆਂ ਪੁਸਤਕਾਂ ਬਾਰੇ ਵਿਚਾਰ ਪੇਸ਼ ਕੀਤੇ ਅਤੇ ਵਿਭਾਗ ਦੀਆਂ ਗਤੀਵਿਧੀਆਂ ਸਾਂਝੀਆਂ ਕੀਤੀਆਂ। ਉਨ੍ਹਾਂ ਦੱਸਿਆ ਕਿ ਵਿਭਾਗ ਵੱਲੋਂ ਜਲਦ ਹੀ ਕਾਲਜ ਦੇ ਬਾਨੀ ਪ੍ਰਿੰਸੀਪਲ ਹਰਭਜਨ ਸਿੰਘ ਅਤੇ ਕਾਲਜ ਦੇ ਪੁਰਾਣੇ ਵਿਦਿਆਰਥੀ ਮਰਹੂਮ ਅਜਾਇਬ ਕਮਲ ਦੇ ਨਾਂਅ 'ਤੇ ਵਿਸ਼ੇਸ਼ ਲੈਕਚਰ ਲੜੀ ਆਰੰਭ ਕੀਤੀ ਜਾਵੇਗੀ, ਜਿਸ ਵਿੱਚ ਵਿਦਿਆਰਥੀਆਂ ਲਈ ਕਲਾ, ਸਾਹਿਤ ਅਤੇ ਸੱਭਿਆਚਾਰ ਨਾਲ ਜੁੜੇ ਲੇਖਕਾਂ ਤੇ ਚਿੰਤਕਾਂ ਦੇ ਭਾਸ਼ਣ ਕਰਵਾਏ ਜਾਣਗੇ। ਦੀਪਕ ਬਾਲੀ ਨੇ ਕਿਹਾ ਕਿ ਹਰ ਮਨੁੱਖ ਨੂੰ ਜਨਮ ਦੇਣ ਵਾਲੀ ਮਾਂ, ਮਿੱਟੀ ਮਾਂ, ਮਾਂ ਬੋਲੀ 'ਤੇ ਫਖਰ ਮਹਿਸੂਸ ਕਰਨਾ ਚਾਹੀਦਾ ਹੈ। ਉਨ੍ਹਾਂ ਪੰਜਾਬੀ ਸਾਹਿਤ ਦੀਆਂ ਵੱਖ-ਵੱਖ ਮਿਸਾਲਾਂ ਦੇ ਕੇ ਮਾਂ ਬੋਲੀ ਪੰਜਾਬੀ ਦੀ ਮਨੁੱਖੀ ਜੀਵਨ ਵਿੱਚ ਮਹੱਤਤਾ 'ਤੇ ਜ਼ੋਰ ਦਿੱਤਾ। ਇਸ ਮੌਕੇ ਹਾਜ਼ਰ ਲੇਖਕਾਂ ਸੰਤੋਖ ਸਿੰਘ ਵੀਰ, ਬੱਗਾ ਸਿੰਘ ਆਰਟਿਸਟ ਅਤੇ ਬਲਵੰਤ ਗਿੱਲ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਕੌਂਸਲ ਦੇ ਸਕੱਤਰ ਪ੍ਰੋ. ਅਪਿੰਦਰ ਸਿੰਘ ਨੇ ਧੰਨਵਾਦੀ ਸ਼ਬਦ ਸਾਂਝੇ ਕੀਤੇ। ਉਨ੍ਹਾਂ ਪ੍ਰਿੰਸੀਪਲ ਅਤੇ ਪੰਜਾਬੀ ਵਿਭਾਗ ਨੂੰ ਅਜਿਹੇ ਸਮਾਰੋਹ ਦੇ ਸਫਲ ਆਯੋਜਨ ਦੀ ਮੁਬਾਰਕਬਾਦ ਦਿੱਤੀ।

# ਸਾਹਿਤ ਚਿੰਤਨ ਦੀ ਮਾਸਿਕ ਬੈਠਕ

**ਚੰਡੀਗੜ੍ਹ**-ਸਾਹਿਤ ਚਿੰਤਨ, ਚੰਡੀਗੜ੍ਹ ਦੀ ਮਾਸਿਕ ਇਕੱਤਰਤਾ ਚੰਡੀਗੜ੍ਹ ਵਿਖੇ ਐਡਵੋਕੇਟ ਆਰ.ਐੱਸ. ਬੈਂਸ ਦੀ ਪ੍ਰਧਾਨਗੀ ਹੇਠ ਹੋਈ। ਸਭ ਤੋਂ ਪਹਿਲਾਂ ਪਿਛਲੇ ਦਿਨੀਂ ਵਿੱਛੜੇ ਸਾਥੀਅ ਨੂੰ ਦੋ ਮਿੰਟ ਮੌਨ ਖੜ੍ਹੇ ਹੋ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਫਿਰ ਪਿਛਲੇ ਮਹੀਨੇ ਦੀ ਕਾਰਵਾਈ ਪੜ੍ਹੀ ਤੇ ਪ੍ਰਵਾਨ ਕੀਤੀ ਗਈ। ਸ੍ਰੀ ਵਿਭੂਤੀ ਨਰਾਇਣ ਰਾਏ ਦੀ ਚਰਚਿੱਤ ਪੁਸਤਕ "ਫਿਰਕੂ ਦੰਗੇ ਤੇ ਭਾਰਤੀ ਪੁਲਸ" ਜਿਸ ਦਾ ਪੰਜਾਬੀ ਅਨੁਵਾਦ ਤਰਸੇਮ ਲਾਲ ਨੇ ਕੀਤਾ , ਬਾਰੇ ਸੰਖੇਪ ਚਰਚਾ ਕਰਦਿਆਂ ਕਰਤੀ ਧਰਤੀ ਅਤੇ ਟਰਾਲੀ ਟਾਈਮ ਦੀ ਸੰਪਾਦਕਾ ਸੰਗੀਤ ਤੂਰ ਨੇ ਕਿਹਾ ਕਿ ਲੇਖਕ ਪੰਜ ਨਾਵਲਾਂ, ਭਾਰਤ ਵਿੱਚ ਫਿਰਕੂ ਸਿਆਸਤ ਨਾਲ ਸੰਬੰਧਤ ਦੋ ਪੁਸਤਕਾਂ ਤੇ ਬਹੁਤ ਸਾਰੇ ਵਿਅੰਗ ਲੇਖਾਂ ਦੇ ਰਚੇਤਾ ਹਨ। ਉਹ ਇੱਕ ਰਸਾਲੇ ਦੇ ਸੰਪਾਦਕ ਵੀ ਰਹੇ ਹਨ। ਉਹ ਡੀ.ਜੀ.ਪੀ, ਯੂ.ਪੀ. ਪੁਲਸ ਤੇ ਪੰਜ ਸਾਲ ਮਹਾਤਮਾ ਗਾਂਧੀ ਅੰਤਰਰਾਸ਼ਟਰੀ ਹਿੰਦੀ ਯੂਨੀਵਰਸਿਟੀ ਵਾਰਧਾ ਦੇ ਵਾਈਸ ਚਾਂਸਲਰ ਵੀ ਰਹੇ ਹਨ। ਉਨ੍ਹਾਂ ਕਿਹਾ ਕਿ ਧਾਰਮਿਕ/ਪੂਜਾ ਸਥਾਨਾਂ ਅੰਦਰ ਧਨ-ਦੌਲਤ ਦੀ ਲਾਲਸਾ ਕਾਰਨ ਧਾੜਵੀ ਰਾਜੇ ਉਨ੍ਹਾਂ ਉਪਰ ਹਮਲਾ ਕਰਦੇ ਸਨ। ਧਾਰਮਿਕ ਕੱਟੜਤਾ ਬੰਦੇ ਦਾ ਸੁਭਾਅ ਤੇ ਆਦਤਾਂ ਬਦਲ ਕੇ ਰੱਖ ਦਿੰਦੀ ਹੈ। ਜਿਹੜੇ ਸਾਡੇ ਵਰਗੇ ਨਹੀਂ ਹਨ, ਉਨ੍ਹਾਂ ਨੂੰ ਦੁਸ਼ਮਣ ਗਰਦਾਨ ਦਿੱਤਾ ਜਾਂਦਾ ਹੈ। ਸ੍ਰੀ ਜਸਵੰਤ ਸਿੰਘ ਨੇ ਬਹਿਸ ਸ਼ੁਰੂ ਕਰਦਿਆਂ ਕਿਹਾ ਕਿ "ਪਾੜੋ ਤੇ ਰਾਜ ਕਰੋ" ਦੀ ਨੀਤੀ ਵੀ ਆਰਥਿਕ ਹਿੱਤਾਂ ਦੀ ਪੂਰਤੀ ਲਈ ਵਰਤੀ ਜਾਂਦੀ ਹੈ। ਸ੍ਰੀ ਅਭੈ ਸਿੰਘ ਸੰਧੂ ਨੇ ਕਿਹਾ ਕਿ ਮੁਗਲਾਂ ਨੇ ਭਾਰਤ ਨੂੰ ਆਪਣਾ ਮੁਲਕ ਮੰਨ ਲਿਆ ਸੀ। ਉਹ ਇੱਥੋਂ ਦਾ ਕੱਚਾ ਮਾਲ ਬਾਹਰ ਕਿਤੇ ਨਹੀਂ ਲੈ ਗਏ। ਡਾ. ਹਜ਼ਾਰਾ ਸਿੰਘ ਚੀਮਾ ਨੇ ਕਿਹਾ ਕਿ ਦੰਗੇ ਕਰਾਉਣਾ ਹਾਕਮਾਂ ਦੀ ਲੋੜ ਹੁੰਦੀ ਹੈ। ਡਾ. ਜਗਦੀਸ਼ ਚੰਦਰ ਨੇ ਕਿਹਾ ਕਿ ਭੀੜ ਦਾ ਦਿਮਾਗ ਨਹੀਂ ਹੁੰਦਾ। ਅੱਜ ਸਟੇਟ ਨਹੀਂ, ਡੀਪ ਸਟੇਟ ਰਾਜ ਕਰਦੀ ਹੈ। ਸ੍ਰੀ ਤਰਸੇਮ ਲਾਲ ਨੇ ਕਿਹਾ ਕਿ ਮਾੜੇ ਨੂੰ ਉਕਸਾਉਣ ਲਈ ਉਸ ਦੇ ਮੂੰਹ 'ਤੇ ਥੁੱਕਿਆ ਜਾਂਦਾ ਹੈ। ਅਯੋਧਿਆ ਵਿੱਚ ਰਾਮ ਮੰਦਰ ਦੀ ਉਸਾਰੀ ਹਿੰਦੂ ਰਾਸ਼ਟਰਵਾਦ ਵੱਲ ਇੱਕ ਕਦਮ ਹੈ। ਵਿਭੂਤੀ ਨਰਾਇਣ ਰਾਏ ਨੇ ਸਰੋਤਿਆਂ ਦੇ ਸਨਮੁੱਖ ਹੁੰਦਿਆਂ ਕਿਹਾ ਕਿ ਵਰਦੀਧਾਰੀ ਸਿਪਾਹੀ ਭਾਰਤੀ ਸਟੇਟ ਦਾ ਹੀ ਚਿਹਰਾ ਹੈ। ਪੁਲਸ ਤੋਂ ਬਿਨਾਂ ਸੱਭਿਆ ਸਮਾਜ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਭੈਅ ਤੇ ਬੇਵਿਸ਼ਵਾਸੀ ਕਾਰਨ ਲੋਕ ਪੁਲਸ ਕੋਲ ਪਹੁੰਚ ਨਹੀਂ ਸਕਦੇ। ਆਰ.ਐੱਸ. ਬੈਂਸ ਨੇ ਪ੍ਰਧਾਨਗੀ ਸਮੇਂ ਬੋਲਦਿਆਂ ਕਿਹਾ ਕਿ ਹਾਕਮ ਲੋੜ ਅਨੁਸਾਰ ਦੰਗੇ ਕਰਾਉਂਦੇ ਤੇ ਰੋਕਦੇ ਹਨ। ਫਰਜ਼ੀ ਦੁਸ਼ਮਣ ਸਿਰਜ ਕੇ ਫਰਜ਼ੀ ਪੁਲਵਾਮਾ ਕੀਤੇ ਜਾਂਦੇ ਹਨ। ਹਾਕਮ ਸਾਡੀ ਚੁੱਪ ਦਾ ਲਾਹਾ ਲੈ ਰਿਹਾ ਹੈ। ਡਾ. ਅਰੀਤ ਕੌਰ ਨੇ ਧੰਨਵਾਦ ਕਰਦਿਆਂ ਕਿਹਾ ਕਿ ਅੱਜ ਲੋਕਤੰਤਰੀ ਸੰਸਥਾਵਾਂ ਨੂੰ ਖੜ੍ਹਾ ਕੀਤਾ ਜਾ ਰਿਹਾ ਹੈ। ਪੁਲਸ ਨੂੰ ਸਿਆਸੀ ਹਥਿਆਰ ਦੇ ਤੌਰ 'ਤੇ ਵਰਤਿਆ ਜਾਂਦਾ ਹੈ।




**— ਸਰਦਾਰਾ ਸਿੰਘ ਚੀਮਾ**

# ਵਰਲਡ ਪੰਜਾਬੀ ਕਾਨਫਰੰਸ ਲਈ ਲੇਖਕ ਰਵਾਨਾ

**ਅੰਮ੍ਰਿਤਸਰ**-ਦੱਖਣੀ ਏਸ਼ੀਆ ਦੇ ਇਸ ਖਿੱਤੇ ਵਿੱਚ ਅਮਨ, ਸ਼ਾਂਤੀ ਅਤੇ ਵਿਕਾਸ ਨੂੰ ਮੁੱਖ ਰੱਖਦਿਆਂ ਲਹਿੰਦੇ ਪੰਜਾਬ ਦੇ ਲਾਹੌਰ ਸ਼ਹਿਰ ਵਿੱਚ ਕਰਵਾਈ ਜਾਣ ਵਾਲੀ ਵਰਲਡ ਪੰਜਾਬੀ ਕਾਨਫਰੰਸ ਵਿੱਚ ਹਿੱਸਾ ਲੈਣ ਲਈ ਚੜ੍ਹਦੇ ਪੰਜਾਬ ਤੋਂ ਇਕਵੰਜਾ ਮੈਂਬਰੀ ਵਫਦ ਵਾਹਗਾ ਸਰਹੱਦ ਰਾਹੀਂ ਪਾਕਿਸਤਾਨ ਰਵਾਨਾ ਹੋਇਆ। ਕੇਂਦਰੀ ਸਭਾ ਦੇ ਸਕੱਤਰ ਦੀਪ ਦੇਵਿੰਦਰ ਸਿੰਘ ਵੱਲੋਂ ਮਿਲੀ ਜਾਣਕਾਰੀ ਅਨੁਸਾਰ ਸਾਹਿਤਕਾਰਾਂ ਦੇ ਵਫਦ ਵੱਲੋਂ ਸਥਾਨਕ ਗੋਲਡਨ ਗੇਟ 'ਤੇ ਗੱਲਬਾਤ ਕਰਦਿਆਂ ਕੇਂਦਰੀ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਜਨਰਲ ਸਕੱਤਰ ਸੁਸ਼ੀਲ ਦੁਸਾਂਝ, ਸ਼੍ਰੋਮਣੀ ਸ਼ਾਇਰ ਬਲਵਿੰਦਰ ਸੰਧੂ, ਸ਼ਾਇਰ ਜੈਨਇੰਦਰ ਚੌਹਾਨ ਅਤੇ 'ਹੁਣ' ਪਰਚੇ ਦੀ ਸੰਪਾਦਕ ਕਮਲ ਦੁਸਾਂਝ ਨੇ ਕਿਹਾ ਕਿ ਲਹਿੰਦੇ ਪੰਜਾਬ ਦੇ ਲਾਹੌਰ ਸ਼ਹਿਰ ਵਿੱਚ ਹੋ ਰਹੀ ਇਸ ਤਿੰਨ ਰੋਜ਼ਾ ਕਾਨਫਰੰਸ ਵਿੱਚ ਸਾਹਿਤਕਾਰਾਂ ਦਾ ਇਕਵੰਜਾ ਮੈਂਬਰੀ ਵਫਦ ਹਿੱਸਾ ਲੈਣ ਲਈ ਜਾ ਰਿਹਾ ਹੈ। ਉਹਨਾਂ ਦੱਸਿਆ ਕਿ ਵੱਖ-ਵੱਖ ਮੁਲਕਾਂ ਤੋਂ ਹਿੱਸਾ ਲੈ ਰਹੇ ਪੰਜਾਬੀ ਵਿਦਵਾਨ ਇਸ ਖਿੱਤੇ ਦੀ ਤਰੱਕੀ ਅਤੇ ਖੁਸ਼ਹਾਲੀ ਦੇ ਨਾਲ-ਨਾਲ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਵਿਚਾਰ ਚਰਚਾ ਦੌਰਾਨ ਸਾਂਝੀ ਰਾਏ ਉਸਾਰਨਗੇ। ਉਹਨਾਂ ਇਹ ਵੀ ਦੱਸਿਆ ਕਿ ਇਸ ਵਫਦ ਵਿਚ ਹੋਰਨਾਂ ਤੋਂ ਇਲਾਵਾ ਪੰਜਾਬੀ ਸ਼ਾਇਰ ਗੁਰਭਜਨ ਗਿੱਲ, ਪ੍ਰਸਿੱਧ ਗਾਇਕ ਪੰਮੀ ਬਾਈ, ਗਾਇਕ ਰਵਿੰਦਰ ਗਰੇਵਾਲ, ਸਹਿਜ ਪ੍ਰੀਤ ਮਾਂਗਟ, ਫਿਲਮੀ ਅਦਾਕਾਰ ਸੁਨੀਤਾ ਧੀਰ, ਅਨੀਤਾ-ਸ਼ਬਦੀਸ਼, ਗੁਰਚਰਨ ਕੌਰ ਕੋਚਰ, ਡਾ. ਸੀਮਾ ਗਰੇਵਾਲ, ਜਗਤਾਰ ਭੁੱਲਰ ਅਤੇ ਦਲਜੀਤ ਸਿੰਘ ਸ਼ਾਹੀ ਵੀ ਇਸ ਵਫਦ ਦਾ ਹਿੱਸਾ ਹਨ।



# ਸਮਕਾਲ

## ਹੁਣ : ਜਨਵਰੀ-ਅਪ੍ਰੈਲ 2024




'ਹੁਣ' ਦਾ ਇਹ 48ਵਾਂ ਅੰਕ ਵੀ ਪਹਿਲਾਂ ਵਾਂਗ ਹੀ ਵੱਡ-ਆਕਾਰੀ ਵੀ ਹੈ ਅਤੇ ਮਿਆਰੀ ਵੀ। ਸੰਪਾਦਕੀ ਵਿੱਚ ਮਸਨੂਈ ਬੌਧਿਕਤਾ ਤੇ ਪੰਜਾਬੀ ਬਾਰੇ ਗੱਲ ਕਰਦਿਆਂ ਪੰਜਾਬੀ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਵਾਲੇ ਅਦਾਰਿਆਂ, ਸਰਕਾਰਾਂ ਅਤੇ ਹੋਰ ਸੰਸਥਾਵਾਂ ਦੀ ਬਣਦੀ ਜ਼ਿੰਮੇਵਾਰੀ ਨਾ ਨਿਭਾਉਣ ਦੀ ਗੱਲ ਛੋਹੀ ਗਈ ਹੈ। ਗੂਗਲ ਨੇ ਕੁਝ ਭਾਸ਼ਾਵਾਂ ਨੂੰ ਮਸਨੂਈ ਬੌਧਿਕਤਾ ਵਾਲੇ ਪਲੇਟਫਾਰਮ 'ਤੇ ਰੱਖਿਆ ਹੈ, ਉਸ ਵਿੱਚ ਪੰਜਾਬੀ ਸ਼ਾਮਲ ਨਹੀਂ, ਕਾਰਨ ਇਹ ਦੱਸਿਆ ਗਿਆ ਹੈ ਕਿ ਉਸ ਲਈ ਲੋੜੀਂਦੀ ਸਮੱਗਰੀ ਤਿਆਰ ਨਹੀਂ ਸੀ ਹੋ ਸਕੀ। ਇਹ ਇੱਕ ਵੱਡਾ ਸੁਆਲ ਹੈ, ਪੰਜਾਬੀ ਭਾਸ਼ਾ ਬਾਰੇ ਕੰਮ ਕਰ ਰਹੇ ਲੋਕਾਂ ਅਤੇ ਸੰਸਥਾਵਾਂ ਸਾਹਮਣੇ। ਰਸੂਲ ਹਮਜ਼ਾਤੋਵ ਦੇ ਹਵਾਲੇ ਨਾਲ ਆਪਣੀ ਗੱਲ ਸਮੇਟਦਿਆਂ ਆਪਣੀ ਮਾਂ-ਬੋਲੀ ਬਾਰੇ ਕੁਝ ਨਾ ਕੁਝ ਕਰਦੇ ਰਹਿਣ ਦੀ ਗੱਲ ਦੁਹਰਾਈ ਹੈ। ਗੁੱਲ ਚੌਹਾਨ ਨਾਲ ਕੀਤੀ ਮੁਲਾਕਾਤ ਯਾਦਗਾਰੀ ਹੋ ਨਿੱਬੜੀ ਹੈ। ਕਾਵਿ ਨਕਸ਼ ਵਾਲੇ ਕਾਲਮ 'ਚ ਹਰਭਜਨ ਸਿੰਘ ਹੁੰਦਲ, ਸੁਰਜੀਤ ਸਖੀ, ਰਮਨ ਸੰਧੂ, ਸੁਖਪਾਲ ਸੰਘੇੜਾ, ਡਾ. ਰਵਿੰਦਰ, ਰੂਪ ਦਬੁਰਜੀ, ਰੂਹੀ ਸਿੰਘ, ਗਗਨਦੀਪ ਦੀਆਂ ਰਚਨਾਵਾਂ ਦੇ ਨਾਲ-ਨਾਲ ਹਿੰਦੀ ਅਤੇ ਉਰਦੂ ਕਵਿਤਾਵਾਂ ਦਾ ਪੰਜਾਬੀ ਰੂਪ ਵੀ ਪੇਸ਼ ਹੈ। ਕਹਾਣੀਆਂ ਵਿੱਚ ਬੰਦੇ ਬਿਨਾਂ (ਜਿੰਦਰ), ਪੌਣਾ ਕੁ ਚੰਨ (ਦੀਪ ਦਵਿੰਦਰ ਸਿੰਘ), ਮੈਥੋਂ ਪਾਪ ਹੋ ਗਿਆ (ਰਿਪੁਦਮਨ ਸਿੰਘ ਰੂਪ), ਬੋੜੇ ਖੂਹ ਦੀ ਆਵਾਜ਼ (ਗੁਰਦੀਪ ਢੁੱਡੀ) ਅਤੇ ਚਿੜੀ ਚੁੜੇਲ ਤੇ ਮਾਇਆ (ਰਵੀ ਸ਼ੇਰਗਿਲ) ਦੇ ਨਾਲ ਚਾਰ ਅਨੁਵਾਦਿਤ ਕਹਾਣੀਆਂ ਵੀ ਸ਼ਾਮਲ ਕੀਤੀਆਂ ਹਨ। ਇਤਿਹਾਸ ਦੀਆਂ ਪੈੜਾਂ, ਮੂਰਤਾਂ, ਸ਼ਬਦ ਚਿੱਤਰ, ਮਨ ਦਾ ਅੰਬਰ, ਯਾਦਾਂ ਦੀ ਚੰਗੇਰ, ਤਬਸਰ ਆਦਿ ਸਥਾਈ ਕਾਲਮ ਵੀ ਦਿਲਚਸਪ ਹਨ। ਪੰਨੇ 198 ਮੁੱਲ 200 ਰੁਪਏ, ਮੁੱਖ ਸੰਪਾਦਕ : ਸੁਸ਼ੀਲ ਦੋਸਾਂਝ, ਸੰਪਰਕ : 102, ਦੂਜੀ ਮੰਜ਼ਲ, ਮੋਲਾ ਪੈਰਾਡਾਈਜ਼, ਸ਼ਿਵਾਲ ਸਿਟੀ, ਸੈਕਟਰ 127 ਗਰੇਟਰ ਮੋਹਾਲੀ-140301

## ਮਿੰਨੀ : ਅਕਤੂਬਰ-ਦਸੰਬਰ 2023




ਸੰਪਾਦਕੀ ਵਿੱਚ ਪਹਿਲਾਂ ਇਸ ਦੇ ਪੈਂਤੀ ਸਾਲਾਂ ਦੇ ਸਫ਼ਰ ਦਾ ਜ਼ਿਕਰ ਕੀਤਾ ਹੈ ਅਤੇ ਬਾਅਦ ਵਿੱਚ ਅਗਲੇ ਸਫ਼ਰ ਨੂੰ ਉਲੀਕਣ ਦੀ ਗੱਲ ਕੀਤੀ ਹੈ। ਵਿਦੇਸ਼ੀ ਮਿੰਨੀ ਕਹਾਣੀਆਂ ਵਿੱਚ ਟਾਲਸਟਾਏ, ਯਾਸੂ ਨਾਰੀ ਕਵਾਬਾਤਾ ਦੀਆਂ ਰਚਨਾਵਾਂ ਪੇਸ਼ ਹਨ। ਹਰਭਗਵਾਨ ਚਾਵਲਾ ਨਾਲ ਮਹਿਮਾਨ ਰਚਨਾਕਾਰ ਕਾਲਮ ਹੇਠ ਉਸ ਦਾ ਜੀਵਨ ਵੇਰਵਾ ਅਤੇ ਉਸ ਦੀਆਂ ਮਿੰਨੀ ਕਹਾਣੀਆਂ ਹਨ। ਸੁਸ਼ੀਲ ਚਾਵਲਾ, ਬਲਵਿੰਦਰ ਅੱਤਰੀ, ਪ੍ਰੋ: ਰੂਪ ਦੇਵਗੁਣ, ਉਮੇਸ਼ ਮਹਾਦੋਸ਼ੀ, ਅੰਜਨਾ ਅਨਿਲ, ਸਦਾਨੰਦ ਕਵੀਸ਼ਰ, ਬੀਰਇੰਦਰ ਸਿੰਘ ਬਨਭੌਰੀ, ਗੁਰਮੀਤ ਮਰਾੜ, ਸੋਮਾ ਕਲਸੀਆ, ਸਾਧੂ ਰਾਮ ਲੰਗੇਆਣਾ ਅਤੇ ਕੁਝ ਹੋਰ ਕਲਮਕਾਰਾਂ ਦੀਆਂ ਰਚਨਾਵਾਂ ਸ਼ਾਮਲ ਹੋਈਆਂ ਹਨ। ਡਾ: ਕੁਲਦੀਪ ਸਿੰਘ ਦੀਪ ਦਾ ਇੱਕ ਲੇਖ ਸਟੇਜ ਤੇ ਮਿੰਨੀ ਕਹਾਣੀ ਦੀ ਪੇਸ਼ਕਾਰੀ ਦੇ ਹੁਨਰ ਦੀ ਗੱਲ ਕਰਦਾ ਹੈ। ਕੁਝ ਖ਼ਬਰਾਂ ਅਤੇ ਸ਼ਰਧਾਂਜਲੀ ਵੀ ਹੈ। ਪੰਨੇ 68 ਮੁੱਲ 40 ਰੁਪਏ, ਸੰਪਾਦਕ : ਜਗਦੀਸ਼ ਰਾਏ ਕੁਲਰੀਆਂ, ਕੁਲਵਿੰਦਰ ਕੌਸ਼ਲ, ਸੰਪਰਕ : 46 ਇੰਪਲਾਈਜ਼ ਕਾਲੋਨੀ ਬਰੇਟਾ (ਮਾਨਸਾ) 151501, ਮੋ: 95018 77033, 94176-36255

## ਕਹਾਣੀ ਪੰਜਾਬ : ਅਪ੍ਰੈਲ 2024-ਮਾਰਚ 2025




ਪੰਜਾਬੀ ਦੇ ਸਿਰਮੌਰ ਗ਼ਲਪਕਾਰ ਰਾਮ ਸਰੂਪ ਅਣਖੀ ਵੱਲੋਂ ਸ਼ੁਰੂ ਕੀਤਾ ਇਹ ਪਰਚਾ ਉਸ ਦਾ ਸਿਰੜੀ ਪੁੱਤਰ ਕਰਾਂਤੀ ਪਾਲ ਜਾਰੀ ਰੱਖ ਰਿਹਾ ਹੈ। ਸਾਲਾਨਾ ਅੰਕ ਦੀ ਸੰਪਾਦਕੀ ਵਿੱਚ ਕਰਾਂਤੀਪਾਲ ਨੇ ਇੱਕ ਬਹੁਤ ਹੀ ਮਹੱਤਵਪੂਰਨ ਸੁਆਲ ਉਠਾਇਆ ਕਿ ਜੇ ਕਹਾਣੀ ਵਿੱਚ ਕਹਾਣੀ ਹੀ ਨਹੀਂ ਹੈ ਤਾਂ ਉਹ ਕਹਾਣੀ ਕਿਵੇਂ ਬਣੀ ਤੇ ਪਾਠਕ ਉਸ ਨੂੰ ਕਿਉਂ ਪੜ੍ਹੇ? ਇਹ ਸੁਆਲ ਅੱਜ ਕੋਈ ਨਵਾਂ ਨਹੀਂ, ਸਗੋਂ ਹਰ ਯੁੱਗ ਵਿੱਚ ਹੀ ਉਠਦਾ ਆ ਰਿਹਾ ਹੈ। ਚੰਗੀਆਂ ਕਹਾਣੀਆਂ ਹਰ ਦੌਰ ਵਿੱਚ ਲਿਖੀਆਂ ਜਾਂਦੀਆਂ ਰਹੀਆਂ ਅਤੇ ਅੱਜ ਵੀ ਲਿਖੀਆਂ ਜਾ ਰਹੀਆਂ ਹਨ, ਪਰ ਇਸ ਦੇ ਨਾਲ ਹੀ ਔਸਤ ਤੇ ਹੇਠਲੇ ਪੱਧਰ ਦੀ ਕਹਾਣੀ ਵੀ ਹਰ ਦੌਰ ਵਿੱਚ ਲਿਖੀ ਜਾਂਦੀ ਰਹੀ ਅਤੇ ਅੱਜ ਵੀ ਲਿਖੀ ਜਾ ਰਹੀ ਹੈ, ਪਾਠਕ ਬੜੀ ਅਸਾਨੀ ਨਾਲ ਇਨ੍ਹਾਂ ਦਾ ਨਿਖੇੜਾ ਕਰਦੇ ਆ ਰਹੇ ਹਨ। ਸੀਰਤ ਨਿਗਾਰੀ ਵਿੱਚ ਅਮਰਜੀਤ ਸਿੰਘ ਮਾਨ ਅਤੇ ਹਰਪਾਲ ਸਿੰਘ ਪੰਨੂ ਦੀ ਹਾਜ਼ਰੀ ਹੈ। 'ਯਾਦ' ਵਿੱਚ ਵਰਿਆਮ ਸਿੰਘ ਸੰਧੂ, ਗੁਰਬਚਨ ਸਿੰਘ ਭੁੱਲਰ, ਡਾ. ਹਰਮਿੰਦਰ ਸਿੰਘ ਬੇਦੀ ਹਾਜ਼ਰ ਹਨ। ਵਿਰਾਸਤ 'ਚ ਲਿਖਤੁਮ ਅਸਗਰ ਵਜ਼ਾਹਤ ਦੀਆਂ ਗੱਲਾਂ ਵੀ ਰੌਚਿਕ ਤੇ ਮਹੱਤਵਪੂਰਨ ਹਨ। ਜਸਪਾਲ ਸਿੰਘ ਸਿੱਧੂ ਤੇ ਦੀਪ ਜਗਦੀਪ ਸਿੰਘ ਦਾ ਸੰਵਾਦ ਅਤੇ ਵਿਗਿਆਨ ਕਥਾ ਵਿੱਚ ਵੀ ਕੁਝ ਕਲਮਕਾਰ ਸ਼ਾਮਲ ਹਨ। ਰਮਾਨਾਥ ਰਾਏ ਦਾ ਨਾਵਲੈਟ ਮੁੱਖ ਮੰਤਰੀ ਵੀ ਹੈ। ਪੰਨੇ 106 ਮੁੱਲ 400 ਰੁਪਏ, (ਆਨਰੇਰੀ ਸੰਪਾਦਕ : ਕਰਾਂਤੀ ਪਾਲ, ਸੰਪਾਦਕ : ਕਹਾਣੀ ਪੰਜਾਬ, ਰਾਮ ਸਰੂਪ ਅਣਖੀ ਹਾਊਸ, ਕੱਚਾ ਕਾਲਜ ਰੋਡ-ਬਰਨਾਲਾ 148101, ਮੋਬਾ: 92165-35617

## ਚਿਰਾਗ : ਅਕਤੂਬਰ 2023-ਮਾਰਚ 2024

(ਹਰਭਜਨ ਸਿੰਘ ਹੁੰਦਲ ਵਿਸ਼ੇਸ਼ ਅੰਕ)




'ਚਿਰਾਗ' ਦਾ ਇਹ ਅੰਕ ਸਾਡੇ ਸਮਿਆਂ ਦੇ ਸਿਰਮੌਰ ਅਤੇ ਪ੍ਰਤੀਬੱਧ ਸ਼ਾਇਰ ਹਰਭਜਨ ਸਿੰਘ ਹੁੰਦਲ ਨੂੰ ਸਮਰਪਿਤ ਹੈ। ਉਨ੍ਹਾਂ ਦੇ ਜੀਵਨ ਅਤੇ ਰਚਨਾ ਬਾਰੇ ਨਿਠ ਕੇ ਗੱਲ ਹੋਈ ਹੈ। ਵੱਖ-ਵੱਖ ਸਤਾਈ ਲੇਖਾਂ ਵਿੱਚ ਉਨ੍ਹਾਂ ਦੇ ਨਿੱਜੀ ਜੀਵਨ, ਉਨ੍ਹਾਂ ਦੀ ਰਚਨਾ ਅਤੇ ਵੱਖ-ਵੱਖ ਸਮਿਆਂ ਵਿੱਚ ਸਮਾਜ ਦੀ ਤਸਵੀਰ ਬਦਲਣ ਲਈ ਉਨ੍ਹਾਂ ਵੱਲੋਂ ਨਿਭਾਈ ਭੂਮਿਕਾ ਦਾ ਵੀ ਵਿਸਥਾਰ ਵਿੱਚ ਜ਼ਿਕਰ ਹੋਇਆ ਹੈ। ਉਨ੍ਹਾਂ ਦੀ ਪੋਤਰੀ ਡਾ. ਸਿਰਜਣਾ ਵੱਲੋਂ ਬਹੁਤ ਹੀ ਭਾਵੁਕ ਅੰਦਾਜ਼ ਵਿੱਚ ਗੱਲ ਕੀਤੀ ਗਈ ਹੈ। ਲੇਖਕਾਂ 'ਚ ਮੰਗਤ ਰਾਮ ਪਾਸਲਾ, ਡਾ: ਕੇਸਰ ਸਿੰਘ ਕੇਸਰ, ਮੱਖਣ ਕੋਹਾੜ, ਲਾਲ ਸਿੰਘ, ਡਾ. ਸੁਰਿੰਦਰ ਗਿੱਲ, ਡਾ. ਕਰਮਜੀਤ ਸਿੰਘ, ਪ੍ਰੋ: ਕੁਲਵੰਤ ਸਿੰਘ ਔਜਲਾ, ਡਾ. ਹਰਵਿੰਦਰ ਭੰਡਾਲ, ਡਾ. ਹਰਜਿੰਦਰ ਸਿੰਘ ਅਟਵਾਲ ਅਤੇ ਹੋਰਾਂ ਦੇ ਨਾਂਅ ਸ਼ਾਮਲ ਹਨ। ਪੰਨੇ 146 ਮੁੱਲ 100 ਰੁਪਏ, ਸੰਪਾਦਕ : ਡਾ: ਕਰਮਜੀਤ ਸਿੰਘ, ਸੰਪਰਕ : ਜਿਓਤੀ ਨਿਵਾਸ, 251/34 ਨਿਊ ਹਰੀ ਨਗਰ ਹੁਸ਼ਿਆਰਪੁਰ-146001, ਮੋਬਾਇਲ : 98763-23862

*- ਹਰਜਿੰਦਰ ਅਟਵਾਲ (ਡਾ.)*

# ਪਾਠਕਾਂ ਦੇ ਝਰੋਖੇ 'ਚੋਂ

## ਮਾਤ ਭਾਸ਼ਾ ਦਾ ਮਹੱਤਵ

3 ਮਾਰਚ ਦੇ ਨਵਾਂ ਜ਼ਮਾਨਾ ਵਿਚ ਮੁੱਖ ਪੰਨੇ 'ਤੇ ਡਾ. ਸੁਖਵਿੰਦਰ ਸਿੰਘ ਸੰਘਾ ਦਾ ਲੇਖ ਮਾਤਾ ਭਾਸ਼ਾ ਦੇ ਮਹੱਤਵ ਬਾਰੇ ਚੰਗੀ ਰੌਸ਼ਨੀ ਪਾਉਂਦਾ ਹੈ ।ਦੁਨੀਆ ਭਰ ਦੇ ਭਾਸ਼ਾ ਵਿਗਿਆਨੀ ਮੰਨਦੇ ਹਨ ਕਿ ਮਾਤ ਭਾਸ਼ਾ ਵਿਚ ਦਿੱਤੀ ਗਈ ਮੁਢਲੀ ਸਿੱਖਿਆ ਅਸਰਦਾਰ ਹੈ ।ਦੂਸਰੀ ਕੋਈ ਵੀ ਭਾਸ਼ਾ ਸਿੱਖਣ ਲਈ ਸਭ ਤੋਂ ਪਹਿਲਾਂ ਮਾਤ ਭਾਸ਼ਾ ਦੀ ਚੰਗੀ ਜਾਣਕਾਰੀ ਹੋਣੀ ਲਾਜ਼ਮੀ ਹੈ, ਪੰਜਾਬ ਵਿਚ ਪਹਿਲਾਂ ਜ਼ਿਆਦਾ ਸਰਕਾਰੀ ਸਕੂਲ ਹੋਇਆ ਕਰਦੇ ਸੀ। ਪੰਜਾਬੀ ਸਿੱਖਿਆ ਦਾ ਮਾਧਿਅਮ ਹੁੰਦਾ ਸੀ। ਹੁਣ ਦੇ ਵੱਡੀਆਂ ਪੋਸਟਾਂ 'ਤੇ ਕੰਮ ਕਰ ਰਹੇ ਵਿਅਕਤੀ ਸਰਕਾਰੀ ਸਕੂਲਾਂ ਦੀ ਦੇਣ ਹਨ। ਕਈ ਵਾਰ ਜਿਨ੍ਹਾਂ ਸਕੂਲਾਂ ਨੂੰ ਤੱਪੜਾਂ ਵਾਲੇ ਸਕੂਲ ਵੀ ਕਿਹਾ ਜਾਂਦਾ ਰਿਹਾ ਹੈ । ਕਈ ਸਰਕਾਰੀ ਸਕੂਲ ਤਾਂ ਰੁੱਖਾਂ ਦੀਆਂ ਛਾਂਵਾਂ ਹੇਠ ਵੀ ਲੱਗਦੇ ਰਹੇ ਹਨ। ਜਦੋਂ ਪੰਜਾਬ ਵਿਚ ਨਿੱਜੀ ਸਕੂਲਾਂ ਦਾ ਪ੍ਰਚਲਨ ਹੋਇਆ ਹੈ। ਧਨਾਢ ਲੋਕਾਂ ਨੇ ਕੇਂਦਰੀ ਬੋਰਡ ਦੀ ਮਾਨਤਾ ਲੈ ਕੇ ਪੰਜਾਬ ਵਿਚ ਨਿੱਜੀ ਸਕੂਲ ਖੋਲ੍ਹ ਰੱਖੇ ਹਨ। ਇਹ ਕੇਂਦਰੀ ਬੋਰਡਾਂ ਦੇ ਸਕੂਲ ਖੋਲ੍ਹਣ ਦੀ ਪੰਜਾਬ ਸਰਕਾਰਾਂ ਵੱਲੋਂ ਮਨਜ਼ੂਰੀ ਦੇਣਾ ਹੀ ਗਲਤ ਸੀ ।ਜਦੋਂ ਇਹ ਦੁਕਾਨਾਂ ਵਰਗੇ ਸਕੂਲ ਖੁੱਲ੍ਹ ਗਏ ।ਇਨ੍ਹਾਂ ਸਕੂਲਾਂ ਵਿਚ ਸਿੱਖਿਆ ਦਾ ਮਾਧਿਅਮ ਹਿੰਦੀ ਜਾਂ ਅੰਗਰੇਜ਼ੀ ਹੋ ਗਿਆ ।ਮਾਤ ਭਾਸ਼ਾ ਨੂੰ ਠੇਸ ਪਹੁੰਚੀ। ਸਾਡੇ ਪੰਜਾਬ ਦੇ ਭੋਲੇ-ਭਾਲੇ ਬੱਚੇ ਬਚਪਨ ਤੋਂ ਟਵਿੰਕਲ ਟਵਿੰਕਲ ਲਿਟਲ ਸਟਾਰ ਕਹਿਣ ਲੱਗੇ, ਉਹ ਗੁਰਮੁਖੀ ਅੱਖਰਾਂ ਤੋਂ ਦੂਰ ਕਰ ਦਿੱਤੇ ਗਏ ।ਘਰਾਂ ਵਿਚ ਹਿੰਦੀ-ਅੰਗਰੇਜ਼ੀ ਦੇ ਅੱਖਰ ਬੋਲਣ ਲੱਗੇ । ਬੱਚੇ ਭਾਵੇਂ ਰੱਟਾ ਲਾ ਕੇ ਸਿੱਖਣ, ਯਾਦ ਕਰਨ ਲਈ ਦਿਮਾਗ 'ਤੇ ਜ਼ੋਰ ਪਾਉਣ, ਮਾਤ ਭਾਸ਼ਾ ਨੂੰ ਦੂਸਰੇ-ਤੀਸਰੇ ਨੰਬਰ 'ਤੇ ਰੱਖਣ ਲੱਗ ਪੈਣ ਤਾਂ ਪੰਜਾਬੀ ਦਾ ਰੱਬ ਰਾਖਾ। ਇਹ ਤੋਤਾ ਮਾਰਕਾ ਬੱਚੇ ਕਿਸੇ ਭਾਸ਼ਾ ਦੀ ਵੀ ਮੁਹਾਰਤ ਹਾਸਲ ਨਹੀਂ ਕਰ ਸਕਦੇ। ਬਸਤੇ ਦਾ ਬੋਝ ਪੰਜਾਬੀ ਪੜ੍ਹਨ ਜੋਗਾ ਸਮਾਂ ਹੀ ਨਹੀਂ ਰਹਿਣ ਦਿੰਦੇ। ਹੈਰਾਨੀ ਹੈ ਕਿ ਪੰਜਾਬੀ ਮਾਤ ਭਾਸ਼ਾ ਦਾ ਇਹ ਮਸਲਾ ਕੇਵਲ ਪੰਜਾਬ ਵਿਚ ਹੀ ਹੈ, ਜਦੋਂ ਕਿ ਵੱਡੇ ਅੰਦੋਲਨ ਕਰਕੇ ਪੰਜਾਬੀ ਭਾਸ਼ਾ ਦੇ ਅਧਾਰਤ ਪੰਜਾਬ ਨਕਸ਼ੇ 'ਤੇ ਲਿਆਂਦਾ ਗਿਆ ਸੀ। ਭਾਵੇਂ ਇਹ ਕੁਰਸੀਆਂ ਦੀ ਖੇਡ ਸੀ, ਪਰ ਪੰਜਾਬ ਵਿਚ ਸਿਆਸੀ ਤੌਰ 'ਤੇ ਅਕਾਲੀ-ਭਾਜਪਾ ਗਠਜੋੜ ਨੇ ਪੰਜਾਬੀ ਦਾ ਬੇਹੱਦ ਨੁਕਸਾਨ ਕੀਤਾ ।ਸੱਤਾਧਾਰੀ ਗਠਜੋੜ ਦਾ ਇਕ ਹਿੱਸਾ ਪੰਜਾਬੀ ਵਿਰੋਧੀ ਹੈ। ਸਾਰੇ ਜਾਣਦੇ ਹਨ। ਇਹ ਭਾਜਪਾ ਉਹੀ ਸਿਆਸੀ ਪਾਰਟੀ ਹੈ, ਜਿਸ ਨੂੰ ਕਿਸੇ ਵੇਲੇ ਜਨਸੰਘ ਕਿਹਾ ਜਾਂਦਾ ਸੀ। ਸੰਨ 1966 ਵੇਲੇ ਜਦੋਂ ਪੰਜਾਬ ਦੀ ਵੰਡ ਹੋਈ, ਹਰਿਆਣਾ ਬਣਿਆ ਤਾਂ ਉਸ ਵੇਲੇ ਇਹ ਲੋਕ ਪੰਜਾਬੀ ਨੂੰ ਮਾਤ ਭਾਸ਼ਾ ਲਿਖਾਉਣ ਤੋਂ ਹੀ ਮੁੱਕਰ ਗਏ। ਫਿਰ ਇਹੀ ਲੋਕ ਅਕਾਲੀਆਂ ਨਾਲ ਰਲ-ਮਿਲ ਗਏ ਤੇ ਪੰਜਾਬੀ ਦੀਆਂ ਜੜ੍ਹਾਂ ਵਿਚ ਤੇਲ ਦੇਣ ਲੱਗੇ। ਸਿੱਟੇ ਵਜੋਂ ਹੁਣ ਪੰਜਾਬ ਵਿਚ ਪੰਜਾਬੀ ਲਾਗੂ ਕਰਨ ਲਈ ਟਾਹਰਾਂ ਮਾਰੀਆਂ ਜਾ ਰਹੀਆਂ ਹਨ ।ਦੁਕਾਨਾਂ ਦੇ ਸਾਈਨ ਬੋਰਡ ਪੰਜਾਬੀ 'ਚ ਲਿਖਣ ਲਈ ਜ਼ੋਰ ਲਾਇਆ ਜਾ ਰਿਹਾ ਹੈ ।ਸਾਡੇ ਪਿੰਡਾਂ ਦੇ ਬੱਚੇ ਆਪਣੇ ਪਿੰਡ ਦੇ ਸਰਕਾਰੀ ਸਕੂਲ ਵਿਚ ਦਾਖ਼ਲ ਹੋਣ ਦੀ ਬਜਾਏ ਮਹਿੰਗੇ ਨਿੱਜੀ ਸਕੂਲਾਂ ਵਿਚ ਜਾਣ ਲੱਗੇ। ਹੁਣ ਕਈ ਸਾਲਾਂ ਪਿੱਛੋਂ ਕੁਝ ਮੋੜਾ ਪੈਣ ਲੱਗਾ ਹੈ ਲੋਕ ਸਾਰੀ ਗੱਲ ਸਮਝਦੇ ਜਾ ਰਹੇ ਹਨ ।ਕਈ ਲੋਕਾਂ ਨੇ ਬੱਚਿਆਂ ਨੂੰ ਸਰਕਾਰੀ ਸਕੂਲਾਂ 'ਚ ਦਾਖ਼ਲ ਕੀਤਾ ਵੀ ਹੈ । ਇਹ ਲਹਿਰ ਤੇਜ਼ ਹੋਣੀ ਚਾਹੀਦੀ ਹੈ, ਜੇ ਪੰਜਾਬੀ ਨੂੰ ਬਚਾਉਣਾ ਹੈ ਨਵਾਂ ਜ਼ਮਾਨਾ ਨੇ ਹਮੇਸ਼ਾ ਤੋਂ ਪੰਜਾਬੀ ਮਾਤ ਭਾਸ਼ਾ ਲਈ ਚੰਗੇ ਯਤਨ ਕੀਤੇ ਹਨ। ਡਾ. ਗਿਆਨ ਸਿੰਘ ਦਾ ਪੰਜਾਬ ਤੋਂ ਪਰਵਾਸ ਬਾਰੇ ਬਹੁਤ ਮਿਹਨਤ ਨਾਲ ਅੰਕੜੇ ਪੇਸ਼ ਕਰਕੇ ਪੰਜਾਬ ਦੀ ਅਜੋਕੀ ਸਥਿਤੀ ਦਾ ਜ਼ਿਕਰ ਕੀਤਾ ਹੈ, ਪਰ ਆਮ ਪਾਠਕ ਅੰਕੜਿਆਂ ਵਿਚ ਉਲਝ ਜਾਂਦਾ ਹੈ, ਪਰ ਇਸ ਗੱਲ 'ਤੇ ਬਹੁਤ ਲੋਕ ਹੁਣ ਸਮਝਣ ਲੱਗੇ ਹਨ ਕਿ ਪਰਵਾਸ ਐਨੀ ਗਿਣਤੀ ਵਿਚ ਹੋਣਾ ਮਾੜਾ ਹੈ। ਦੋਸ਼ੀ ਸਰਕਾਰਾਂ ਵੀ ਹਨ, ਜਿਨ੍ਹਾ ਨੇ ਸਿੱਖਿਆ ਹਾਸਲ ਕਰ ਚੁੱਕੇ ਬੱਚਿਆਂ ਲਈ ਰੋਟੀ-ਰੋਜ਼ੀ ਦਾ ਵੀ ਪ੍ਰਬੰਧ ਨਹੀਂ ਕੀਤਾ। ਬੇਰੁਜ਼ਗਾਰਾਂ ਦੀਆਂ ਵੱਡੀਆਂ ਭੀੜਾਂ ਹਨ। ਸਿੱਖਿਆ ਦਾ ਮੰਤਵ ਅਜੇ ਵੀ ਅਧੂਰਾ ਹੈ, ਜਿਸ ਸਿੱਖਿਆ ਨੂੰ ਹਾਸਲ ਕਰਦਾ ਬੱਚਾ 30 ਸਾਲ ਦਾ ਹੋ ਜਾਵੇ, ਪਰ ਇਸ ਦੇ ਬਾਵਜੂਦ ਉਹ ਮਾਪਿਆਂ 'ਤੇ ਨਿਰਭਰ ਰਹੇ। ਉਹੋ ਜਿਹੀ ਸਿੱਖਿਆ ਕਿਸ ਅਰਥ? ਕਾਲਮ 'ਲੋਕਾਂ ਦੀ ਗੱਲ' ਨੇ ਕਿਸਾਨ ਅੰਦੋਲਨ ਦੇ ਆਗੂਆਂ ਨੂੰ ਕੁਝ ਸੇਧਾਂ ਦਿੱਤੀਆਂ ਹਨ ।ਅਸਲ ਵਿਚ ਏਕਾ ਹੀ ਸਹੀ ਰਾਹ ਹੈ ।ਦੀਪ ਜਗਦੀਪ ਸਿੰਘ ਦੀਆਂ ਲਘੂ ਕਵਿਤਾਵਾਂ ਵਿਚ ਸਮਾਰਟ ਫੋਨ, ਮਜ਼ਦੂਰ ਕਿਸਾਨ ਅੰਦੋਲਨ ਦੀ ਗੂੰਜ ਹੈ। ਹੁਣ ਮੈਗਜ਼ੀਨ 'ਅਣੂ' ਮਿੰਨੀ ਮੈਗਜ਼ੀਨ, ਕਿਤਾਬ 'ਕੈਨੇਡਾ ਕੈਨੇਡਾ ਮੈਂ ਜਾਣਾ' ਦਾ ਲੋਕ ਅਰਪਣ, ਮਾਤ ਭਾਸ਼ਾ 'ਚ ਰੁਜ਼ਗਾਰ ਸੰਭਾਵਨਾਵਾਂ ਦੀ ਚਰਚਾ ਰਿਪੋਰਟਾਂ ਵੇਖ ਕੇ ਖੁਸ਼ੀ ਹੋਈ ।ਕਿਤਾਬਾਂ ਵਿਚ ਰਿਸ਼ਤਿਆਂ ਦੀ ਜ਼ਮੀਨ ਮਿੰਨੀ ਕਹਾਣੀ ਸੰਗ੍ਰਹਿ ਬਾਰੇ ਸੁਖਦੇਵ ਸਿੰਘ ਸ਼ਾਂਤ ਨੇ ਵਧੀਆ ਜਾਣਕਾਰੀ ਦਿੱਤੀ ਹੈ। ਇਹ ਕਿਤਾਬ ਮਿੰਨੀ ਕਹਾਣੀ ਵਿਚ ਨਵਾਂ ਵਾਧਾ ਹੈ ।ਮੁਬਾਰਕ ਸੇਖੋਂ ਸਾਹਿਬ ।

**- ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ**

## ਰਾਮ ਦਾਮ ਤੇ ਏਜੰਸੀਆਂ ਸਹਾਰੇ ਭਾਜਪਾ

ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ ਦੁਆਰਾ ਲਿਖਿਆ 'ਰਾਮ ਦਾਮ ਤੇ ਏਜੰਸੀਆਂ ਸਹਾਰੇ ਭਾਜਪਾ' ਲੇਖ ਪੜ੍ਹ ਕੇ ਇੰਝ ਲੱਗਿਆ ਕਿ ਆਮ ਲੋਕਾਂ ਲਈ ਲਿਖਣ ਵਾਲੇ ਲੋਕਾਂ ਦੀ ਗਿਣਤੀ ਅਜੇ ਵੀ ਬਹੁਤਾਤ ਵਿਚ ਹੈ।

ਲੇਖ ਵਿੱਚ ਭਾਜਪਾ ਦੇ ਤਾਨਾਸ਼ਾਹੀ ਸੁਭਾਅ ਨਾਲ ਰਾਜ ਕਰਨ ਦੇ ਤੇ ਕਾਂਗਰਸ ਦੇ ਰਾਜ ਕਰਨ ਦੇ ਤਰੀਕੇ ਵਿਚ ਕਮਜ਼ੋਰੀਆਂ ਨੂੰ ਚੰਗੀ ਤਰ੍ਹਾਂ ਉਲੀਕਿਆ ਗਿਆ ਹੈ। ਜਿਵੇਂ ਕਿ ਜਤਿੰਦਰ ਪਨੂੰ ਜੀ ਦਾ ਆਰਟੀਕਲ ਹਮੇਸ਼ਾ ਹੀ ਦਿਮਾਗ ਦੀਆਂ ਖਿੜਕੀਆਂ ਖੋਲ੍ਹਣ ਵਾਲਾ ਹੁੰਦਾ ਹੈ। ਕਵਿਤਾਵਾਂ ਵਿਚ ਦੀਪ ਜਗਦੀਪ ਦੀਆਂ ਕਵਿਤਾਵਾਂ ਨੇ ਮਨ ਨੂੰ ਬਹੁਤ ਟੁੰਬਿਆ। ਨਿਰਸੰਦੇਹ ਨਵਾਂ ਜ਼ਮਾਨਾ ਦਾ ਐਤਵਾਰ ਦਾ ਅੰਕ ਸਾਂਭਣਯੋਗ ਹੁੰਦਾ ਹੈ।

ਨਵਾਂ ਜ਼ਮਾਨਾ ਪੜ੍ਹਨ ਦੀ ਚੇਟਕ ਮੈਨੂੰ ਆਪਣੇ ਪਿਤਾ ਜੀ ਤੋਂ ਲੱਗੀ ਹੈ। ਇਸ ਅਖ਼ਬਾਰ ਦੀ ਪਾਲਿਸੀ ਲੋਕ ਪੱਖੀ ਹੋਣ ਦੇ ਨਾਲ-ਨਾਲ ਸੱਚ ਨੂੰ ਦਰਸਾਉਣ ਵਾਲੀ ਹੈ। ਜੋ ਅੱਜ ਦੇ ਜ਼ਮਾਨੇ ਵਿਚ ਕਿਸੇ ਅਖ਼ਬਾਰ 'ਚੋਂ ਪਾਉਣਾ ਮੁਸ਼ਕਲ ਹੈ।

**— ਮੁਸਕਾਨ**

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਧਰਮ ਅਧਾਰਿਤ ਸੋਚ ਨੂੰ ਬਲਵਾਨ ਕਰਦਾ ਸੀ ਏ ਏ : ਮੱਖਣ ਕੁਹਾੜ

ਸ਼ਬਦ ਚੇਤਨਾ ਦਾ ਵਿਸਮਾਦੀ ਅਨੁਭਵ-ਅੰਮ੍ਰਿਤਸਰ ਸਾਹਿਤ ਉਤਸਵ : ਦੀਪ ਜਗਦੀਪ ਸਿੰਘ

'ਆਖਰੀ ਮੁਸਕਾਨ' ਦੀ ਪਰਖ ਪੜਚੋਲ : ਡਾ. ਹਰਿੰਦਰ ਸਿੰਘ ਤੁੜ

ਵਿਜੇਤਾ ਭਾਰਦਵਾਜ ਦੀਆਂ ਨਵੀਂਆਂ ਕਵਿਤਾਵਾਂ ਤੇ ਹੋਰ ਬਹੁਤ ਕੁਝ

# ਗੁਰਸੇਵਕ ਲੰਬੀ ਦੀਆਂ ਛੇ .ਗ਼ਜ਼ਲਾਂ



ਐਨੇ ਵੀ ਕਮਜ਼ੋਰ ਨ੍ਹੀਂ ਦਾਣੇ।
ਕੱਚਾ ਧਾਗਾ ਡੋਰ ਨ੍ਹੀਂ ਦਾਣੇ।

ਫੜ ਕੇ ਪਿੰਜਰੇ ਪਾਲੇਂਗਾ ਤੂੰ,
ਚਿੜੀਆਂ, ਕੁੱਕੜ, ਮੋਰ ਨ੍ਹੀਂ ਦਾਣੇ।

ਇਨ੍ਹਾਂ ਨੇ ਤਾਂ ਉੱਗ ਹੀ ਪੈਣਾ,
ਦਾਣੇ ਆਂ, ਕੁਝ ਹੋਰ ਨ੍ਹੀਂ ਦਾਣੇ।

ਧਰਤੀ ਮਾਂ ਦੇ ਜੰਮੇ-ਜਾਏ,
ਕੁਰਸੀ ਦੀ ਕਿ ਲੋਰ ਨ੍ਹੀਂ ਦਾਣੇ।

ਇਹ ਤਾਂ ਗੜਿਆਂ ਵਾਂਗੂੰ ਵੱਜਦੇ,
ਝਾਂਜਰ ਦਾ ਕਿ ਸ਼ੋਰ ਨ੍ਹੀਂ ਦਾਣੇ।

(2)

ਜ਼ਿੰਦਗੀ ਬਦਲੇ ਥੋੜ੍ਹੇ ਚਿਰ ਦੀਆਂ ਮਸਤੀਆਂ ਚੁੱਕੀ ਫਿਰਦੇ ਨੇ।
ਏਸ ਨਗਰ ਦੇ ਲੋਕੀਂ ਆਪਣੀਆਂ ਅਸਥੀਆਂ ਚੁੱਕੀ ਫਿਰਦੇ ਨੇ।

ਖਾਲੀ ਬੱਦਲ ਪਤਾ ਨ੍ਹੀਂ ਕਿਥੋਂ ਪਾਣੀ ਚੁੱਕ ਲਿਆਏ ਨੇ,
ਦੇਖਿਆ ਜਦ ਕਿ ਗਲੀ ਦੇ ਬੱਚੇ ਕਿਸ਼ਤੀਆਂ ਚੁੱਕੀ ਫਿਰਦੇ ਨੇ।

ਗੂੜ੍ਹੀ ਠੰਢ 'ਚ ਵੇਖੋ ਲੋਕੀਂ ਲੱਭਦੇ ਆਈਸ-ਕਰੀਮਾਂ ਨੂੰ,
ਆਪਣੇ ਅੰਦਰ ਪਤਾ ਨ੍ਹੀਂ ਕਿੰਨੀਆਂ ਤਲਖੀਆਂ ਚੁੱਕੀ ਫਿਰਦੇ ਨੇ।

ਮੈਂ ਮੌਜੂਦਾ, ਮੈਂ ਸਾਬਕਾ, ਆਪਣਾ ਆਪਾ ਮਨਫ਼ੀ ਹੈ,
ਕੁਝ ਲੋਕੀਂ ਬਸ ਅਹੁਦਿਆਂ ਵਾਲੀਆਂ ਤਖ਼ਤੀਆਂ ਚੁੱਕੀ ਫਿਰਦੇ ਨੇ।

(3)

ਲੀਕ 'ਤੇ ਉੱਤੇ ਲੀਕ ਨ੍ਹੀਂ ਪਾਉਣਾ, ਨਵੀਂ ਨਵੇਲੀ ਬਾਤ ਲਿਖਾਂਗੇ।
ਨਾ ਰਾਜੇ ਦਾ ਹੁਕਮ ਸੁਣਾਂਗੇ, ਨਾ ਦਿਵਸ ਨੂੰ ਰਾਤ ਲਿਖਾਂਗੇ।

ਇਹ ਸੂਰਜ ਤਾਂ ਡਰਿਆ-ਡਰਿਆ, ਚਾਨਣ ਕਰਦਾ ਮਰਿਆ-ਮਰਿਆ,
ਇਸ ਸੂਰਜ ਦੇ ਮੱਥੇ ਉੱਤੇ, ਹੁਣ ਯਾਰੋ ਪਰਭਾਤ ਲਿਖਾਂਗੇ।

ਕੀ ਹੰਝੂ ਦਾ ਗਿਰਨਾ ਹੁੰਦਾ, ਕੀ ਪੱਤੇ ਦਾ ਕਿਰਨਾ ਹੁੰਦਾ,
ਅੱਖ ਰੁੱਖ ਦੇ ਏਸ ਦਰਦ ਨੂੰ, ਹੋ ਕੇ ਆਤਮਸਾਤ ਲਿਖਾਂਗੇ।

ਏਸ ਨਗਰ ਦੇ ਹਰ ਬੰਦੇ ਦੇ, ਹੱਥੀਂ ਜ਼ਹਿਰ ਪਿਆਲਾ ਫੜਿਆ,
ਏਸ ਨਗਰ ਦੇ ਹਰ ਬੰਦੇ ਨੂੰ, ਆਪਾਂ ਤਾਂ ਸੁਕਰਾਤ ਲਿਖਾਂਗੇ।

ਤੂੰ ਰਾਜੇ ਦੇ ਹੁਕਮਾਂ ਸਾਹਵੇਂ, ਨਾ ਏਧਰ ਨਾ ਉਧਰ ਹੋਇਆ,
ਤੇਰੀ ਚੁੱਪ ਦਾ ਮਤਲਬ ਇਕੋ, ਇਸ ਨੂੰ ਆਤਮਘਾਤ ਲਿਖਾਂਗੇ।

(4)

ਬੋਲਾਂ ਦਾ ਨਿਰਾ ਜੁਆਰੀ ਨਿਕਲਿਆ।
ਸਮਝਿਆ ਰਾਜਾ ਭਿਖਾਰੀ ਨਿਕਲਿਆ।

ਦਾਅਵੇ ਤੇ ਬਸ ਦਾਅਵੇ ਹੀ ਸਨ,
ਖਤ ਤੇਰਾ ਸਰਕਾਰੀ ਨਿਕਲਿਆ।

ਸਾਨੂੰ ਮਿਲਿਆ ਹਰ ਇਕ ਬੰਦਾ,
ਬੱਸ ਦੀ ਇਕ ਸਵਾਰੀ ਨਿਕਲਿਆ।

ਬਾਹਰੋਂ ਦਿਸਦਾ ਮਾਲੀ ਸੀ, ਪਰ
ਅੰਦਰੋਂ ਪੂਰਾ ਆਰੀ ਨਿਕਲਿਆ।

ਲਗਦਾ ਸੀ ਕਿ ਸੁਲਝਿਆ ਬੰਦਾ,
ਐਵੇਂ ਖੱਜਲ-ਖੁਆਰੀ ਨਿਕਲਿਆ।

'ਲੰਬੀ' ਸਿਹਾਂ ਤੂੰ ਕਾਹਦਾ ਲੇਖਕ,
ਤੂੰ ਵੀ ਬੱਸ ਦਰਬਾਰੀ ਨਿਕਲਿਆ।

(5)

ਤੈਨੂੰ ਤੈਥੋਂ ਵੱਖ ਕਰਕੇ ਵੀ ਵੇਖਾਂਗੇ।
ਲੈ ਫਿਰ ਨੰਗੀ ਅੱਖ ਕਰਕੇ ਵੀ ਵੇਖਾਂਗੇ।

ਵੇਖਾਂਗੇ ਤੂੰ ਕਿੱਥੋਂ ਕੁ ਤੱਕ ਨਿਭਦਾ ਏਂ,
ਆਪਣੇ ਆਪ ਨੂੰ ਕੱਖ ਕਰਕੇ ਵੀ ਵੇਖਾਂਗੇ।

ਝੀਲਾਂ, ਸਾਗਰ, ਬੋਤਲ, ਇਹ ਹੁਣ ਛੱਡ ਪਰ੍ਹੇ,
ਤੇਰੀ ਅੱਖ ਨੂੰ ਅੱਖ ਕਰਕੇ ਵੀ ਵੇਖਾਂਗੇ।

ਇਧਰ-ਓਧਰ ਹੋ ਕੇ ਉਹਨੂੰ ਤੱਕਿਆ ਏ,
ਸ਼ੀਸ਼ੇ ਨੂੰ ਪਰਤੱਖ ਕਰਕੇ ਵੀ ਵੇਖਾਂਗੇ।

ਹੁਣ ਤੱਕ ਸਾਹਿਬਾਂ ਉਹਦੀ ਅੱਖ ਨਾ ਵੇਖੀ ਏ,
ਪੀਲੂ ਤੋਂ ਉਹਨੂੰ ਵੱਖ ਕਰਕੇ ਵੀ ਵੇਖਾਂਗੇ।

(6)

ਸਾਨੂੰ ਤੇਰਾ ਗਮ ਭੁਲਾਉਣਾ ਆਉਂਦਾ ਹੈ।
ਕਸੀਏ ਦੇ ਵਿਚ ਦਸਤਾ ਪਾਉਣਾ ਆਉਂਦਾ ਹੈ।

ਅਸੀਂ ਤਾਂ ਵਗਦੀ ਵਾ 'ਚੋਂ ਮਹਿਕਾਂ ਲੱਭ ਲਈਏ,
ਸਾਨੂੰ ਕੱਲਰਾਂ ਨੂੰ ਵੀ ਵਾਹੁਣਾ ਆਉਂਦਾ ਹੈ।

ਉਹ ਮਹਿਬੂਬ ਨਾ ਛਤਰੀ ਹੇਠਾਂ ਤੁਰਦਾ ਹੈ,
ਉਹ ਕਹਿੰਦਾ ਹੈ ਮੈਨੂੰ ਜਿਉਣਾ ਆਉਂਦਾ ਹੈ।

ਮਹਿਲਾਂ ਦੇ ਮੱਥੇ 'ਤੇ ਇਕ ਤਰੇਲੀ ਹੈ,
ਰੇਤੇ ਦਾ ਸਾਨੂੰ ਘਰ ਬਣਾਉਣਾ ਆਉਂਦਾ ਹੈ।

ਇਸੇ ਕਰਕੇ ਪਾਣੀ ਸਾਡੇ ਜੰਮੇ ਨਈਂ,
ਅੱਗਾਂ ਦੇ ਵਿੱਚ ਸਾਨੂੰ ਨੌਣਾ ਆਉਂਦਾ ਹੈ।

—ਮੋਬਾਇਲ 99141-50353



# ਹਿਆਤਪੁਰ ਰੁੜਕੀ : ਜਿੱਥੇ ਬੱਬਰਾਂ ਦੀ ਇਕ ਸਫਰੀ ਪ੍ਰੈੱਸ ਨੇ ਸਦੀਵੀ ਉਡਾਰੀ ਮਾਰੀ

## ਪਿੰਡ ਵਸਿਆ

**ਵਿਜੈ ਬੰਬੇਲੀ**

ਪੁਸਤਕ 'ਬੱਬਰ ਅਕਾਲੀ ਲਹਿਰ ਦਾ ਇਤਿਹਾਸ' ਦੇ ਪੰਨਾ 394 'ਤੇ ਬੱਬਰ ਮਿਲਖਾ ਸਿੰਘ ਪੰਡੋਰੀ ਨਿੱਜਰਾਂ ਸਨਦ-ਬੱਧ ਕਰਦਾ ਹੈ, 'ਬਾਬੂ ਸੰਤਾ ਸਿੰਘ ਦੀ ਗ੍ਰਿਫਤਾਰੀ ਵੇਲੇ ਡਾਇਰੀ ਪੁਲਸ ਦੇ ਹੱਥ ਆ ਗਈ। ਨਤੀਜੇ ਵਜੋਂ ਹੋਰ ਗ੍ਰਿਫਤਾਰੀਆਂ ਹੋਈਆਂ। ਪਰਚੇ ਛਾਪਣ ਵਾਲੀ ਮਸ਼ੀਨ ਫਤਿਹਪੁਰ ਕੋਠੀ ਵਾਲੇ ਭਗਵਾਨ ਸਿੰਘ ਤੋਂ ਬਰਾਮਦ ਕਰ ਲਈ ਗਈ, 'ਦੂਜੀ ਮਸ਼ੀਨ' ਬੱਬਰ ਕਰਮ ਸਿੰਘ ਕੋਲ ਹੀ ਰਹਿ ਗਈ, ਜਿਸ ਨਾਲ ਪਰਚੇ ਛਾਪੇ ਗਏ। ਫਿਰ ਕੋਈ ਪਤਾ ਨਹੀਂ ਲੱਗਿਆ ਕਿ ਇਹ ਮਸ਼ੀਨ ਬੱਬਰ ਸਾਹਿਬ ਕਿੱਥੇ ਰੱਖ ਗਏ ਸਨ। ਨਾ ਤਾਂ ਉਹ ਪੁਲਸ ਦੇ ਹੱਥ ਆ ਸਕੀ, ਨਹੀਂ ਤਾਂ ਮੇਰੇ ਲਿਆਂਦੇ ਰਿਕਾਰਡ ਵਾਂਗ ਉਹ ਵੀ ਇਕ ਯਾਦਗਾਰ ਚੀਜ਼ ਬਣ ਜਾਣੀ ਸੀ।'

ਉਕਤ ਡਾਇਰੀ ਤੋਂ ਭਾਵ ਚੋਟੀ ਦੇ ਚਿੰਤਕ ਬੱਬਰ ਸੰਤਾ ਸਿੰਘ ਹਰਿਓ ਖੁਰਦ ਦੀ ਨਿੱਜੀ ਡਾਇਰੀ ਤੋਂ ਹੈ। ਪਰਚੇ ਛਾਪਣ ਵਾਲੀ ਉਡਾਰੂ ਪ੍ਰੈੱਸ, ਜਿਹੜੀ ਜੂਨ/ਜੁਲਾਈ 1923 ਨੂੰ ਸ਼ਿਵਾਲਕੀ ਪਿੰਡ ਫਤਿਹਪੁਰ ਕੋਠੀ (ਮਾਹਿਲਪੁਰ) ਤੋਂ ਫੜੀ ਗਈ ਸੀ। ਬੱਬਰ ਸਾਹਿਬ ਤੋਂ ਇਸ਼ਾਰਾ ਐਡੀਟਰ ਕਰਮ ਸਿੰਘ ਦੌਲਤਪੁਰ ਕੰਨੀ ਹੈ, ਜਿਹੜੇ ਪਹਿਲੀ ਸਤੰਬਰ '23 ਨੂੰ ਬੰਬੇਲੀ ਵਿਖੇ ਇੱਕ ਅਣਸਾਵੇਂ ਮੁਕਾਬਲੇ ਵਿਚ ਸ਼ਹੀਦ ਹੋ ਗਏ ਸਨ। ਰਿਕਾਰਡ ਤੋਂ ਭਾਵ ਬੱਬਰ ਅਕਾਲੀ ਲਹਿਰ ਦੀ ਤਫ਼ਤੀਸ਼, ਗੁਪਤ ਸਰਕਾਰੀ ਦਸਤਾਵੇਜ਼ ਅਤੇ ਮੁਕੱਦਮਿਆਂ ਦੇ ਰਿਕਾਰਡ ਤੋਂ ਹੈ, ਜਿਹੜਾ ਬੱਬਰ ਮਿਲਖਾ ਸਿੰਘ ਨੇ ਬੜੇ ਹੀ ਯੁਕਤੀ ਢੰਗ ਨਾਲ, '47 ਮਗਰੋਂ ਲਾਹੌਰੋਂ ਪ੍ਰਾਪਤ ਕੀਤਾ ਸੀ, ਪਰ ਦੂਜੀ ਮਸ਼ੀਨ, ਜਿਸ ਦਾ ਖੁਰਾ ਤੌੜ 47 ਤੱਕ ਅੰਗਰੇਜ਼ ਨੱਪਦੇ ਰਹੇ, ਪਰ ਨਾਦਾਰਦ। ਮਗਰਲਿਆਂ ਖੋਜੀ ਇਤਿਹਾਸਕਾਰਾਂ ਨੇ ਵੀ ਵਾਹ ਲਾਈ, ਪਰ ਸਭ ਅਸਫਲ। ਇੱਥੇ ਜਿਸ ਨੂੰ ਦੂਜੀ ਮਸ਼ੀਨ ਕਿਹਾ ਗਿਆ ਹੈ, ਉਹ ਪਹਿਲਾਂ ਖ਼੍ਰੀਦੀ ਗਈ 'ਅਲਾਮਾ ਡੁਪਲੀਕੇਟਰ' ਲਘੂ ਪ੍ਰਿੰਟਿੰਗ ਪ੍ਰੈੱਸ ਸੀ ਅਤੇ ਫੜੀ ਗਈ ਉਹ ਮਸ਼ੀਨ (ਉਡਾਰੂ ਪ੍ਰੈੱਸ) ਹੈ, ਜਿਹੜੀ ਬਾਅਦ 'ਚ ਬੱਬਰਾਂ ਨੇ ਖ਼੍ਰੀਦੀ ਸੀ, ਜਿਸ ਨੂੰ ਲੱਭਣ ਲਈ ਗੋਰਾਸ਼ਾਹੀ ਅੱਕੀਂ-ਪਲਾਹੀਂ ਹੱਥ ਮਾਰਦੀ ਰਹੀ। ਬਾਅਦ ਵਿਚ ਵੀ ਇਹ ਜੱਗ ਜ਼ਾਹਰ ਨਾ ਹੋਈ, ਜਿਸ ਦੀ ਝਲਕ ਮਾਤਰ ਲਈ ਜੀਵਤ ਬੱਬਰ ਤੌੜ ਹਯਾਤੀ ਤੱਕ ਤਰਸਦੇ ਰਹੇ।

ਹੁਣ ਇਸ ਦੇ ਪਤਾਲੀਂ ਚੁੱਭੀ ਮਾਰਨ ਵਾਲੇ ਸਥਾਨ ਦੀ ਸ਼ਨਾਖਤ ਹੋ ਗਈ ਹੈ, ਜਿਹੜਾ ਬੜਾ ਦਿਲਚਸਪ ਮਾਜ਼ਰਾ ਹੈ। ਤੁਸੀਂ ਇਸ ਰੌਚਿਕ ਗਾਥਾ ਬਾਰੇ ਵਿਜੈ ਬੰਬੇਲੀ ਵੱਲੋਂ ਵੱਖ-ਵੱਖ ਸਮੇਂ ਅਖ਼ਬਾਰਾਂ/ਰਸਾਲਿਆਂ/ਕਿਤਾਬਾਂ 'ਚ ਲਿਖੇ ਲੇਖ ਵਾਚ ਸਕਦੇ ਹੋ। ਹਾਂ; ਉਸ ਗੌਰਵਮਈ ਪਿੰਡ ਦਾ ਨਾਂਅ ਹੈ; 'ਹਿਆਤਪੁਰ ਰੁੜਕੀ', ਜਿਸ ਦੇ ਕਈ ਸਪੂਤ ਸੁਤੰਤਰਤਾ ਸੰਗਰਾਮ ਦੇ ਸੂਹੇ ਪੰਨੇ ਬੱਬਰ ਅਕਾਲੀ'ਜ਼ ਵਿਚ ਦਰਜ ਹਨ-ਬੱਬਰ ਧਰਮ ਸਿੰਘ 27 ਫਰਵਰੀ, 1926 ਨੂੰ ਆਹਲਾ ਵਤਨ ਲਈ ਫਾਂਸੀ ਚੜ੍ਹ ਗਿਆ ਅਤੇ ਇਸ ਤੋਂ ਕਿਤੇ ਪਹਿਲਾਂ ਬੱਬਰ ਸੁੰਦਰ ਸਿੰਘ ਵੀ 1923 ਦੀ ਦਸੰਬਰ 13 ਨੂੰ ਘੋਰ ਤਸੀਹਿਆਂ ਤਹਿਤ ਜੁਡੀਸ਼ੀਅਲ ਲਾਕ-ਅੱਪ 'ਚ ਫੌਤ ਹੋ ਗਿਆ ਸੀ। ਇਹੀ ਨਹੀਂ, ਇਸ ਖੇੜੇ ਦਾ ਇੱਕ ਹੋਰ ਫਰਜ਼ੰਦ ਬੱਬਰ ਸੁਰਜਨ ਸਿੰਘ ਨੇ ਜੇਲ੍ਹ-ਤਨਹਾਈ, ਬਾ-ਮੁਸ਼ੱਕਤ ਕੈਦ ਦੌਰਾਨ 1925 ਨੂੰ ਸ਼ਹੀਦੀ ਪਾਈ ਸੀ। ਹੋਰ ਦੇਸ਼ਭਗਤਾਂ ਅਤੇ ਤਾਅ-ਪਿੰਡ ਨੇ ਜਿਹੜਾ ਸੰਤਾਪ ਹੰਢਾਇਆ, ਉਸ ਦੀ ਤਸਵੀਰ ਵੀ ਬੜੀ ਡਰਾਉਣੀ ਹੈ, ਪਰ ਨਾ ਤਾਂ ਹਿਆਤਪੁਰ ਡੋਲਿਆ ਅਤੇ ਨਾ ਹੀ ਦੇਸ਼ ਭਗਤਾਂ ਦੇ ਟੱਬਰ।

ਹੁਸ਼ਿਆਰਪੁਰ-ਚੰਡੀਗੜ੍ਹ ਸ਼ਾਹਰਾਹ 'ਤੇ ਗੜ੍ਹਸ਼ੰਕਰ-ਬਲਾਚੌਰ ਵਿਚਕਾਰੋਂ ਅੱਡਾ ਬਕਾਪੁਰ-ਧਮਾਈ ਤੋਂ ਸਾਹਬੇ-ਸੜੋਏ ਨੂੰ ਜਾਂਦੀ ਸੜਕ ਉੱਤੇ ਦੋ ਮੀਲ ਦੀ ਵਿੱਥ 'ਤੇ ਸ਼ਿਵਾਲਕੀ ਖਿੱਤੇ 'ਚ ਵਸਿਆ ਹੋਇਆ ਪਿੰਡ 'ਹਿਆਤਪੁਰ ਰੁੜਕੀ' ਦਰਅਸਲ ਇੱਕੋ ਹੱਦਬਸਤ ਨੰ. 166 ਵਾਲੇ ਦੋ ਅੱਡ-ਅੱਡ ਪਿੰਡ ਹਨ, ਜਿਨ੍ਹਾਂ ਨੂੰ ਵਿਚਾਲਿਓਂ ਲੰਘਦੀ ਇੱਕ ਪਹੀ ਵੰਡਦੀ ਹੈ। ਇਹ ਪਿੰਡ ਕੰਦੋਲਾ ਜੱਟਾਂ ਦਾ ਵਸਾਇਆ ਹੋਇਆ ਹੈ, ਜਿਹੜੇ ਲੋੜਾਂ ਖਾਤਰ, ਸਿੱਖ ਮਿਸਲਾਂ ਵੇਲੇ ਆਪਣੇ ਪੁਰਖਿਆਂ 'ਕਰਤਾ ਅਤੇ ਭਰਤਾ' ਦੀ ਅਗਵਾਈ ਹੇਠ ਨਵਾਂਸ਼ਹਿਰ ਖਿੱਤੇ ਦੇ ਇੱਕ ਪਿੰਡ ਕੰਦੋਲਾ ਤੋਂ ਉੱਠ ਕੇ ਆਏ ਸਨ। ਪਹਿਲਾਂ; ਇਹ ਚੜ੍ਹਦੇ ਨੂੰ ਇੱਕ ਮੀਲ ਹਟਵੇਂ ਨੰਦੇਆਣਾ ਥੇਹ ਵਾਲੀ ਥਾਂ, ਇੱਕ ਸਦਾਬਹਾਰ ਖੱਡ ਕੰਢੇ ਟਿਕੇ, ਜਿਹੜੀ ਇੱਕ ਤਿਕੋਣੇ ਚੌਂਕ ਉੱਤੇ ਸਥਿਤ ਹੈ, ਜਿੱਥੋਂ ਇੱਕ ਸੜਕ ਛਦੌੜੀ ਨੂੰ ਅਤੇ ਦੂਜੀ ਸਾਹਬੇ-ਸੜੋਏ ਨੂੰ ਤੁਰਦੀ ਹੈ, ਪਰ ਹੜ੍ਹਾਂ-ਸਲ੍ਹਾਬੇ ਕਾਰਨ ਇਹਨਾਂ ਨੂੰ ਮਜਬੂਰਨ ਇੱਥੋਂ ਬਿਹਤਰ ਜਲ-ਨਿਕਾਸ ਵਾਲੀ ਨੇੜੇ ਪੈਂਦੀ ਸੁਰੱਖਿਅਤ ਥਾਂ, ਵੇਲੇ ਦੇ ਵੱਡ-ਅਕਾਰੀ ਟੋਭੇ ਲਾਗੇ ਬਸੇਰਾ ਕਰਨਾ ਪਿਆ।

ਇਸ ਤਲਾਅ, ਜਿਹੜਾ ਹਯਾਤ ਨਾਂਅ ਦੇ ਰੂਹਾਨੀ ਬਜ਼ੁਰਗ ਦੇ ਨਾਂਅ ਤੋਂ ਕਦੇ 'ਹਯਾਤ ਸਰ' ਦਾ ਮੁਕਾਮ ਪ੍ਰਾਪਤ ਕਰ ਗਿਆ ਸੀ, ਦੇ ਉੱਤਰੀ ਕੰਢੇ 'ਤੇ ਵਸੇ ਘਰਾਂ ਦਾ ਨਾਂਅ ਪਿਆ 'ਹਿਯਾਤਪੁਰੀਏ' ਅਤੇ ਦੱਖਣੀ ਬਾਹੀ ਉੱਤੇ ਢਹਿ-ਢੇਰੀ ਕਰ ਦਿੱਤੀ ਹੋਈ ਇੱਕ ਕੱਚੀ ਗੜ੍ਹੀ ਦੇ ਥੇਹ ਕਾਰਨ ਬਣੀ ਰੋੜੀ ਉੱਤੇ ਵਸੇਬਾ ਕਰਨ ਵਾਲੇ ਘਰਾਂ ਦੀ ਅੱਲ ਪੈ ਗਈ 'ਰੋੜੀਕੀਏ'। ਹੌਲੀ-ਹੌਲੀ ਇਹ ਦੋਵੇਂ ਆਬਾਦੀਆਂ ਨੇ ਚੜ੍ਹਦੇ ਅਤੇ ਲਹਿੰਦੇ ਦਾਅ ਵਧ ਕੇ ਆਪਸ ਵਿੱਚ ਪੀਡੀ ਗਲਵੱਕੜੀ ਪਾ ਲਈ ਅਤੇ ਇਸ ਸੰਯੁਕਤ ਰੈਣ-ਬਸੇਰੇ ਨੂੰ 'ਹਿਆਤਪੁਰ-ਰੁੜਕੀ' ਕਿਹਾ ਜਾਣ ਲੱਗਾ।

**ਸੰਪਰਕ-94634-39075**

# ਅੰਨਦਾਤਾ

ਕਿਸਾਨ ਅੰਦੋਲਨ ਤੋਂ ਪਹਿਲਾਂ ਉਹਨੂੰ ਦੁਨੀਆਦਾਰੀ ਦੀ ਕੋਈ ਸ਼ੁੱਧ ਨਹੀਂ ਸੀ। ਪਿਤਾ ਦੇ ਗੁਜ਼ਰ ਜਾਣ ਤੋਂ ਬਾਅਦ ਉਹਨੂੰ ਨੰਬਰਦਾਰੀ ਵਿਰਾਸਤ ਵਿੱਚੋਂ ਮਿਲ ਗਈ ਸੀ, ਪਰ ਸ਼ਹਿਰ ਜਾ ਕੇ ਲੋਕਾਂ ਦੀਆਂ ਗਵਾਹੀਆਂ ਦੇਣ ਦਾ ਉਸ ਨੂੰ ਅਜੇ ਵੀ ਭੁਸ ਨਹੀਂ ਸੀ ਪਿਆ। ਕੋਈ ਘਰ ਆ ਜਾਂਦਾ ਤਾਂ ਉਹ ਪੇਪਰ ਤਸਦੀਕ ਕਰਨ ਦੀ ਮੋਹਰ ਹੱਸ ਕੇ ਲਾ ਦਿੰਦਾ ਸੀ। ਕਾਮਾ ਤਕੜਾ ਹੈ ਉਹ। ਹਾੜ੍ਹੀ ਚੁੱਕਣ ਜਾਂ ਸੌਣੀ ਲਾਉਣ ਸਮੇਂ ਉਹ ਕਦੇ ਮੰਜੇ 'ਤੇ ਲੱਤਾਂ ਰੱਖ ਕੇ ਨਹੀਂ ਸੀ ਸੁੱਤਾ, ਮਤੇ ਉਹਦੀ ਵੱਡੇ ਤੜਕੇ ਅੱਖ ਨਾ ਲੱਗੀ ਹੀ ਰਹਿ ਜਾਵੇ। ਖੇਤਾਂ ਤੋਂ ਘਰ ਅਤੇ ਘਰ ਤੋਂ ਖੇਤ ਉਸ ਦਾ ਰਸਤਾ ਬਣੇ ਰਹੇ। ਵੱਧ ਤੋਂ ਵੱਧ ਉਹ ਗੁਰਦੁਆਰੇ ਮੱਥਾ ਟੇਕ ਆਉਂਦਾ।

ਪਿਛਲੀ ਵਾਰ ਕਿਸਾਨ ਅੰਦੋਲਨ ਸ਼ੁਰੂ ਹੋਇਆ ਤਾਂ ਉਹ ਪਹਿਲੀ ਵਾਰ ਘਰੋਂ ਨਿਕਲਿਆ ਸੀ। ਗੁਰਦੁਆਰੇ ਤੋਂ ਸਪੀਕਰ ਰਾਹੀਂ ਅਨਾਊਂਸਮੈਂਟ ਹੋਈ ਤਾਂ ਉਹਨੇ ਵੀ ਸਿੰਘੂ ਬਾਰਡਰ 'ਤੇ ਜਾਣ ਦਾ ਮਨ ਬਣਾ ਲਿਆ। ਪਿੰਡ ਦੇ ਸਰਪੰਚ ਸਲਿੰਦਰ ਸਿੰਘ ਦੀ ਟਰਾਲੀ ਵਿੱਚ ਇੱਕ ਦਿਨ ਲਈ ਅੰਦੋਲਨ ਦੇਖਣ ਗਿਆ, ਪਰ ਉੱਥੇ ਉਸ ਦਾ ਦਿਲ ਲੱਗ ਗਿਆ ਕਿ ਹਫਤਾ ਭਰ ਪਿੰਡ ਆਉਣ ਦਾ ਨਾਂਅ ਨਾ ਲਿਆ। ਅਗਲੀ ਵਾਰ ਉਹ ਦਿੱਲੀ ਦੀਆਂ ਬਰੂਹਾਂ 'ਤੇ ਬੈਠੇ ਕਿਸਾਨਾਂ ਲਈ ਸਵਾ ਮਣ ਪਿੰਨੀਆਂ ਬਣਾ ਕੇ ਲੈ ਗਿਆ। ਇਸ ਵਾਰ ਉਹਦੀ ਮਾਂ ਗੁਰਜੀਤ ਕੌਰ ਵੀ ਨਾਲ ਗਈ। ਸੂਈ ਧਾਗਾ ਝੋਲੇ ਵਿੱਚ ਪਾ ਕੇ। ਇਸ ਵਾਰ ਮਾਂ-ਪੁੱਤ ਹਫਤਾ ਭਰ ਸਿੰਘੂ ਬਾਰਡਰ 'ਤੇ ਰਹੇ। ਮਾਂ ਕਿਸਾਨਾਂ ਦੇ ਫਟੇ ਕੱਪੜਿਆਂ ਨੂੰ ਤੋਪੇ ਭਰਦੀ ਰਹੀ। ਉਸ ਨੇ ਆਪ ਲੰਗਰ ਦੀ ਸੇਵਾ ਲੈ ਲਈ ਸੀ।

ਕਿਸਾਨਾਂ ਦੇ ਆਹ 13 ਫਰਵਰੀ ਦੇ ਦਿੱਲੀ ਕੂਚ ਵੇਲੇ ਉਹਨੇ ਆਪਣਾ ਟਰੈਕਟਰ ਪਹਿਲੇ ਪੂਰ ਨਾਲ ਹੀ ਤੋਰ ਲਿਆ। ਪਿੰਡ ਦੇ ਕਈ ਹੋਰ ਮੁੰਡੇ ਵੀ ਜਾਣ ਲਈ ਤਿਆਰ ਹੋ ਗਏ। ਅਸਲ ਵਿੱਚ ਫਰਵਰੀ ਦੌਰਾਨ ਕਿਸਾਨ ਵਿਹਲਾ ਹੁੰਦਾ ਹੈ। ਕਣਕ ਨੂੰ ਨਾ ਪਾਣੀ ਲਾਉਣ ਦੀ ਚਿੰਤਾ ਨਾ ਦਵਾਈ, ਖਾਦ ਦੇ ਛਿੜਕਾਅ ਦਾ ਫਿਕਰ।

ਹਰਿਆਣਾ ਸਰਕਾਰ ਨੇ ਸ਼ੰਭੂ ਬਾਰਡਰ 'ਤੇ ਕਿਸਾਨਾਂ ਦਾ ਕਾਫਲਾ ਰੋਕ ਲਿਆ ਤਾਂ ਉਹ ਦੂਜੇ ਸਾਥੀਆਂ ਨਾਲ ਨੰਗੇ ਪੈਰੀਂ ਮੂਹਰੇ ਹੋ ਦੌੜ ਪਿਆ। ਮੂਹਰਿਓਂ ਜਲ ਤੋਪਾਂ ਅਤੇ ਅੱਥਰੂ ਗੈਸ ਨੇ ਅੱਖਾਂ ਅੱਧ-ਪਚੱਧੀਆਂ ਅੰਨ੍ਹੀਆਂ ਕਰ ਦਿੱਤੀਆਂ। ਉਹ ਡਟਿਆ ਰਿਹਾ। ਉਹਨੇ ਈਨ ਨਾ ਮੰਨੀ।

ਇੱਕ ਵਾਰ ਉਹਦੇ ਪੈਰ ਉਦੋਂ ਥਿੜਕੇ, ਜਦੋਂ ਐੱਸ ਐੱਲ ਆਰ ਗੋਲੀ ਦੇ ਪੰਜ-ਸੱਤ ਛਰੇ ਉਹਦੇ ਸਰੀਰ ਵਿੱਚ ਆ ਖੁੱਭੇ। ਫਿਰ ਇੱਕ ਹੋਰ ਛਰਾ ਉਹਦੇ ਮੱਥੇ ਵਿੱਚ ਆ ਵੱਜਿਆ।

ਅਸੀਂ ਕਿਸਾਨ ਅੰਦੋਲਨ ਵਿੱਚ ਮੀਡੀਆ ਕਵਰੇਜ ਲਈ ਗਏ ਹੋਏ ਹਾਂ। ਸਾਡੇ ਕਈ ਸਾਥੀ ਵੀ ਹਰਿਆਣਾ ਪੁਲਸ ਦੀ ਗੋਲੀ ਨਾਲ ਫੱਟੜ ਹੋਏ ਹਨ। ਆਪਣੇ ਸਾਥੀਆਂ ਨੂੰ ਅਸੀਂ ਮੈਡੀਕਲ ਲਈ ਜਲੰਧਰ ਤੋਂ ਗਈ ਇੱਕ ਨਰਸ ਕੁੜੀ ਕੋਲ ਲਿਜਾਣ ਲੱਗੇ ਤਾਂ ਅਸੀਂ ਉਸ ਨੂੰ ਵੀ ਨਾਲ ਖੜਨਾ ਚਾਹਿਆ।

ਉਹ ਬੜੇ ਸਹਿਜ ਭਾਅ ਬੋਲ ਪਿਆ—ਮੈਨੂੰ ਇੱਥੇ ਹੀ ਰਹਿਣ ਦਿਓ। ਸ਼ਾਮ ਤੱਕ ਜਿੰਨੇ ਛਰੇ ਵੱਜਣੇ ਆ ਵੱਜ ਲੈਣ ਦਿਓ, ਰਾਤ ਨੂੰ ਹਸਪਤਾਲ ਜਾ ਕੇ ਇਕੱਠੇ ਕਢਵਾ ਲਵਾਂਗੇ। ਅਸੀਂ ਨਿਰ-ਉੱਤਰ ਸਾਂ। ਮੇਰੇ ਮੂੰਹੋਂ ਬਸ ਏਨਾ ਹੀ ਨਿਕਲਿਆ—ਇਹਨੂੰ ਕਹਿੰਦੇ ਆ ਅੰਨਦਾਤਾ, ਕਿਸਾਨ ਭਗਤ।

ਅਸੀਂ ਹਰਿਆਣਾ ਦੀ ਤਰਫੋਂ ਵਰਦੀਆਂ ਜਲ ਤੋਪਾਂ ਦੀ ਕਵਰੇਜ ਕਰਨ ਲਈ ਉਸ ਥਾਂ ਕੈਮਰੇ ਮੁੜ ਆ ਬੀੜੇ ਤਾਂ ਉਹ ਗਿੱਲੀਆਂ ਬੋਰੀਆਂ ਲੈ ਕੇ ਗੋਲੇ ਡਿਫ੍ਯੂਜ ਕਰ ਰਿਹਾ ਸੀ।

**- ਕਮਲਜੀਤ ਸਿੰਘ ਬਨਵੈਤ**
**ਸੰਪਰਕ 98147-34035**

# ਔਰਤ ਦਿਵਸ

ਜਦੋਂ ਵੀ
ਔਰਤ ਦਿਵਸ ਮੁਬਾਰਕ
ਕਹਿਣ ਦੀ ਸੋਚਾਂ
ਯਾਦ ਆ ਜਾਂਦੀਆਂ
ਕੁਝ ਘਟਨਾਵਾਂ

ਜਾਂਦਾ ਨਹੀਂ ਜ਼ਿਹਨ ਚੋਂ
ਮਣੀਪੁਰ ਵਿੱਚ ਖੇਡਿਆ ਗਿਆ
ਵਹਿਸ਼ੀਅਤ ਦਾ ਨੰਗਾ ਨਾਚ

ਅਣਭੋਲ ਮੁਟਿਆਰ
ਨਗਨ ਕਰਕੇ
ਘੁਮਾਈ ਗਈ
ਅੰਗ ਨੋਚੇ ਗਏ
ਸਮੂਹਿਕ ਬਲਾਤਕਾਰ ਹੋਏ
ਪਰ ਹਾਕਮ ਦੀ ਅੱਖ ਨਾ ਰੋਏ
ਫਿਰ ਕਿੰਝ ਔਰਤ ਦਿਵਸ
ਮੁਬਾਰਕ ਹੋਏ

ਹਰ ਸ਼ਾਮ ਜਦੋਂ ਵੇਖਦੀ
ਬਸ ਸਟੈਂਡ ਤੇ ਖੜੀ
ਕੁੜੀ ਕੋਈ
ਅੱਖਾਂ ਮੂਹਰੇ ਆ ਜਾਂਦੀ
ਨਿਰਭਿਆ
ਯੋਨੀ ਵਿੱਚੋਂ ਲਟਕਦੀਆਂ
ਅੰਤੜੀਆਂ
ਕਿਵੇਂ ਭੁੱਲੇ ਕੋਈ
ਭਿਆਨਕ ਮੰਜ਼ਰ
ਭਿੱਜਣ ਹਰ ਅੱਖ ਦੇ ਕੋਏ
ਫਿਰ ਕਿੰਝ
ਔਰਤ ਦਿਵਸ ਮੁਬਾਰਕ ਹੋਏ

ਦੇਵੀਆਂ ਦੇ ਦੇਸ਼
ਸਾਈਕਲ ਯਾਤਰਾ ਤੇ
ਆਈ ਮਹਿਲਾ
ਦਾ ਸਵਾਗਤ
ਸਮੂਹਿਕ ਬਲਾਤਕਾਰ
ਨਾਲ ਹੋਏ
ਫਿਰ ਕਿਵੇਂ
ਔਰਤ ਦਿਵਸ ਮੁਬਾਰਕ ਹੋਏ

ਜਿਥੇ ਧਰਤੀ ਵੀ ਮਾਂ ਹੋਵੇ
ਪੂਜੀਆਂ ਜਾਣ ਦੇਵੀਆਂ
ਜਾਣ ਕੰਜਕਾਂ ਦੇ ਪੈਰ ਧੋਏ
ਹੋਣ
ਅਸਿਫਾ ਵਰਗੀਆਂ ਬਾਲੜੀਆਂ
ਦੇ ਬਲਾਤਕਾਰ
ਸ਼ਿਕਾਰ ਕਰਦੀ ਹੋਵੇ ਹਵਸ
ਸੁਰੱਖਿਅਤ ਨਾ ਧੀ ਭੈਣ ਹੋਏ
ਕਿੰਝ ਫਿਰ ਔਰਤ ਦਿਵਸ
ਮੁਬਾਰਕ ਹੋਏ।

**- ਹਰਪ੍ਰੀਤ ਕੌਰ ਸੰਧੂ**

## ਵੱਡੇ ਕਵੀ ਨਾਲ ਮੁਲਾਕਾਤ

ਇੱਕ ਵੱਡੇ ਕਵੀ ਨਾਲ ਮੁਲਾਕਾਤ ਹੋਈ
ਉਹ
ਸਫਲਤਾ ਦੀਆਂ ਕਈ ਪੌੜੀਆਂ ਚੜ੍ਹ ਚੁੱਕੇ ਸਨ
ਅਸੀਂ ਦੋਵੇਂ ਇਕੱਠੇ ਉੱਤਰੇ
ਰਸਮੀ ਤੌਰ 'ਤੇ ਉਹਨਾਂ
ਮੇਰਾ ਹਾਲ-ਚਾਲ ਪੁੱਛਿਆ
ਤੇ ਕਿਹਾ
ਚਲਦਾ ਹਾਂ
ਹਾਲਾਂਕਿ ਅਸੀਂ
ਕੁਝ ਕੁ ਦੂਰੀ ਤੱਕ ਇਕੱਠੇ ਚੱਲ ਸਕਦੇ ਸਾਂ
ਅਸੀਂ ਇੱਕ ਹੀ ਟਰੇਨ ਦੇ
ਅੱਡ-ਅੱਡ ਡੱਬਿਆਂ 'ਚ ਸਵਾਰ ਹੋਏ
ਉਸ ਦਿਨ ਟਰੇਨ
ਇੱਕ ਨਹੀਂ ਦੋ ਰਸਤਿਆਂ ਤੋਂ ਲੰਘੀ......

**— ਅਚੁੱਤਿਆ ਨੰਦ ਮਿਸਰ**
**ਅਨੁ. : ਲਖਵੀਰ ਸਿੰਘ**

# ਮੁਹੱਬਤੀ ਰੂਹਾਂ

'ਪਿਛਾਂਹ ਨੂੰ ਪਰਤ ਕੇ ਜਦ ਵੇਖਦਾ ਹਾਂ,
ਬੜਾ ਕੁਝ ਤੁਰਦਾ ਨਾਲੋ-ਨਾਲ ਮੇਰੇ।'

ਕਦੇ-ਕਦੇ ਜਦੋਂ ਉਪਰੋਕਤ ਸ਼ੇਅਰ ਮੇਰੇ ਜ਼ਿਹਨ ਵਿੱਚ ਘੁੰਮਦਾ ਹੈ ਤਾਂ ਸੱਚਮੁੱਚ ਓਦੋਂ ਬੜਾ ਕੁਝ ਨਾਲੋ-ਨਾਲ ਹੋ ਤੁਰਦਾ ਹੈ। ਅਤੀਤ ਦੇ ਕਈ ਪਲ ਚੇਤਿਆਂ ਵਿੱਚ ਆ ਜਾਂਦੇ ਨੇ। ਉਹਨਾਂ ਵਿੱਚੋਂ ਕਈ ਖ਼ੂਬਸੂਰਤ ਪਲਾਂ ਦਾ ਆਪਣਾ ਹੀ ਰੰਗ ਹੁੰਦਾ ਹੈ ਤੇ ਅੱਜ ਮੇਰੇ ਕਾਲਜ ਦਾ ਮਿੱਤਰ ਆਤਮਾ ਸਿੰਘ ਬਰਾੜ ਮੇਰੇ ਚੇਤਿਆਂ ਵਿੱਚ ਆਣ ਬੈਠਾ ਹੈ। ਸਾਊ, ਸ਼ਰਮਾਊ ਤੇ ਮੁਹੱਬਤੀ ਇਨਸਾਨ ਸਾਡੇ ਸਭਨਾਂ ਦਾ ਬੜਾ ਹੀ ਪਿਆਰਾ ਮਿੱਤਰ। ਸੰਗਾਊ ਏਨਾ ਕਿ ਕੁੜੀਆਂ ਨਾਲ ਜੇ ਗੱਲ ਕਰਨੀ ਪੈ ਜਾਂਦੀ ਤਾਂ ਉਸ ਦੇ ਭਾਅ ਦੀ ਬਣ ਜਾਂਦੀ, ਬਸ ਉਹ ਓਥੋਂ ਖਿਸਕਣ ਦੀ ਕਰਦਾ। ਅਸੀਂ ਬਾਅਦ ਵਿੱਚ ਉਸ ਨੂੰ ਮਜ਼ਾਕ ਕਰਦੇ ਤਾਂ ਉਹ ਹਰ ਗੱਲ ਹੱਸ ਕੇ ਟਾਲ ਜਾਂਦਾ, ਪਰ ਜਦੋਂ ਉਹ ਕਬੱਡੀ ਦੇ ਮੈਦਾਨ ਵਿੱਚ ਆਉਂਦਾ, ਰੇਡ ਪਾਉਂਦਾ ਤਾਂ ਵਿਰੋਧੀਆਂ ਵਿੱਚ ਹਲਚਲ ਪੈਦਾ ਹੋ ਜਾਂਦੀ ਤੇ ਉਹ ਵਿਰੋਧੀਆਂ ਦੀਆਂ ਛਾਲਾਂ ਚੁਕਾ ਦਿੰਦਾ, ਹਰ ਪਾਸੇ ਆਤਮਾ-ਆਤਮਾ ਹੁੰਦੀ।

ਅੱਜ ਕਾਲਜ ਸਮੇਂ ਦੀ ਇਕ ਬਹੁਤ ਹੀ ਖ਼ੂਬਸੂਰਤ ਘਟਨਾ ਚੇਤਿਆਂ ਵਿੱਚ ਆਈ ਹੈ, ਜਿਸ ਦਾ ਸਿੱਧਾ ਸੰਬੰਧ ਆਤਮਾ ਸਿੰਘ ਨਾਲ ਹੈ। ਇੱਕ ਵਾਰ ਸਾਡੇ ਸਰਕਾਰੀ ਕਾਲਜ ਮੁਕਤਸਰ ਵਿਚ ਗੂੰਗੇ ਤੇ ਬਹਿਰੇ ਸਕੂਲੀ ਬੱਚਿਆਂ ਦਾ ਇਕ ਟਰੁੱਪ ਘੁੰਮਣ ਲਈ ਆਇਆ। ਮੁੱਖ ਮਕਸਦ ਇਹ ਸੀ ਕਿ ਉਹਨਾਂ ਬੱਚਿਆਂ ਨੂੰ ਦਿਖਾਉਣਾ ਕਿ ਕਾਲਜ ਕਿਸ ਤਰ੍ਹਾਂ ਦੇ ਹੁੰਦੇ ਨੇ, ਉੱਥੋਂ ਦਾ ਮਾਹੌਲ ਕੀ ਹੁੰਦਾ ਹੈ ਤੇ ਕਲਾਸਾਂ ਵਿੱਚ ਵਿਦਿਆਰਥੀ ਕਿਵੇਂ ਪੜ੍ਹਦੇ ਨੇ। ਉਹ ਮਾਸੂਮ ਬਾਲ ਆਪਣੇ ਇੰਚਾਰਜ ਮੈਡਮ ਨਾਲ ਹਰ ਕਲਾਸ ਵਿੱਚ ਜਾ ਰਹੇ ਸਨ। ਜਦੋਂ ਉਹ ਨਿੱਕੇ-ਨਿੱਕੇ ਬੱਚੇ ਆਪਣੀ ਮੈਡਮ ਸਮੇਤ ਸਾਡੀ ਕਲਾਸ ਵਿੱਚ ਆਏ ਤਾਂ ਅਸੀਂ ਸਭਨਾਂ ਨੇ ਖੜ੍ਹੇ ਹੋ ਕੇ ਤਾੜੀਆਂ ਮਾਰ ਕੇ ਉਨ੍ਹਾਂ ਦਾ ਸਵਾਗਤ ਕੀਤਾ। ਬੱਚੇ ਬੜੇ ਹੀ ਪਿਆਰ ਨਾਲ ਸਾਡੇ ਵੱਲ ਦੇਖ ਰਹੇ ਸਨ। ਉਹਨਾਂ ਗੂੰਗੇ-ਬਹਿਰੇ ਬਾਲਾਂ ਨੂੰ ਦੇਖ ਕੇ ਸਾਡੇ ਮਨ ਪਸੀਜੇ ਗਏ। ਉਹਨਾਂ ਦੇ ਮੈਡਮ ਸਾਨੂੰ ਸਾਰਿਆਂ ਨੂੰ ਮੁਖ਼ਾਤਿਬ ਹੋ ਕੇ ਕਹਿਣ ਲੱਗੇ, 'ਪਿਆਰੇ ਵਿਦਿਆਰਥੀਓ, ਇਹ ਨਿੱਕੇ-ਨਿੱਕੇ ਬਾਲ ਗੂੰਗੇ ਤੇ ਬਹਿਰੇ ਨੇ ਤੇ ਇਸ ਤੋਂ ਵੀ ਦੁੱਖ ਦੀ ਗੱਲ ਇਹ ਹੈ ਕਿ ਇਹ ਵਿਚਾਰੇ ਸਾਰੇ ਹੀ ਅਨਾਥ ਨੇ, ਫਿਰ ਵੀ ਇਹਨਾਂ ਦਾ ਸਿਦਕ ਤੇ ਸਿਰੜ ਦੇਖੋ ਇਹ ਪੜ੍ਹ ਰਹੇ ਨੇ ਤੇ ਨਿੱਕਾ-ਮੋਟਾ ਕੰਮ ਵੀ ਕਰ ਰਹੇ ਨੇ। ਤੁਸੀਂ ਆਪਣੀ ਇੱਛਾ ਮੁਤਾਬਕ ਇਹਨਾਂ ਦੀ ਜੋ ਵੀ ਮਦਦ ਕਰੋਗੇ ਤਾਂ ਇਹਨਾਂ ਅਨਾਥ ਬਾਲਾਂ ਨੂੰ ਬਹੁਤ ਖੁਸ਼ੀ ਹੋਵੇਗੀ।'

ਏਨਾ ਕਹਿ ਕੇ ਮੈਡਮ ਬੜੀ ਹੀ ਆਸ ਨਾਲ ਸਾਡੇ ਵੱਲ ਦੇਖਣ ਲੱਗੇ ਤੇ ਅਸੀਂ ਸਾਰੇ ਵਿਦਿਆਰਥੀ ਇਕ-ਦੂਜੇ ਵੱਲ ਤੱਕਣ ਲੱਗੇ, ਕਿਉਂਕਿ ਇੱਕ-ਦੂਜੇ ਦੇ ਹੱਥਾਂ 'ਚੋਂ ਖੋਹ-ਖੋਹ ਕੇ ਸਮੋਸੇ ਖਾਣ ਵਾਲੇ ਤੇ ਚਾਹ ਪੀਣ ਵਾਲੇ ਸੂਰਮਿਆਂ 'ਤੇ ਸੱਚਮੁੱਚ ਹੀ ਇਹ ਇੱਕ ਔਖੀ ਘੜੀ ਸੀ। ਘਰੋਂ ਦੋ-ਦੋ ਰੁਪਏ ਖਿਸਕਾ ਕੇ ਚੋਰੀ ਫਿਲਮ ਵੇਖਣ ਵਾਲੇ ਯੋਧਿਆਂ 'ਤੇ ਸੱਚਮੁੱਚ ਹੀ ਇਹ ਸੰਕਟ ਦਾ ਸਮਾਂ ਸੀ। ਸੂਰਮਿਆਂ ਲਈ ਮਾਹੌਲ ਥੋੜ੍ਹਾ ਜਿਹਾ ਵਿਗੜਿਆ ਹੋਇਆ ਸੀ, ਪਰ ਅਚਾਨਕ ਸਾਡਾ ਮਿੱਤਰ ਆਤਮਾ ਸਿੰਘ ਆਪਣੀ ਸੀਟ ਤੋਂ ਉੱਠਿਆ ਤੇ ਆਪਣੀ ਜੇਬ 'ਚੋਂ ਸੌ-ਸੌ ਦੇ ਪੰਜ ਨੋਟ ਕੱਢ ਕੇ ਉਸ ਨੇ ਬੜੇ ਹੀ ਅਦਬ ਨਾਲ ਮੈਡਮ ਹੁਰਾਂ ਦੇ ਹਵਾਲੇ ਕਰ ਦਿੱਤੇ। ਇਹ ਸੀਨ ਦੇਖ ਕੇ ਮੈਡਮ ਹੁਰਾਂ ਦੇ ਨਾਲ-ਨਾਲ ਅਸੀਂ ਵੀ ਸਾਰੇ ਡੌਰ-ਭੌਰ ਹੋ ਗਏ, ਪਰ ਮਾਸੂਮ ਬੱਚਿਆਂ ਦੀਆਂ ਤਾੜੀਆਂ ਨਾਲ ਕਮਰਾ ਗੂੰਜ ਉੱਠਿਆ। ਉਸ ਤੋਂ ਬਾਅਦ ਸੰਗ-ਸੰਗ ਵਿੱਚ ਕਿਸੇ ਨੇ ਪੰਜ, ਕਿਸੇ ਨੇ ਦਸ ਤੇ ਕਿਸੇ ਨੇ ਵੀਹ ਰੁਪਏ ਦੇ ਕੇ ਭਰੇ ਜਿਹੇ ਮਨ ਨਾਲ ਆਪੋ-ਆਪਣਾ ਯੋਗਦਾਨ ਪਾਇਆ। ਪੀਰੀਅਡ ਖ਼ਤਮ ਹੋਣ ਤੋਂ ਬਾਅਦ ਰੋਜ਼ ਵਾਂਗ ਅਸੀਂ ਸਾਰੇ ਕੰਟੀਨ ਵਿੱਚ ਆਣ ਬੈਠੇ। ਹੈਰਾਨ-ਪਰੇਸ਼ਾਨ ਹੋਏ ਸਾਰੇ ਹੀ ਆਤਮਾ ਸਿੰਘ ਵੱਲ ਦੇਖ ਰਹੇ ਸਨ ਕਿ ਜਿਵੇਂ ਉਸ ਨੇ ਕੋਈ ਜੱਗੋਂ ਤੇਰ੍ਹਵੀਂ ਕਰ ਦਿੱਤੀ ਹੋਵੇ। ਉਸ ਵੱਲੋਂ ਦਿੱਤੇ ਪੰਜ ਸੌ ਦਮੜੇ ਸਾਡੀਆਂ ਅੱਖਾਂ ਮੂਹਰੇ ਘੁੰਮ ਰਹੇ ਸਨ। ਸਾਡਾ ਮਿੱਤਰ ਭੁਪਿੰਦਰ ਆਤਮਾ ਸਿੰਘ ਵੱਲ ਇਸ਼ਾਰਾ ਕਰਕੇ ਬੋਲਿਆ, 'ਅੱਜ ਚਾਹ ਕਿਵੇਂ ਪੀਵਾਂਗੇ, ਇਹਨੇ ਵੱਡੇ ਸੂਰਮੇ ਨੇ ਸਾਨੂੰ ਵੀ ਨੰਗ ਕਰ ਦਿੱਤਾ।' ਅਜੇ ਬੋਲ ਭੁਪਿੰਦਰ ਦੇ ਮੂੰਹ ਵਿੱਚ ਹੀ ਸਨ ਕਿ ਆਤਮਾ ਸਿੰਘ ਨੇ ਆਪਣੀ ਜੇਬ 'ਚੋਂ ਪੰਜਾਹ ਦਾ ਨੋਟ ਕੱਢਿਆ ਤੇ ਕੰਟੀਨ ਵਾਲੇ ਪੰਡਤ ਜੀ ਨੂੰ ਚਾਹ ਤੇ ਸਮੋਸਿਆਂ ਲਈ ਕਹਿ ਦਿੱਤਾ। ਹੁਣ ਸਾਡੇ ਕੋਲ ਨੀਵੀਆਂ ਪਾਉਣ ਤੋਂ ਬਿਨਾਂ ਕੋਈ ਹੋਰ ਚਾਰਾ ਨਹੀਂ ਸੀ। ਚਾਹ ਪੀਂਦੇ-ਪੀਂਦੇ ਇੱਕ ਹੋਰ ਮਿੱਤਰ ਅੰਗਰੇਜ਼ ਨੇ ਆਤਮੇ ਨੂੰ ਪੁੱਛਿਆ, 'ਆਤਮਾ ਸਿਆਂ ! ਏਨੇ ਪੈਸੇ ਤੇਰੇ ਕੋਲ ਆਏ ਤਾਂ ਆਏ ਕਿੱਥੋਂ ? '

'ਯਾਰ ! ਅੱਜ ਤੜਕੇ ਬਾਪੂ ਨੇ ਕਿਹਾ ਸੀ ਕਿ ਆੜ੍ਹਤੀਏ ਕੋਲੋਂ ਪੰਜ ਸੌ ਰੁਪਏ ਫੜ ਕੇ ਲਿਆਈਂ ਘਰੇ ਬਹੁਤ ਹੀ ਤੰਗੀ-ਫੰਗੀ ਹੈ, ਇਹ ਉਹੀ ਆੜ੍ਹਤੀਏ ਆਲੇ ਹੀ ਪੈਸੇ ਸਨ, ਯਾਰ ਮੈਥੋਂ ਅਨਾਥ ਬੱਚਿਆਂ ਦੇ ਚਿਹਰੇ ਦੇਖੇ ਨਹੀਂ ਗਏ, ਸੱਚੀਂ ਮੇਰੇ ਕੋਲ ਹੋਰ ਪੈਸੇ ਹੁੰਦੇ ਤਾਂ ਉਹ ਵੀ ਮੈਂ ਦੇ ਦਿੰਦਾ ।' ਏਨਾ ਆਖ ਕੇ ਆਤਮਾ ਸਿੰਘ ਚੁੱਪ ਕਰ ਗਿਆ, ਪਰ ਅਸੀਂ ਸਾਰਿਆਂ ਨੇ ਉਸ ਦੇ ਚਿਹਰੇ 'ਤੇ ਪਹਿਲੀ ਵਾਰ ਏਨੀ ਉਦਾਸੀ ਦੇਖੀ ਸੀ।

'ਮਿੱਤਰਾ ! ਹੁਣ ਬਾਪੂ ਨੂੰ ਕੀ ਜਵਾਬ ਦਏਂਗਾ, ਅੱਜ ਤਾਂ ਛਿੱਤਰ-ਪਰੇਡ ਪੱਕੀ ਸਮਝ, ਬਾਪੂ ਨੂੰ ਕਿਵੇਂ ਸਮਝਾਏਂਗਾ', ਭੁਪਿੰਦਰ ਨੇ ਹੌਲੇ ਜਿਹੇ ਉਸ ਨੂੰ ਪੁੱਛਿਆ।

'ਯਾਰ, ਬਾਪੂ ਏਡਾ ਮਾੜਾ ਤਾਂ ਨਈਂ', ਏਨੀ ਗੱਲ ਕਹਿ ਕੇ ਆਤਮਾ ਸਿੰਘ ਸਾਡੇ ਸਾਰਿਆਂ ਤੋਂ ਬਾਜ਼ੀ ਮਾਰ ਗਿਆ। ਜਿਵੇਂ ਕਬੱਡੀ ਖੇਡਦਾ ਉਹ ਮੈਦਾਨ ਵਿੱਚ ਵਿਰੋਧੀਆਂ ਨੂੰ ਚਿੱਤ ਕਰਦਾ ਸੀ, ਅੱਜ ਸਰੇਆਮ ਚਿੱਟੇ ਦਿਨ ਉਹ ਸਾਨੂੰ ਸਾਰਿਆਂ ਨੂੰ ਚਿੱਤ ਕਰ ਗਿਆ ਸੀ।

ਮੈਂ ਮਨ ਹੀ ਮਨ ਵਿੱਚ ਉਸ ਵੱਲੋਂ ਕੀਤੇ 'ਸੱਚੇ ਸੌਦੇ' ਨੂੰ ਸਲਾਮ ਕਰ ਰਿਹਾ ਸਾਂ। ਅੱਜ ਵੀ ਜਦੋਂ ਆਤਮਾ ਸਿੰਘ ਮੇਰੇ ਚੇਤਿਆਂ ਵਿੱਚ ਆਉਂਦਾ ਹੈ ਤਾਂ ਮੈਂ ਉਸ ਨੂੰ ਪੌਣਾਂ ਹੱਥੀਂ ਸਲਾਮ ਭੇਜ ਦਿੰਦਾ ਹਾਂ।

**— ਤ੍ਰੈਲੋਚਨ ਲੋਚੀ**

ਸਫ਼ਾ 1 ਦੀ ਬਾਕੀ

## ਬਲਾਤਕਾਰੀਆਂ/ਜਿਨਸੀ ਹਿੰਸਾ ਦੇ ਮੁਜਰਮਾਂ ਨੂੰ ਬਚਾ ਰਹੀ ਸਟੇਟ...

ਪ੍ਰਧਾਨ ਮੰਤਰੀ ਦੀ ਮੌਜੂਦਗੀ 'ਤੇ ਜ਼ੋਰ ਦਿੱਤਾ ਤਾਂ ਉਸ ਦਾ ਮਾਈਕ੍ਰੋਫ਼ੋਨ ਬੰਦ ਕਰ ਦਿੱਤਾ ਗਿਆ। ਭਾਜਪਾ ਦੇ ਰਾਜ ਸਭਾ ਦੇ ਨੇਤਾ ਪਿਊਸ਼ ਗੋਇਲ ਨੇ ਕਿਹਾ ਕਿ ਉਨ੍ਹਾਂ ਨੂੰ ਵਿਰੋਧੀ ਧਿਰ ਦੇ ਰਾਜ ਵਾਲੇ ਰਾਜਾਂ ਰਾਜਸਥਾਨ, ਛੱਤੀਸਗੜ੍ਹ, ਤੇਲੰਗਾਨਾ ਅਤੇ ਪੱਛਮੀ ਬੰਗਾਲ ਵਿਚ ਔਰਤਾਂ ਵਿਰੁੱਧ ਹਿੰਸਾ 'ਤੇ ਵੀ ਚਰਚਾ ਕਰਨੀ ਚਾਹੀਦੀ ਹੈ। "ਮੋਦੀ, ਮੋਦੀ" ਚੀਕਦਿਆਂ ਡੈਸਕ ਜ਼ੋਰ-ਜ਼ੋਰ ਨਾਲ ਥਪਥਪਾਏ ਜਾਣ ਲੱਗੇ ਅਤੇ ਇਸ ਤੋਂ ਬਾਅਦ ਵਿਰੋਧੀ ਧਿਰ ਨੇ "ਮਨੀਪੁਰ, ਮਨੀਪੁਰ" ਚੀਕਣਾ ਸ਼ੁਰੂ ਕਰ ਦਿੱਤਾ। ਇਸ ਮੁਕਾਬਲੇਬਾਜ਼ੀ ਵਾਲੇ ਸਿਆਸੀ ਅਦਾਨ-ਪ੍ਰਦਾਨ ਵਿਚ ਜਿੱਥੇ ਇਕ-ਦੂਜੇ ਵਿਰੁੱਧ ਜੁਰਮਾਂ ਨੂੰ ਤੇਜ਼ੀ ਨਾਲ ਰੱਦ ਕਰ ਦਿੱਤਾ ਜਾਂਦਾ ਹੈ, ਉੱਥੇ ਹਰ ਵਾਰ ਜੁਰਮਾਂ ਦੀ ਗੰਭੀਰਤਾ ਨੂੰ ਢਾਅ ਲਾਈ ਜਾਂਦੀ ਹੈ।

ਅਪ੍ਰੈਲ 2014 'ਚ ਸਮਾਜਵਾਦੀ ਪਾਰਟੀ ਦੇ ਸੁਪਰੀਮੋ ਮੁਲਾਇਮ ਸਿੰਘ ਯਾਦਵ ਨੇ ਜਿਨਸੀ ਸ਼ੋਸ਼ਣ ਦੇ ਮਾਮਲਿਆਂ 'ਚ ਫਾਂਸੀ ਦੀ ਸਜ਼ਾ ਦਾ ਇਕਦਮ ਵਿਰੋਧ ਕੀਤਾ ਸੀ। ਉਸ ਅਨੁਸਾਰ, 'ਮੁੰਡੇ ਤਾਂ ਮੁੰਡੇ ਹੀ ਰਹਿਣਗੇ' ਅਤੇ 'ਮੁੰਡੇ ਹਮੇਸ਼ਾ ਗ਼ਲਤੀਆਂ ਕਰਨਗੇ', ਪਰ ਉਨ੍ਹਾਂ ਨੂੰ ਫਾਂਸੀ ਦੇਣ ਦੀ ਕੋਈ ਲੋੜ ਨਹੀਂ ਹੈ। ਉਸ ਨੇ ਸਾਰਿਆਂ ਨੂੰ ਭਰੋਸਾ ਦਿੱਤਾ ਕਿ ਉਹ ਬਲਾਤਕਾਰ ਲਈ ਫਾਂਸੀ ਦੀ ਸਜ਼ਾ ਨੂੰ ਖ਼ਤਮ ਕਰਨ ਲਈ ਕਾਨੂੰਨ ਵਿਚ ਸੋਧ ਕਰਨਗੇ। ਗ਼ੌਰ ਕਰੋ, ਫਾਂਸੀ ਦੀ ਸਜ਼ਾ ਨੂੰ ਖ਼ਤਮ ਕਰਨ ਬਾਰੇ ਇਹ ਨਹੀਂ ਸੀ, ਸਿਰਫ਼ ਬਲਾਤਕਾਰ ਦੇ ਦੋਸ਼ੀਆਂ ਲਈ ਮੌਤ ਦੀ ਸਜ਼ਾ ਨੂੰ ਖ਼ਤਮ ਕਰਨ ਬਾਰੇ ਸੀ।

ਭਾਰਤ ਵਿਚ ਮੌਜੂਦਾ ਹਕੂਮਤ ਰਾਜ ਸੱਤਾ ਅਤੇ ਮਰਦ-ਪ੍ਰਧਾਨ ਸੱਤਾ ਦੇ ਇਕ ਪ੍ਰੇਸ਼ਾਨ ਕਰਨ ਵਾਲੇ ਇਤਿਹਾਸ 'ਤੇ ਆਧਾਰਤ ਹੈ। ਮਈ 2002 'ਚ, ਗੁਜਰਾਤ ਵਿਚ ਫਿਰਕੂ ਹਿੰਸਾ ਨੂੰ ਲੈ ਕੇ ਇਕ ਚਰਚਾ ਦੌਰਾਨ, ਕੇਂਦਰੀ ਮੰਤਰੀ ਜਾਰਜ ਫਰਨਾਂਡਿਜ਼ ਨੇ ਘਿਨਾਉਣੇ ਰੂਪ 'ਚ ਪੁੱਛਿਆ ਸੀ, "ਬਲਾਤਕਾਰ ਕੋਈ ਨਵੀਂ ਗੱਲ ਹੈ?" ਇਕ ਸਮੇਂ ਐਮਰਜੈਂਸੀ ਵਿਰੋਧੀ ਅੰਦੋਲਨ ਦੀ ਪ੍ਰਮੁੱਖ ਸ਼ਖ਼ਸੀਅਤ ਦੇ ਰਵੱਈਏ ਵਿਚ ਇਹ ਤਬਦੀਲੀ ਕੌਮੀ-ਜਮਹੂਰੀ ਗੱਠਜੋੜ (ਐੱਨ ਡੀ ਏ) ਸਰਕਾਰ ਵਿਚ ਆਪਣੇ ਅਹੁਦੇ ਨੂੰ ਸੁਰੱਖਿਅਤ ਕਰਨ ਲਈ ਇਕ ਗਿਣਿਆ-ਮਿੱਥਿਆ ਕਦਮ ਸੀ। ਉਸ ਦੇ ਸਵਾਲ ਨੇ ਗੁਜਰਾਤ ਵਿਚ ਮੁਸਲਿਮ ਭਾਈਚਾਰੇ ਦੇ ਖ਼ਿਲਾਫ਼ ਸਮੂਹਿਕ ਹਿੰਸਾ ਅਤੇ ਗਿਣ-ਮਿੱਥ ਕੇ ਅੰਜਾਮ ਦਿੱਤੀਆਂ ਜਿਨਸੀ ਸ਼ੋਸ਼ਣ ਦੀਆਂ ਘਟਨਾਵਾਂ ਵਿਚ ਮੋਦੀ ਦੀ ਕਥਿਤ ਸ਼ਮੂਲੀਅਤ ਤੋਂ ਧਿਆਨ ਹਟਾ ਦਿੱਤਾ। ਵਿਡੰਬਨਾ ਇਹ ਹੈ ਕਿ ਦਸੰਬਰ 2013 'ਚ ਇਕ ਰੈਲੀ ਵਿਚ ਮੋਦੀ ਨੇ ਨਵੀਂ ਦਿੱਲੀ ਵਿਚ ਵੋਟਰਾਂ ਨੂੰ ਵਿਧਾਨ-ਸਭਾ ਚੋਣਾਂ ਵਿਚ ਆਪਣੀ ਵੋਟ ਪਾਉਣ ਵੇਲੇ ਨਿਰਭੈ ਨੂੰ ਚੇਤੇ ਰੱਖਣ ਦੀ ਅਪੀਲ ਕੀਤੀ।

ਪਿਛਲੇ ਦਿਨੀਂ ਸੰਸਦ ਮੈਂਬਰ ਬ੍ਰਿਜ ਭੂਸ਼ਣ, ਜੋ ਜ਼ਮਾਨਤ ਲੈਣ ਦੀ ਕੋਸ਼ਿਸ਼ ਕਰ ਰਿਹਾ ਸੀ, ਨੇ ਮਨੀਪੁਰ ਦੀਆਂ ਔਰਤਾਂ ਦੇ ਵੀਡੀਓ ਨੂੰ ਅਧਿਕਾਰਤ ਤੌਰ 'ਤੇ "ਮੰਦਭਾਗਾ" ਦੱਸਿਆ। ਅਨੁਰਾਗ ਠਾਕੁਰ, ਜਿਸ ਨੇ ਫਰਵਰੀ 2020 'ਚ ਆਪਣੇ ਮੁਸਲਿਮ ਵਿਰੋਧੀ ਭੜਕਾਊ ਭਾਸ਼ਣ "ਗੋਲੀ ਮਾਰੋ ਸਾਲੋਂ ਕੋ" ਨਾਲ ਉੱਤਰ-ਪੂਰਬੀ ਦਿੱਲੀ ਵਿਚ ਹਿੰਸਾ ਭੜਕਾਈ ਸੀ, ਨੇ ਔਰਤ ਪਹਿਲਵਾਨਾਂ ਨੂੰ ਜਿਨਸੀ ਹਿੰਸਾ ਦੇ ਦੋਸ਼ਾਂ ਦੀ ਜਾਂਚ ਲਈ ਇਕ ਕਮੇਟੀ ਬਣਾਉਣ ਦਾ ਭਰੋਸਾ ਦਿੱਤਾ। ਅਜਿਹੇ ਦੋਹਰੇ ਮਾਪਦੰਡਾਂ ਦੀ ਚਾਲ ਮੌਜੂਦਾ ਹਕੂਮਤ ਵੱਲੋਂ ਆਪਣੇ ਕਥਿਤ ਜੁਰਮਾਂ ਨੂੰ ਢਕਣ ਲਈ ਬਹੁਤ ਸਾਵਧਾਨੀ ਨਾਲ ਖੇਡੀ ਜਾਂਦੀ ਹੈ।

ਅਖ਼ਬਾਰੀ ਮੀਡੀਆ ਔਰਤਾਂ ਵਿਰੁੱਧ ਜੁਰਮਾਂ ਦੀ ਰਿਪੋਰਟ ਕਰਨ ਵੇਲੇ ਆਪਣੀ ਸਮਾਜਿਕ ਜ਼ਿੰਮੇਵਾਰੀ ਨੂੰ ਅਕਸਰ ਹੀ ਨਜ਼ਰਅੰਦਾਜ਼ ਕਰਦਾ ਹੈ। ਸਮੂਹਿਕ ਜ਼ਮੀਰ ਦੇ ਇਕ ਸ਼ਕਤੀਸ਼ਾਲੀ ਐਂਪਲੀਫਾਇਰ ਦੇ ਰੂਪ 'ਚ, ਮੀਡੀਆ ਦੀ ਬੇਰੁਖੀ ਸਿੱਧੇ ਤੌਰ 'ਤੇ ਨਿਆਂ ਤੋਂ ਇਨਕਾਰ ਵੱਲ ਲੈ ਜਾਂਦੀ ਹੈ। ਮਰਦਾਨਗੀ ਦੀ ਵਡਿਆਈ ਪ੍ਰਮੁੱਖ ਹੋ ਜਾਂਦੀ ਹੈ, ਕਿਉਂਕਿ ਖ਼ਬਰਾਂ ਦੀ ਕਵਰੇਜ ਇਕ ਅਮਾਨਵੀ ਜਨਤਕ ਮੁਕੱਦਮੇ ਵਰਗੀ ਹੁੰਦੀ ਹੈ। ਅਜਿਹੀਆਂ ਮਿਸਾਲਾਂ ਜਿੱਥੇ ਭੀੜ ਦੋਸ਼ੀ ਵਿਅਕਤੀਆਂ ਦੀ ਹਮਾਇਤ ਕਰਦੀ ਹੈ, ਕਾਨੂੰਨੀ ਪ੍ਰਕਿਰਿਆ ਵਿਚ ਅੜਿੱਕਾ ਪਾਉਂਦੀ ਹੈ ਜਾਂ ਜ਼ਮਾਨਤ 'ਤੇ ਆਏ ਦੋਸ਼ੀਆਂ ਦੀ ਜੈ-ਜੈਕਾਰ ਕਰਦੀ ਹੈ, ਅਕਸਰ ਟੀਵੀ ਚੈਨਲਾਂ ਅਤੇ ਨਿਊਜ਼ ਮੀਡੀਆ ਦੀਆਂ ਸੁਰਖ਼ੀਆਂ ਬਣਦੀ ਹੈ। ਆਲੋਚਨਾਤਮਕ ਜਾਂਚ ਜਾਂ ਖੋਜੀ ਰਿਪੋਰਟਿੰਗ ਵਿਚ ਜੁਟਣ ਦੀ ਬਜਾਏ, ਮੁੱਖਧਾਰਾ ਮੀਡੀਆ ਭਾਰੂ ਬਿਰਤਾਂਤ ਨੂੰ ਦੁਹਰਾਉਣ ਅਤੇ ਉਤਸ਼ਾਹਤ ਕਰਨ ਦਾ ਝੁਕਾਅ ਰੱਖਦਾ ਹੈ।

ਨਿਊਜ਼ ਚੈਨਲ ਕਈ ਵਾਰ ਐੱਫ ਆਈ ਆਰ ਜਾਂ ਬਚੇ ਹੋਏ ਵਿਅਕਤੀ ਦੇ ਬਿਆਨ 'ਤੇ ਸ਼ੱਕ ਕਰਨ ਲਈ ਪਹਿਲੀ ਨਜ਼ਰੇ ਸਬੂਤ ਦੀ ਵਰਤੋਂ ਆਧਾਰ ਵਜੋਂ ਕਰਦੇ ਹਨ। ਕਿਸੇ ਔਰਤ ਦੇ ਜਾਤੀ ਪਿਛੋਕੜ 'ਤੇ ਸਵਾਲ ਉਠਾਉਣ ਦੀ ਪ੍ਰਵਿਰਤੀ ਵੀ ਹੈ ਅਤੇ ਔਰਤ ਦੇ ਚਰਿੱਤਰ ਦੀ ਪੁਣਛਾਣ ਕਰਨ ਦੀ ਸਦੀਆਂ ਪੁਰਾਣੀ ਪ੍ਰਥਾ ਖ਼ਬਰਾਂ ਦਾ ਵਿਸ਼ਾ ਬਣ ਜਾਂਦੀ ਹੈ। ਚਰਿੱਤਰ ਦਾ ਨਿਰਣਾ ਕਰਨ ਵਿਚ ਇਹ ਡੂੰਘੀਆਂ ਜੜ੍ਹਾਂ ਵਾਲਾ ਲਿੰਗਵਾਦ ਅੱਠ ਸਾਲਾਂ ਦੀ ਆਸਿਫ਼ਾ ਬਾਨੋ ਤੱਕ ਵੀ ਫੈਲਿਆ ਹੋਇਆ ਸੀ। ਅਜਿਹੀ ਰਿਪੋਰਟਿੰਗ ਉਨ੍ਹਾਂ ਤੱਥਾਂ ਅਤੇ ਹਾਲਾਤ ਨੂੰ ਉਜਾਗਰ ਕਰਨ ਦੀ ਸਮਾਜਿਕ ਜ਼ਿੰਮੇਵਾਰੀ ਤੋਂ ਮੀਡੀਆ ਨੂੰ ਮੁਕਤ ਕਰ ਦਿੰਦੀ ਹੈ, ਜੋ ਜਾਂਚ ਵਿਚ ਸਹਾਇਤਾ ਕਰ ਸਕਦੇ ਹਨ ਜਾਂ ਨਿਆਂ ਨੂੰ ਉਤਸ਼ਾਹਤ ਕਰ ਸਕਦੇ ਹਨ। ਭਾਵੇਂ ਇਹ ਸਮੂਹਿਕ ਜ਼ਮੀਰ ਦੇ ਹੋਕਰੇ ਮਾਰਨ ਵਾਲੀਆਂ ਅਦਾਲਤਾਂ ਹੋਣ ਜਾਂ ਬਲਾਤਕਾਰੀ ਧਰਮ-ਗੁਰੂਆਂ ਦੀ ਪੂਜਾ ਕਰਨ ਵਾਲੀਆਂ ਔਰਤਾਂ ਹੋਣ ਜਾਂ ਭਾਵੇਂ ਇਹ ਇਕ-ਦੂਜੇ ਨੂੰ ਦੋਸ਼ੀ ਠਹਿਰਾਉਣ ਵਾਲੀ ਸਿਆਸੀ ਜਮਾਤ ਹੋਵੇ, ਸਜ਼ਾ ਤੋਂ ਛੋਟ ਇਸ ਮੁਲਕ ਵਿਚ ਦਿਨ-ਰਾਤ ਕੰਮ ਕਰਦੀ ਹੈ। ਇਹ ਨਾ ਸਿਰਫ਼ ਜਿਨਸੀ ਹਿੰਸਾ ਦੇ ਕੰਮ ਨੂੰ ਅਦਿੱਖ ਬਣਾ ਦਿੰਦਾ ਹੈ, ਸਗੋਂ ਸਮਾਜਿਕ ਜੁਰਮ ਦੇ ਰੂਪ 'ਚ ਇਸ ਦੀ ਵਰਤੋਂ ਦੀ ਸ਼ਕਤੀਸ਼ਾਲੀ ਰੂਪ 'ਚ ਸਰਪ੍ਰਸਤੀ ਵੀ ਕਰਦਾ ਹੈ। ਇਹ ਔਰਤਾਂ ਅਤੇ ਘੱਟ-ਗਿਣਤੀ ਭਾਈਚਾਰਿਆਂ ਨੂੰ ਦਬਾਉਣ ਲਈ ਜਿਨਸੀ ਹਿੰਸਾ ਨੂੰ ਇਕ "ਜਾਇਜ਼" ਸਿਆਸੀ ਹਥਿਆਰ ਦੇ ਰੂਪ 'ਚ ਸੁਰੱਖਿਅਤ ਕਰਦਾ ਹੈ। ਇਸ ਸੰਸਕ੍ਰਿਤੀ ਅਤੇ ਇਸ ਦੀਆਂ ਪ੍ਰਵਿਰਤੀਆਂ ਦਾ ਭਾਜਪਾ ਦੇ ਅਧੀਨ ਸੰਗਠਿਤ ਹੋ ਜਾਣਾ ਮਹਿਜ਼ ਸੰਯੋਗ ਨਹੀਂ ਹੈ।

### ਕੁਝ ਪ੍ਰਭਾਵ

ਸਪੱਸ਼ਟ ਤੌਰ 'ਤੇ ਭਾਰਤੀ ਸਮਾਜ ਵਿਚ ਰਾਜ-ਜਾਤਪਾਤ-ਮਰਦ ਪ੍ਰਧਾਨ ਸੱਤਾ ਦੇ ਗੱਠਜੋੜ ਦੁਆਰਾ ਪੈਦਾ ਕੀਤੀਆਂ ਚੁਣੌਤੀਆਂ ਹਿੰਦੂ ਸੱਜੇ-ਪੱਖੀ ਤਾਕਤਾਂ ਦੁਆਰਾ ਰਾਜਨੀਤਕ ਸੱਤਾ ਉੱਪਰ ਮਜ਼ਬੂਤ ਪਕੜ ਬਣਾ ਲੈਣ ਨਾਲ ਹੋਰ ਡੂੰਘੀਆਂ ਹੋ ਗਈਆਂ ਹਨ। ਇਹ ਗੱਲ ਕਿ ਨਵਉਦਾਰਵਾਦੀ ਆਰਥਿਕਤਾ ਭਾਰਤ ਨੂੰ ਵਿਸ਼ਵ ਅਰਥਵਿਵਸਥਾ ਦਾ ਹਿੱਸਾ ਬਣਾਉਣ ਲਈ ਆਪਣੇ ਪ੍ਰੋਗਰਾਮਾਂ ਅਤੇ ਨੀਤੀਆਂ ਨੂੰ ਲਾਗੂ ਕਰਨ 'ਤੇ ਤੁਲੀ ਹੋਈ ਹੈ, ਇਸ ਦੇ ਆਪਣੇ ਸਮਾਜਿਕ ਨਤੀਜੇ ਹਨ। ਪੂੰਜੀਵਾਦ ਦੀ ਵਿਚਾਰਧਾਰਕ ਦ੍ਰਿੜ੍ਹਤਾ ਦੀ ਪ੍ਰਵਾਹ ਕੀਤੇ ਬਿਨਾਂ ਰਾਜ ਸੱਤਾ ਤੋਂ ਪਾਰ ਲੰਘਣ ਅਤੇ ਉਸ ਨਾਲ ਮਿਲੀਭੁਗਤ ਕਰਨ ਦੀ ਅਦਭੁੱਤ ਸਮਰੱਥਾ, ਅੱਜ ਬਹੁਗਿਣਤੀਵਾਦੀ ਭਾਵਨਾਵਾਂ ਅਤੇ ਇੱਛਾਵਾਂ ਨੂੰ ਜਾਇਜ਼ ਠਹਿਰਾਉਣ ਦੇ ਹਿੰਦੂਤਵੀ ਏਜੰਡੇ ਨੂੰ ਹੁਲਾਰਾ ਦੇ ਰਹੀ ਹੈ।

ਪਾੜਿਆਂ ਨੂੰ ਵਧਾਉਣ ਲਈ ਸਮਾਜ ਵਿਚਲੀਆਂ ਮੌਜੂਦਾ ਵਿਰੋਧਤਾਈਆਂ ਨੂੰ ਜਾਣਬੁੱਝ ਕੇ ਭੜਕਾਇਆ ਜਾਂਦਾ ਹੈ। ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ (ਐੱਨ ਸੀ ਆਰ ਬੀ) ਦੀ 2022 ਦੀ ਰਿਪੋਰਟ ਮੁਲਕ ਵਿਚ ਹਾਸ਼ੀਏ 'ਤੇ ਧੱਕੇ ਅਤੇ ਕਮਜ਼ੋਰ ਵਰਗਾਂ ਵਿਰੁੱਧ ਦਰਜ ਕੀਤੇ ਗਏ ਜੁਰਮਾਂ ਦੀ ਗਿਣਤੀ ਵਿਚ ਵਾਧਾ ਦਰਸਾਉਂਦੀ ਹੈ ਅਤੇ ਇਹ ਉਹ ਸਮੂਹ ਹਨ, ਜਿਨ੍ਹਾਂ ਨੂੰ ਸਾਰੇ ਪੱਧਰਾਂ 'ਤੇ ਢਾਂਚਾਗਤ ਰੁਕਾਵਟਾਂ ਅਤੇ ਸੰਸਥਾਗਤ ਬੇਰੁਖੀ ਦਾ ਸਾਹਮਣਾ ਕਰਨਾ ਪੈਂਦਾ ਹੈ-ਪੁਲਸ ਥਾਣੇ ਵਿਚ ਐੱਫ ਆਈ ਆਰ ਦਰਜ ਕਰਨ ਤੋਂ ਲੈ ਕੇ ਕਾਨੂੰਨੀ ਸਹਾਇਤਾ ਤੱਕ ਅਤੇ ਨਿਆਂ ਦੇ ਅਗਲੇ ਪੱਧਰ ਤੱਕ ਪਹੁੰਚ ਕਰਨ ਤੱਕ (ਈ ਪੀ ਡਬਲਯੂ 2023)।

1970ਵਿਆਂ ਤੋਂ ਲੈ ਕੇ ਹੁਣ ਤੱਕ ਦੇ ਸਫ਼ਰ ਉੱਪਰ ਵਿਚਾਰ ਕਰਦੇ ਹੋਏ ਔਰਤ ਸਮੂਹਾਂ ਨੂੰ ਸਮਾਜ, ਕਾਨੂੰਨ ਘਾੜਿਆਂ ਅਤੇ ਨੀਤੀ ਘਾੜਿਆਂ ਨੂੰ ਬਲਾਤਕਾਰ ਨੂੰ ਜੁਰਮ ਮੰਨਣ ਲਈ ਮਜਬੂਰ ਕਰਨ ਦੇ ਇਕ ਚੁਣੌਤੀਪੂਰਨ ਸੰਘਰਸ਼ ਦਾ ਸਾਹਮਣਾ ਕਰਨਾ ਪਿਆ ਹੈ। ਇਸ ਲੜਾਈ ਵਿਚ ਨਾ ਸਿਰਫ਼ ਕਾਨੂੰਨੀ ਸੁਧਾਰਾਂ ਦੀ ਵਕਾਲਤ ਕਰਨਾ, ਸਗੋਂ ਸਮਾਜ ਵਿਚ ਜਾਗਰੂਕਤਾ ਵਧਾਉਣਾ ਵੀ ਸ਼ਾਮਲ ਹੈ। ਜੁਰਮ ਨਾਲ ਜੁੜੀਆਂ ਜਗੀਰੂ ਅਤੇ ਮਰਦ-ਪ੍ਰਧਾਨ ਧਾਰਨਾਵਾਂ ਦਾ ਪਰਦਾਫਾਸ਼ ਕਰਨ ਲਈ ਬਲਾਤਕਾਰ ਨਾਲ ਜੁੜੀਆਂ ਮਿੱਥਾਂ, ਜਿਵੇਂ ਕਿ ਪੀੜਤ ਨੂੰ ਦੋਸ਼ੀ ਠਹਿਰਾਉਣਾ ਜਾਂ ਇਸ ਨੂੰ ਮਰਦ ਦੀ ਹਵਸ ਦੇ ਨਤੀਜੇ ਵਜੋਂ ਜਾਇਜ਼ ਠਹਿਰਾਉਣਾ, ਨੂੰ ਰੱਦ ਕੀਤਾ ਗਿਆ। ਹਿਰਾਸਤ ਵਿਚ ਬਲਾਤਕਾਰ, ਭਾਵੇਂ ਇਹ ਪੁਲਸ ਥਾਣੇ 'ਚ ਹੋਵੇ ਜਾਂ ਰਾਜ ਦੁਆਰਾ ਸੰਚਾਲਿਤ ਸੰਸਥਾਵਾਂ ਵਿਚ, ਨਾਲ ਮੱਥਾ ਲਾਉਣ ਦਾ ਮਤਲਬ ਹੈ ਮਰਦ-ਪ੍ਰਧਾਨ ਰਾਜ ਵਿਚ ਸੱਤਾ ਦੀ ਬੇਫ਼ਿਕਰ ਦੁਰਵਰਤੋਂ ਨੂੰ ਚੁਣੌਤੀ ਦੇਣਾ। ਔਰਤਾਂ ਦੇ ਸਮੂਹਾਂ ਨੇ ਜਵਾਬਦੇਹੀ ਦੀ ਮੰਗ ਕਰਦੇ ਹੋਏ ਕਸ਼ਮੀਰ ਅਤੇ ਉੱਤਰ-ਪੂਰਬ ਵਰਗੇ ਸੰਘਰਸ਼ ਦੇ ਖੇਤਰਾਂ ਵਿਚ ਹਥਿਆਰਬੰਦ ਬਲਾਂ ਅਤੇ ਨੀਮ-ਫ਼ੌਜੀ ਬਲਾਂ ਨੂੰ ਸਜ਼ਾ ਤੋਂ ਛੋਟ ਦਾ ਵੀ ਵਿਰੋਧ ਕੀਤਾ ਹੈ।

ਸਮੂਹਿਕ ਹਿੰਸਾ ਦੀਆਂ ਸਥਿਤੀਆਂ ਵਿਚ, ਰਾਜਨੀਤਕ ਪਾਰਟੀਆਂ ਅਤੇ ਰਾਜਤੰਤਰ ਦੀ ਹਮਾਇਤ ਪ੍ਰਾਪਤ ਗ਼ੈਰ-ਰਾਜਕੀ ਐਕਟਰ ਅਕਸਰ ਸਮੁੱਚੇ ਭਾਈਚਾਰਿਆਂ ਨੂੰ ਦਬਾਉਣ ਲਈ ਜਿਨਸੀ ਹਿੰਸਾ ਦੀ ਵਰਤੋਂ ਕਰਦੇ ਹਨ। ਭਾਵੇਂ ਜਾਤੀ ਅੱਤਿਆਚਾਰ ਦੇ ਮਾਮਲੇ ਹੋਣ ਜਾਂ ਫਿਰਕੂ ਹਿੰਸਾ ਦੇ, ਔਰਤਾਂ ਵਿਰੁੱਧ ਹਿੰਸਾ ਦਾ ਮਨੋਰਥ ਇਨ੍ਹਾਂ ਭਾਈਚਾਰਿਆਂ ਦੇ ਮਰਦਾਂ ਨੂੰ ਜ਼ਲੀਲ ਕਰਨਾ ਹੈ। ਜਿੱਥੇ ਵਿਕਾਸ ਲਈ ਜ਼ਮੀਨਾਂ ਅਤੇ ਸਰੋਤਾਂ ਨੂੰ ਹਥਿਆਉਣ ਦੇ ਵਿਰੋਧ ਨੂੰ ਦਬਾਉਣ ਲਈ ਰਾਜ ਵੱਲੋਂ ਬਲਾਤਕਾਰ ਨੂੰ ਦਹਿਸ਼ਤ ਦਾ ਹਥਿਆਰ ਬਣਾ ਕੇ ਵਰਤਿਆ ਜਾਂਦਾ ਹੈ, ਔਰਤਾਂ ਦੇ ਸਮੂਹਾਂ ਨੇ ਇਸ ਵਰਤੋਂ 'ਤੇ ਵੀ ਸਵਾਲ ਉਠਾਏ ਹਨ। ਹਰ ਕਦਮ, ਭਾਵੇਂ ਜਿਨਸੀ ਹਮਲੇ ਦੀ ਜਾਂਚ ਲਈ ਮਿਆਰੀ ਓਪਰੇਟਿੰਗ ਪ੍ਰੋਟੋਕੋਲ ਸਥਾਪਤ ਕਰਨਾ ਹੋਵੇ, ਗਵਾਹਾਂ ਦੀ ਸੁਰੱਖਿਆ ਦੀ ਮੰਗ ਕਰਨਾ ਹੋਵੇ ਜਾਂ ਮੁੜ ਵਸੇਬੇ ਦੇ ਉਪਾਵਾਂ ਦੀ ਵਕਾਲਤ ਕਰਨਾ ਹੋਵੇ, ਇਕ ਸੰਘਰਸ਼ ਰਿਹਾ ਹੈ। ਵੱਖ-ਵੱਖ ਸੰਸਥਾਵਾਂ ਦੀਆਂ ਸਿਫ਼ਾਰਸ਼ਾਂ ਦੇ ਬਾਵਜੂਦ, 2013 ਦੀ ਜਸਟਿਸ ਵਰਮਾ ਕਮੇਟੀ ਦੀ ਰਿਪੋਰਟ ਦਾ ਵਿਆਹੁਤਾ ਰਿਸ਼ਤੇ ਵਿਚ ਬਲਾਤਕਾਰ ਅਤੇ ਹਥਿਆਰਬੰਦ ਦਸਤਿਆਂ ਦੁਆਰਾ ਕੀਤੀ ਜਾਂਦੀ ਜਿਨਸੀ ਹਿੰਸਾ ਨੂੰ ਹੱਲ ਕਰਨ 'ਚ ਅਸਫ਼ਲ ਰਹਿਣਾ ਸਮੂਹਿਕ ਨਿਰਾਸ਼ਾ ਦਾ ਸਰੋਤ ਸੀ। ਅੱਜ ਵੀ ਸਥਿਤੀ ਇਹੀ ਹੈ। ਇਸ ਚੱਲ ਰਹੇ ਸੰਘਰਸ਼ ਵਿਚ ਬਲਾਤਕਾਰੀਆਂ ਨੂੰ ਸਨਮਾਨਿਤ ਕਰਨ ਦੀ ਪ੍ਰਥਾ ਪਿੱਛੇਖਿੱਚੂ ਹੈ ਅਤੇ ਪੀੜਤ ਪਰਵਾਰ ਦੇ ਮੈਂਬਰਾਂ ਦਾ ਪੌਲੀਗ੍ਰਾਫ਼ ਟੈਸਟ ਕਰਨਾ ਵੀ ਬਰਾਬਰ ਨਿੰਦਣਯੋਗ ਹੈ।

ਭਾਜਪਾ ਦੀ ਅਗਵਾਈ ਵਾਲੀ ਸਰਕਾਰ ਅਤੇ ਇਸ ਦੇ ਵਿਚਾਰਧਾਰਕ ਸਹਿਯੋਗੀ ਹਿੰਦੂਤਵ ਸਿਧਾਂਤ ਨੂੰ ਹੁਲਾਰਾ ਦਿੰਦੇ ਹਨ, ਜਿਸ ਦੀ ਜੜ੍ਹ ਜਾਤੀ ਦੀ ਸਰਵਉੱਚਤਾ ਅਤੇ ਮਨੂੰਸਮ੍ਰਿਤੀ 'ਚੋਂ ਉਪਜੀ ਔਰਤਾਂ ਪ੍ਰਤੀ ਘਿਰਣਾ ਦੀ ਵਡਿਆਈ ਵਿਚ ਪਈ ਹੈ। ਹਿੰਦੂਤਵ ਇਕ ਭਾਰੂ, ਹਮਲਾਵਰ ਮਰਦ ਤਸਵੀਰ ਪੇਸ਼ ਕਰਦਾ ਹੈ, ਜਿਸ ਨੂੰ ਬੁਲਡੋਜ਼ਿੰਗ ਅਤੇ ਮੁਕਾਬਲਿਆਂ ਵਿਚ ਕਤਲਾਂ ਵਰਗੀਆਂ ਰਾਜ ਦੀਆਂ ਕਾਰਵਾਈਆਂ ਦੁਆਰਾ ਮਜ਼ਬੂਤ ਕੀਤਾ ਜਾਂਦਾ ਹੈ। ਹਿੰਦੂਤਵ ਪ੍ਰੋਜੈਕਟ ਵਿਚ ਸ਼ਾਮਲ ਰਾਜਨੀਤਕ ਸਰਪ੍ਰਸਤੀ ਪ੍ਰਾਪਤ ਨੌਜਵਾਨ ਇਸ ਦੇ ਖਾੜਕੂ, ਜੇਤੂ ਪਹਿਲੂ ਨਾਲ ਆਕਰਸ਼ਤ ਹੁੰਦੇ ਹਨ, ਜਿਵੇਂ ਕਿ ਵਾਰਾਣਸੀ ਦੇ ਇੰਡੀਅਨ ਇੰਸਟੀਚਿਊਟ ਆਫ ਟੈਕਨਾਲੋਜੀ ਕੈਂਪਸ ਵਿਚ ਇਕ ਬੀਟੈੱਕ ਦੀ ਵਿਦਿਆਰਥਣ ਨਾਲ ਤਿੰਨ ਨੌਜਵਾਨਾਂ ਦੁਆਰਾ ਸਮੂਹਿਕ ਬਲਾਤਕਾਰ ਵਿਚ ਦੇਖਿਆ ਗਿਆ, ਜਿੱਥੇ ਦੋਸ਼ੀਆਂ ਵਿੱਚੋਂ ਦੋ ਜਣੇ ਭਾਜਪਾ ਦੇ ਆਈ ਟੀ ਸੈੱਲ ਵਾਲੇ ਸਨ।

ਹਿੰਦੂਤਵੀ ਤਾਕਤਾਂ ਉੱਚ-ਜਾਤੀ ਬਲਾਤਕਾਰੀਆਂ ਦੇ ਬਚਾਅ ਲਈ ਔਰਤਾਂ ਨੂੰ ਲਾਮਬੰਦ ਕਰਦੀਆਂ ਹਨ, ਜੋ ਕਿ ਸਜ਼ਾਯਾਫ਼ਤਾ ਅਧਿਆਤਮਿਕ ਆਗੂਆਂ ਦੀ ਰਿਹਾਈ ਦੀ ਮੰਗ ਕਰਦਿਆਂ ਦਿੱਤੇ ਜਾਂਦੇ ਧਰਨਿਆਂ ਅਤੇ ਜਲੂਸਾਂ ਵਿਚ ਨਜ਼ਰ ਆਉਂਦੀਆਂ ਹਨ। ਮਰਦ ਹਿੱਤਾਂ ਦੀ ਸੇਵਾ ਕਰਦੀ ਇਹ ਨਿਯੰਤਰਿਤ ਏਜੰਸੀ, ਆਪਣੇ-ਆਪ ਵਿਚ ਏਜੰਸੀ ਦਾ ਨਿਖੇਧ ਹੈ। ਬਹੁਗਿਣਤੀਵਾਦੀ ਵਿਚਾਰਧਾਰਾ ਦੇ ਵਧ ਰਹੇ ਦਬਦਬੇ ਨੂੰ ਮਰਦ-ਪ੍ਰਧਾਨ ਵਿਸ਼ਿਆਂ ਵੱਲੋਂ ਆਤਮਸਾਤ ਕਰ ਲਿਆ ਗਿਆ ਹੈ ਅਤੇ ਵਿਚਾਰਧਾਰਾ 'ਤੇ ਅਧਾਰਤ ਕਿਸੇ ਵੀ ਫਿਰਕੇਦਾਰਾਨਾ ਪਛਾਣ ਦੇ ਪਿਛਾਖੜੀ ਬਣ ਜਾਣ ਦਾ ਖ਼ਤਰਾ ਹੈ। ਨਾ ਤਾਂ ਫਿਰਕੇਦਾਰਾਨਾ ਸਨਮਾਨ ਅਤੇ ਨਾ ਹੀ ਧਾਰਮਿਕ ਪਛਾਣ ਜਿਨਸੀ ਹਿੰਸਾ ਨੂੰ ਜਾਇਜ਼ ਠਹਿਰਾ ਸਕਦੀ ਹੈ।

ਜਿਨਸੀ ਹਿੰਸਾ ਦੇ ਸਦਮੇ ਅਤੇ ਕਲੰਕ ਦੇ ਅਸਰਦਾਰ ਇਲਾਜ ਲਈ ਬਹੁਤ ਲੰਮਾ ਸਮਾਂ ਲੱਗਦਾ ਹੈ। ਜ਼ਿੰਦਾ ਬਚੇ ਲੋਕਾਂ ਅਤੇ ਉਨ੍ਹਾਂ ਦੇ ਪਰਵਾਰਾਂ ਦੀ ਸਮਾਜੀ ਅਤੇ ਮਾਨਸਿਕ ਲਾਗਤ ਉੱਜੜ ਕੇ ਵਸਣ ਅਤੇ ਬੇਅੰਤ ਸਾਲਾਂ ਦੀ ਆਰਥਿਕ ਅਸਥਿਰਤਾ ਦਾ ਕਾਰਨ ਬਣ ਸਕਦੀ ਹੈ (ਦੂਬੇ 2018)। ਕੀ ਅਸੀਂ ਇਕ ਸਮੂਹਿਕ-ਜ਼ਮੀਰ ਦੀ ਪੁਨਰ ਰਚਨਾ ਦੀ ਕਲਪਨਾ ਕਰ ਸਕਦੇ ਹਾਂ, ਜੋ ਖ਼ਬਰਾਂ ਦੀਆਂ ਰਿਪੋਰਟਾਂ, ਮੈਡੀਕਲ ਟੈਸਟਾਂ ਅਤੇ ਪੋਸਟਮਾਰਟਮ ਦੇ ਸਦਮੇ ਨੂੰ ਘਟਾਉਣ ਲਈ ਹਮਦਰਦੀ ਨੂੰ ਉਤਸ਼ਾਹਿਤ ਕਰਦੀ ਹੋਵੇ? ਕੀ ਇਹ ਅਦਾਲਤੀ ਮੁਕੱਦਮਿਆਂ, ਮੀਡੀਆ ਟਰਾਇਲਾਂ ਅਤੇ ਹਰੇਕ ਪੀੜਤ ਦੇ ਗੁੱਸੇ ਅਤੇ ਅਪਮਾਨ ਦੀਆਂ ਕਠਿਨਾਈਆਂ ਨੂੰ ਘੱਟ ਕਰੇਗੀ? ਇਹ ਯਾਦ ਰੱਖਣਾ ਲਾਹੇਵੰਦ ਹੈ ਕਿ ਅਜਿਹੀਆਂ ਭਾਰੀ ਮੁਸ਼ਕਲਾਂ ਦੇ ਬਾਵਜੂਦ ਜੋ ਔਰਤ ਨਿਆਂ ਦੀ ਮੰਗ ਕਰਦੀਆਂ ਹਨ, ਉਹ ਸਿਰਫ਼ ਆਪਣੇ ਲਈ ਹੀ ਨਹੀਂ, ਸਗੋਂ ਪੂਰੇ ਸਮਾਜ ਦੇ ਭਵਿੱਖ ਲਈ ਬੋਲ ਰਹੀਆਂ ਹਨ।

10-March-Sunday.qxd 3/9/2024 10:17 PM Page 2



## ਸਮਕਾਲੀ ਸਰੋਕਾਰ-2

# ਪੇਂਡੂ ਪੰਜਾਬ ਤੋਂ ਕੌਮਾਂਤਰੀ ਪਰਵਾਸ ਦੇ ਹੂੰਝੇ-ਪੂੰਝੇ

**ਡਾ. ਗਿਆਨ ਸਿੰਘ**

ਪਰਵਾਸ ਨੂੰ ਪ੍ਰਭਾਵਿਤ ਕਰਨ ਵਾਲ਼ੇ ਬਹੁਤ ਸਾਰੇ ਤੱਤ ਹੁੰਦੇ ਹਨ ਕਿਉਂਕਿ ਪਰਵਾਸ ਕਰਨ ਦਾ ਫ਼ੈਸਲਾ ਕਦੇ ਵੀ ਇੱਕ ਤੱਤ ਦੁਆਰਾ ਹੀ ਪ੍ਰਭਾਵਿਤ ਨਹੀਂ ਹੁੰਦਾ। ਕੌਮਾਂਤਰੀ ਪਰਵਾਸ ਕਰਨ ਦਾ ਫ਼ੈਸਲਾ ਇੱਕ ਸਖ਼ਤ ਕਦਮ ਹੈ, ਕਿਉਂਕਿ ਇਸ ਕਿਸਮ ਦੇ ਪਰਵਾਸ ਵਿੱਚ ਬਹੁਤ ਜ਼ਿਆਦਾ ਜੋਖਮ ਦੇ ਨਾਲ਼-ਨਾਲ਼ ਵੱਧ ਲਾਭ ਵੀ ਸ਼ਾਮਲ ਹੁੰਦੇ ਹਨ। ਪਰਵਾਸ ਨੂੰ ਪ੍ਰਭਾਵਿਤ ਕਰਨ ਵਾਲ਼ੇ ਤੱਤਾਂ ਨੂੰ ਧੱਕਣ ਵਾਲ਼ੇ ਅਤੇ ਖਿੱਚਣ ਵਾਲ਼ੇ ਤੱਤਾਂ ਵਿੱਚ ਵੰਡਿਆ ਜਾ ਸਕਦਾ ਹੈ। ਧੱਕਣ ਵਾਲ਼ੇ ਤੱਤ ਉਹ ਹੁੰਦੇ ਹਨ, ਜੋ ਕਿਸੇ ਵਿਅਕਤੀ ਨੂੰ ਵੱਖ-ਵੱਖ ਕਾਰਨਾਂ ਕਰਕੇ ਆਪਣਾ ਮੂਲ ਸਥਾਨ ਛੱਡਣ ਅਤੇ ਕਿਸੇ ਹੋਰ ਥਾਂ ਉੱਤੇ ਜਾਣ ਲਈ ਮਜਬੂਰ ਕਰਦੇ ਹਨ। ਦੂਜੇ ਪਾਸੇ ਖਿੱਚਣ ਵਾਲ਼ੇ ਤੱਤ ਉਹਨਾਂ ਕਾਰਕਾਂ ਨੂੰ ਦਰਸਾਉਂਦੇ ਹਨ, ਜੋ ਲੋਕਾਂ ਨੂੰ ਇੱਕ ਨਵੇਂ ਖੇਤਰ ਵਿੱਚ ਜਾਣ ਲਈ ਆਕਰਸ਼ਿਤ ਕਰਦੇ ਹਨ। ਧੱਕਣ ਵਾਲ਼ੇ ਕਾਰਕਾਂ ਵਿੱਚ ਵਧਦੀ ਬੇਰੁਜ਼ਗਾਰੀ, ਸਾਥੀਆਂ ਦਾ ਦਬਾਅ, ਸਮਾਜਿਕ-ਆਰਥਿਕ ਸਥਿਤੀਆਂ ਦਾ ਵਿਗੜਨਾ ਅਤੇ ਸਮਾਜਿਕ ਮੁੱਦੇ ਜਿਵੇਂ ਕਿ ਨਸ਼ਾਖੋਰੀ ਜਾਂ ਵਧ ਰਹੇ ਅਪਰਾਧ ਆਦਿ ਸ਼ਾਮਲ ਹਨ। ਦੂਜੇ ਦੇਸ਼ ਵੀ ਕਈ ਖਿੱਚ ਦੇ ਕਾਰਕ ਪੈਦਾ ਕਰਦੇ ਹਨ, ਜਿਵੇਂ ਕਿ ਮੁਕਾਬਲਤਨ ਵਧੇਰੇ ਕਮਾਈ ਦੇ ਮੌਕੇ, ਬਿਹਤਰ ਵਿੱਦਿਅਕ ਅਤੇ ਰਹਿਣ-ਸਹਿਣ ਦੀਆਂ ਸਥਿਤੀਆਂ, ਵਧੀਆ ਪ੍ਰਸ਼ਾਸਕੀ ਸਹੂਲਤਾਂ, ਪਰਵਾਰਕ ਪਰਵਾਸ/ਵਿਆਹ ਆਦਿ। ਜਦੋਂ ਪਰਵਾਸੀਆਂ ਜਾਂ ਉਹਨਾਂ ਦੇ ਪਰਵਾਰਕ ਮੈਂਬਰਾਂ ਨੂੰ ਪਰਵਾਸ ਦੇ ਕਾਰਨਾਂ ਬਾਰੇ ਪੁੱਛਿਆ ਗਿਆ ਤਾਂ ਉਹਨਾਂ ਨੇ ਹੇਠਾਂ ਦਿੱਤੇ ਕਾਰਨਾਂ ਬਾਰੇ ਦੱਸਿਆ :

ਪਟਿਆਲਾ, ਬਠਿੰਡਾ, ਸੰਗਰੂਰ, ਜਲੰਧਰ, ਹੁਸ਼ਿਆਰਪੁਰ, ਲੁਧਿਆਣਾ, ਫ਼ਿਰੋਜ਼ਪੁਰ, ਬਰਨਾਲਾ, ਮੋਗਾ, ਸ੍ਰੀ ਮੁਕਤਸਰ ਸਾਹਿਬ, ਗੁਰਦਾਸਪੁਰ ਅਤੇ ਅੰਮ੍ਰਿਤਸਰ ਜ਼ਿਲ੍ਹਿਆਂ ਦੇ ਕ੍ਰਮਵਾਰ 99.26, 97.39, 96.04, 93.18, 88.86, 87.37, 85.71, 78.46, 66.82, 52.11, 29.21, ਅਤੇ 26.63 ਪ੍ਰਤੀਸ਼ਤ ਪਰਵਾਸੀਆਂ ਦੇ ਸੰਬੰਧ ਵਿੱਚ ਉਹਨਾਂ ਦੇ ਪਰਵਾਰਕ ਮੈਂਬਰਾਂ ਨੇ ਦੱਸਿਆ ਕਿ ਉਹਨਾਂ ਦੇ ਬੱਚਿਆਂ/ਮੈਂਬਰਾਂ ਦੇ ਪਰਵਾਸ ਦਾ ਮੁੱਖ ਕਾਰਨ ਬੇਰੁਜ਼ਗਾਰੀ ਹੈ।

ਅੰਮ੍ਰਿਤਸਰ ਜ਼ਿਲ੍ਹੇ ਦੇ ਇੱਕ-ਤਿਹਾਈ ਤੋਂ ਥੋੜ੍ਹਾ ਵੱਧ ਪਰਵਾਸੀ ਭਾਵ 34.78 ਪ੍ਰਤੀਸ਼ਤ ਆਪਣੇ ਹਾਣੀਆਂ ਦੇ ਦਬਾਅ ਨੂੰ ਮਹਿਸੂਸ ਕਰਦੇ ਹੋਏ ਵਿਦੇਸ਼ ਗਏ। ਪਟਿਆਲਾ, ਗੁਰਦਾਸਪੁਰ, ਜਲੰਧਰ, ਬਰਨਾਲਾ, ਲੁਧਿਆਣਾ, ਫ਼ਿਰੋਜ਼ਪੁਰ, ਮੋਗਾ, ਬਠਿੰਡਾ, ਸ੍ਰੀ ਮੁਕਤਸਰ ਸਾਹਿਬ, ਸੰਗਰੂਰ ਅਤੇ ਹੁਸ਼ਿਆਰਪੁਰ ਜ਼ਿਲ੍ਹਿਆਂ ਦੇ ਕ੍ਰਮਵਾਰ 30.88, 30.34, 25.29, 22.31, 22.16, 21.43, 18.48, 15.03, 14.08, 11.39, ਅਤੇ 9.48 ਪ੍ਰਤੀਸ਼ਤ ਪਰਵਾਸੀਆਂ ਦੇ ਪਰਵਾਰਕ ਮੈਂਬਰਾਂ ਨੇ ਵੀ ਇਹੀ ਕਾਰਨ ਦੱਸਿਆ।

ਫ਼ਿਰੋਜ਼ਪੁਰ ਦੇ 40.18, ਅੰਮ੍ਰਿਤਸਰ ਦੇ 28.26, ਮੋਗਾ ਦੇ 25.59, ਗੁਰਦਾਸਪੁਰ ਦੇ 20.79, ਪਟਿਆਲਾ ਦੇ 11.76, ਲੁਧਿਆਣਾ ਦੇ 10.57, ਸੰਗਰੂਰ ਦੇ 9.90, ਸ੍ਰੀ ਮੁਕਤਸਰ ਸਾਹਿਬ ਦੇ 9.86, ਬਰਨਾਲਾ ਦੇ 9.23, ਬਠਿੰਡਾ ਦੇ 5.23, ਜਲੰਧਰ ਦੇ 4.66 ਅਤੇ ਹੁਸ਼ਿਆਰਪੁਰ ਦੇ 4.27 ਪ੍ਰਤੀਸ਼ਤ ਪਰਵਾਸੀਆਂ ਦੇ ਪਰਵਾਰਕ ਮੈਂਬਰਾਂ ਨੇ ਦੱਸਿਆ ਕਿ ਉਹਨਾਂ ਦੇ ਬੱਚੇ ਪੰਜਾਬ ਵਿੱਚ ਫੈਲੇ ਨਸ਼ਿਆਂ ਤੋਂ ਬਚਣ ਲਈ ਵਿਦੇਸ਼ ਚਲੇ ਗਏ।



ਸੂਬੇ ਦੀਆਂ ਵਿਗੜਦੀਆਂ ਹੋਈਆਂ ਸਮਾਜਿਕ-ਆਰਥਿਕ ਹਾਲਤਾਂ ਨੇ ਅੰਮ੍ਰਿਤਸਰ, ਸੰਗਰੂਰ, ਬਰਨਾਲਾ, ਪਟਿਆਲਾ, ਫ਼ਿਰੋਜ਼ਪੁਰ, ਗੁਰਦਾਸਪੁਰ, ਜਲੰਧਰ, ਹੁਸ਼ਿਆਰਪੁਰ, ਮੋਗਾ, ਬਠਿੰਡਾ, ਲੁਧਿਆਣਾ ਅਤੇ ਸ੍ਰੀ ਮੁਕਤਸਰ ਸਾਹਿਬ ਦੇ ਕ੍ਰਮਵਾਰ 42.39, 34.16, 25.38, 23.53, 21.43, 19.66, 16.31, 14.69, 11.37, 9.15, 8.51, ਅਤੇ 7.04 ਪ੍ਰਤੀਸ਼ਤ ਵਿਅਕਤੀਆਂ ਨੂੰ ਵਿਦੇਸ਼ਾਂ ਵਿੱਚ ਪਰਵਾਸ ਕਰਨ ਲਈ ਮਜਬੂਰ ਕੀਤਾ।

ਸੂਬੇ ਵਿੱਚ ਵਧ ਰਹੇ ਅਪਰਾਧਾਂ ਤੋਂ ਤੰਗ ਆਏ ਗੁਰਦਾਸਪੁਰ ਦੇ 16.29 ਪ੍ਰਤੀਸ਼ਤ, ਫ਼ਿਰੋਜ਼ਪੁਰ ਦੇ 10.71 ਪ੍ਰਤੀਸ਼ਤ, ਸ੍ਰੀ ਮੁਕਤਸਰ ਸਾਹਿਬ ਦੇ 8.45 ਪ੍ਰਤੀਸ਼ਤ, ਪਟਿਆਲਾ ਦੇ 8.09 ਪ੍ਰਤੀਸ਼ਤ, ਅੰਮ੍ਰਿਤਸਰ ਦੇ 7.61 ਪ੍ਰਤੀਸ਼ਤ, ਮੋਗਾ ਦੇ 2.84 ਪ੍ਰਤੀਸ਼ਤ, ਸੰਗਰੂਰ ਦੇ 1.49 ਪ੍ਰਤੀਸ਼ਤ, ਹੁਸ਼ਿਆਰਪੁਰ ਦੇ 1.42 ਪ੍ਰਤੀਸ਼ਤ, ਜਲੰਧਰ ਦੇ 1.00 ਪ੍ਰਤੀਸ਼ਤ ਅਤੇ ਲੁਧਿਆਣਾ ਦੇ 0.26 ਪ੍ਰਤੀਸ਼ਤ ਵਿਅਕਤੀਆਂ ਨੇ ਵਿਦੇਸ਼ਾਂ ਵਿੱਚ ਜਾਣਾ ਬਿਹਤਰ ਸਮਝਿਆ।

ਅੰਮ੍ਰਿਤਸਰ, ਸ੍ਰੀ ਮੁਕਤਸਰ ਸਾਹਿਬ, ਪਟਿਆਲਾ, ਜਲੰਧਰ, ਬਠਿੰਡਾ, ਹੁਸ਼ਿਆਰਪੁਰ, ਮੋਗਾ, ਫ਼ਿਰੋਜ਼ਪੁਰ, ਬਰਨਾਲਾ, ਲੁਧਿਆਣਾ, ਸੰਗਰੂਰ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਦੇ ਕ੍ਰਮਵਾਰ 90.76, 87.32, 83.82, 83.53, 83.01, 74.17, 62.09, 61.61, 57.69, 53.35, 45.05, ਅਤੇ 43.82 ਪ੍ਰਤੀਸ਼ਤ ਪਰਵਾਸੀਆਂ ਦੇ ਪਰਵਾਰਕ ਮੈਂਬਰਾਂ ਨੇ ਦੱਸਿਆ ਕਿ ਉਹਨਾਂ ਦੇ ਬੱਚਿਆਂ/ਮੈਂਬਰਾਂ ਦੀ ਵਧੇਰੇ ਕਮਾਈ ਕਰਨ ਦੀ ਇੱਛਾ ਨੇ ਉਹਨਾਂ ਨੂੰ ਵਿਦੇਸ਼ਾਂ ਵਿੱਚ ਪਰਵਾਸ ਲਈ ਪ੍ਰੇਰਿਤ ਕੀਤਾ।

ਵਿਦੇਸ਼ਾਂ ਵਿੱਚ ਰਹਿਣ-ਸਹਿਣ ਦੀਆਂ ਵਧੀਆ ਸਥਿਤੀਆਂ ਅਤੇ ਪ੍ਰਸ਼ਾਸਕੀ ਸਹੂਲਤਾਂ ਨੇ ਬਰਨਾਲਾ ਦੇ 84.62 ਪ੍ਰਤੀਸ਼ਤ, ਗੁਰਦਾਸਪੁਰ ਦੇ 83.71 ਪ੍ਰਤੀਸ਼ਤ, ਪਟਿਆਲਾ ਦੇ 83.09 ਪ੍ਰਤੀਸ਼ਤ, ਸੰਗਰੂਰ ਦੇ 82.18 ਪ੍ਰਤੀਸ਼ਤ, ਅੰਮ੍ਰਿਤਸਰ ਦੇ 82.07 ਪ੍ਰਤੀਸ਼ਤ, ਮੋਗਾ ਦੇ 79.62 ਪ੍ਰਤੀਸ਼ਤ, ਜਲੰਧਰ ਦੇ 77.37 ਪ੍ਰਤੀਸ਼ਤ, ਬਠਿੰਡਾ ਦੇ 77.12, ਹੁਸ਼ਿਆਰਪੁਰ ਦੇ 68.96 ਪ੍ਰਤੀਸ਼ਤ, ਫ਼ਿਰੋਜ਼ਪੁਰ ਦੇ 58.93 ਪ੍ਰਤੀਸ਼ਤ, ਸ੍ਰੀ ਮੁਕਤਸਰ ਸਾਹਿਬ ਦੇ 50.70 ਪ੍ਰਤੀਸ਼ਤ ਅਤੇ ਲੁਧਿਆਣਾ ਦੇ 31.19 ਪ੍ਰਤੀਸ਼ਤ ਪੇਂਡੂ ਪੰਜਾਬੀਆਂ ਨੂੰ ਪਰਵਾਸ ਕਰਨ ਲਈ ਆਕਰਸ਼ਿਤ ਕੀਤਾ।

ਬਰਨਾਲਾ ਦੇ 19.23 ਪ੍ਰਤੀਸ਼ਤ, ਮੋਗਾ ਦੇ 18.48 ਪ੍ਰਤੀਸ਼ਤ, ਅੰਮ੍ਰਿਤਸਰ ਦੇ 16.85 ਪ੍ਰਤੀਸ਼ਤ, ਪਟਿਆਲਾ ਦੇ 15.44 ਪ੍ਰਤੀਸ਼ਤ, ਫ਼ਿਰੋਜ਼ਪੁਰ ਦੇ 13.39 ਪ੍ਰਤੀਸ਼ਤ, ਗੁਰਦਾਸਪੁਰ ਦੇ 12.92 ਪ੍ਰਤੀਸ਼ਤ, ਬਠਿੰਡਾ ਦੇ 10.46 ਪ੍ਰਤੀਸ਼ਤ, ਹੁਸ਼ਿਆਰਪੁਰ ਦੇ 9.00 ਪ੍ਰਤੀਸ਼ਤ, ਜਲੰਧਰ ਦੇ 8.49 ਪ੍ਰਤੀਸ਼ਤ, ਲੁਧਿਆਣਾ ਦੇ 6.44 ਪ੍ਰਤੀਸ਼ਤ, ਸੰਗਰੂਰ ਦੇ 4.95 ਪ੍ਰਤੀਸ਼ਤ ਅਤੇ ਸ੍ਰੀ ਮੁਕਤਸਰ ਸਾਹਿਬ ਦੇ 2.82 ਪ੍ਰਤੀਸ਼ਤ ਵਿਅਕਤੀਆਂ ਦੇ ਵਿਦੇਸ਼ਾਂ ਵਿੱਚ ਪਰਵਾਸ ਕਰਨ ਦਾ ਕਾਰਨ ਉਹਨਾਂ ਦੇ ਪਰਵਾਰਾਂ ਦਾ ਵਿਦੇਸ਼ਾਂ ਵਿੱਚ ਵੱਸ ਜਾਣਾ ਸੀ।

ਬਠਿੰਡਾ, ਪਟਿਆਲਾ, ਅੰਮ੍ਰਿਤਸਰ, ਸ੍ਰੀ ਮੁਕਤਸਰ ਸਾਹਿਬ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਸੰਗਰੂਰ, ਬਰਨਾਲਾ, ਮੋਗਾ, ਲੁਧਿਆਣਾ ਅਤੇ ਫ਼ਿਰੋਜ਼ਪੁਰ ਜ਼ਿਲ੍ਹਿਆਂ ਦੇ ਕ੍ਰਮਵਾਰ 64.71, 47.79, 39.67, 38.03, 35.39, 29.62, 27.79, 7.43, 4.62, 3.79, 3.09, ਅਤੇ 0.89 ਪ੍ਰਤੀਸ਼ਤ ਵਿਅਕਤੀਆਂ ਨੇ ਉੱਚ ਸਿੱਖਿਆ ਪ੍ਰਾਪਤ ਕਰਨ ਲਈ ਵਿਦੇਸ਼ਾਂ ਵਿੱਚ ਪਰਵਾਸ ਕੀਤਾ।

ਉਪਰੋਕਤ ਵਿਸ਼ਲੇਸ਼ਣ ਸਪੱਸ਼ਟ ਤੌਰ ਉੱਤੇ ਦਰਸਾਉਂਦਾ ਹੈ ਕਿ ਬੇਰੁਜ਼ਗਾਰੀ, ਵਿਦੇਸ਼ਾਂ ਵਿੱਚ ਬਿਹਤਰ ਰਹਿਣ-ਸਹਿਣ ਦੀਆਂ ਸਥਿਤੀਆਂ ਅਤੇ ਪ੍ਰਸ਼ਾਸਕੀ ਸਹੂਲਤਾਂ, ਵਧੇਰੇ ਕਮਾਈ ਕਰਨ ਦੀ ਇੱਛਾ, ਉੱਚ ਸਿੱਖਿਆ ਪ੍ਰਾਪਤ ਕਰਨਾ, ਸਾਥੀਆਂ ਦਾ ਦਬਾਅ ਆਦਿ ਪੇਂਡੂ ਪੰਜਾਬ ਤੋਂ ਪਰਵਾਸ ਦੇ ਮੁੱਖ ਕਾਰਨ ਹਨ। ਇਸ ਲਈ ਪੇਂਡੂ ਪੰਜਾਬ ਤੋਂ ਕੌਮਾਂਤਰੀ ਪਰਵਾਸ ਲਈ ਸੂਬੇ ਵਿੱਚ ਰੁਜ਼ਗਾਰ ਦੇ ਸੀਮਤ ਮੌਕੇ, ਨੌਜਵਾਨਾਂ ਦੀਆਂ ਵਧਦੀਆਂ ਆਸ਼ਾਵਾਂ, ਉਦਾਰ ਜੀਵਨ ਸ਼ੈਲੀ ਦੀ ਵਧੇਰੇ ਸਵੀਕਾਰਤਾ, ਆਰਥਿਕ ਗਤੀਵਿਧੀਆਂ ਦਾ ਆਧੁਨਿਕੀਕਰਨ, ਇਮੀਗ੍ਰੇਸ਼ਨ ਨੈੱਟਵਰਕ ਦੀ ਤੀਬਰਤਾ, ਵਿਦੇਸ਼ਾਂ ਵਿੱਚ ਉੱਚ ਸਿੱਖਿਆ ਦੀ ਪ੍ਰਾਪਤੀ ਆਦਿ ਵਰਗੇ ਮਹੱਤਵਪੂਰਨ ਤੱਤ ਜ਼ਿੰਮੇਵਾਰ ਹਨ।

ਪੰਜਾਬ ਦੇ ਚੁਣੇ ਗਏ ਜ਼ਿਲ੍ਹਿਆਂ ਵਿੱਚ ਪਰਵਾਸੀਆਂ ਦੁਆਰਾ ਕੀਤੇ ਗਏ ਖ਼ਰਚਿਆਂ ਦੇ ਪੈਟਰਨ ਵਿੱਚ ਬਖੇਰਵੇਂ ਹਨ। ਪਰਵਾਸੀਆਂ ਦੇ ਸਭ ਤੋਂ ਵੱਧ ਅਨੁਪਾਤ ਨੇ ਫ਼ਿਰੋਜ਼ਪੁਰ (48.21 ਪ੍ਰਤੀਸ਼ਤ), ਸੰਗਰੂਰ (36.63 ਪ੍ਰਤੀਸ਼ਤ), ਬਰਨਾਲਾ (33.85 ਪ੍ਰਤੀਸ਼ਤ), ਗੁਰਦਾਸਪੁਰ (28.09 ਪ੍ਰਤੀਸ਼ਤ), ਪਟਿਆਲਾ (27.21 ਪ੍ਰਤੀਸ਼ਤ) ਅਤੇ ਮੋਗਾ (25.71 ਪ੍ਰਤੀਸ਼ਤ) ਵਿੱਚ ਵਿਦੇਸ਼ ਜਾਣ ਲਈ 15 ਤੋਂ 20 ਲੱਖ ਰੁਪਏ ਖ਼ਰਚ ਕੀਤੇ। ਅੰਮ੍ਰਿਤਸਰ (26.09 ਪ੍ਰਤੀਸ਼ਤ) ਅਤੇ ਬਠਿੰਡਾ (30.72 ਪ੍ਰਤੀਸ਼ਤ) ਜ਼ਿਲ੍ਹਿਆਂ ਵਿੱਚ ਬਹੁਤੇ ਪਰਵਾਸੀਆਂ ਨੇ 20 ਤੋਂ 25 ਲੱਖ ਰੁਪਏ ਇਸ ਮੰਤਵ ਲਈ ਖ਼ਰਚੇ। ਜਲੰਧਰ (33.78 ਪ੍ਰਤੀਸ਼ਤ), ਹੁਸ਼ਿਆਰਪੁਰ (27.49 ਪ੍ਰਤੀਸ਼ਤ) ਅਤੇ ਲੁਧਿਆਣਾ (23.91 ਪ੍ਰਤੀਸ਼ਤ) ਜ਼ਿਲ੍ਹਿਆਂ ਵਿੱਚ ਜ਼ਿਆਦਾਤਰ ਪਰਵਾਸੀਆਂ ਨੇ ਆਪਣੇ ਪਰਵਾਸ ਲਈ 5 ਲੱਖ ਰੁਪਏ ਤੋਂ ਘੱਟ ਖ਼ਰਚ ਕੀਤੇ। ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਵਿੱਚ ਪਰਵਾਸੀਆਂ ਦੇ ਸਭ ਤੋਂ ਵੱਧ ਹਿੱਸੇ (36.62 ਪ੍ਰਤੀਸ਼ਤ) ਨੇ 25 ਤੋਂ 30 ਲੱਖ ਰੁਪਏ ਇਸ ਮੰਤਵ ਲਈ ਖ਼ਰਚ ਕੀਤੇ। ਜ਼ਿਕਰਯੋਗ ਹੈ ਕਿ ਸ੍ਰੀ ਮੁਕਤਸਰ ਸਾਹਿਬ ਵਿੱਚ 9.86 ਪ੍ਰਤੀਸ਼ਤ, ਬਰਨਾਲਾ ਵਿੱਚ 4.62 ਪ੍ਰਤੀਸ਼ਤ, ਬਠਿੰਡਾ ਵਿੱਚ 4.58 ਪ੍ਰਤੀਸ਼ਤ, ਸੰਗਰੂਰ ਵਿੱਚ 3.96 ਪ੍ਰਤੀਸ਼ਤ, ਜਲੰਧਰ ਵਿੱਚ 3.49 ਪ੍ਰਤੀਸ਼ਤ, ਮੋਗਾ ਵਿੱਚ 3.33 ਪ੍ਰਤੀਸ਼ਤ, ਹੁਸ਼ਿਆਰਪੁਰ ਵਿੱਚ 3.08 ਪ੍ਰਤੀਸ਼ਤ, ਪਟਿਆਲਾ ਵਿੱਚ 2.93 ਪ੍ਰਤੀਸ਼ਤ, ਫ਼ਿਰੋਜ਼ਪੁਰ ਵਿੱਚ 2.69 ਪ੍ਰਤੀਸ਼ਤ ਅਤੇ ਲੁਧਿਆਣਾ ਵਿੱਚ 2.32 ਪ੍ਰਤੀਸ਼ਤ ਵਿਅਕਤੀਆਂ ਨੂੰ ਵਿਦੇਸ਼ ਜਾਣ ਲਈ 30 ਲੱਖ ਰੁਪਏ ਤੋਂ ਵੱਧ ਖ਼ਰਚ ਕਰਨੇ ਪਏ। ਪਰਵਾਸੀਆਂ ਨੇ ਸਭ ਤੋਂ ਵੱਧ ਔਸਤਨ ਰਕਮ 2319718.31 ਰੁਪਏ ਸ੍ਰੀ ਮੁਕਤਸਰ ਸਾਹਿਬ ਵਿੱਚ ਵਿਦੇਸ਼ ਜਾਣ ਲਈ ਖ਼ਰਚ ਕੀਤੇ। ਇਸ ਤੋਂ ਬਾਅਦ ਕ੍ਰਮਵਾਰ ਸੰਗਰੂਰ ਵਿੱਚ 1601980.20 ਰੁਪਏ, ਬਠਿੰਡਾ ਵਿੱਚ 1580784.31 ਰੁਪਏ, ਪਟਿਆਲੇ ਵਿੱਚ 1521029.41 ਰੁਪਏ, ਫ਼ਿਰੋਜ਼ਪੁਰ ਵਿੱਚ 1462500.00 ਰੁਪਏ, ਗੁਰਦਾਸਪੁਰ ਵਿੱਚ 1407303.37 ਰੁਪਏ, ਬਰਨਾਲਾ ਵਿੱਚ 1359615.38 ਰੁਪਏ, ਅੰਮ੍ਰਿਤਸਰ ਵਿੱਚ 1335054.35 ਰੁਪਏ, ਲੁਧਿਆਣਾ ਵਿੱਚ 1219408.74 ਰੁਪਏ, ਹੁਸ਼ਿਆਰਪੁਰ ਵਿੱਚ 1179549.76 ਰੁਪਏ, ਮੋਗਾ ਵਿੱਚ 115-2380.95 ਰੁਪਏ, ਅਤੇ ਜਲੰਧਰ ਵਿੱਚ 1036955.07 ਰੁਪਏ ਵਿਦੇਸ਼ ਜਾਣ ਲਈ ਖ਼ਰਚ ਕੀਤੇ ਗਏ।

ਜਿੱਥੋਂ ਤੱਕ ਫੰਡਾਂ ਦੇ ਸਰੋਤਾਂ ਦਾ ਸੰਬੰਧ ਹੈ, ਕੁੱਲ ਖ਼ਰਚ ਦੀ ਸਭ ਤੋਂ ਵੱਧ ਪ੍ਰਤੀਸ਼ਤਤਾ ਫ਼ਿਰੋਜ਼ਪੁਰ, ਸੰਗਰੂਰ, ਲੁਧਿਆਣਾ, ਮੋਗਾ, ਹੁਸ਼ਿਆਰਪੁਰ, ਜਲੰਧਰ, ਪਟਿਆਲਾ, ਬਰਨਾਲਾ ਅਤੇ ਗੁਰਦਾਸਪੁਰ ਜ਼ਿਲ੍ਹਿਆਂ ਵਿੱਚ ਪਰਵਾਸੀਆਂ ਦੇ ਪਰਵਾਰਾਂ ਦੀ ਬੱਚਤ ਤੋਂ ਆਈ। ਇਸ ਸਰੋਤ ਨੇ ਇਹਨਾਂ ਜ਼ਿਲ੍ਹਿਆਂ ਵਿੱਚ ਕੁੱਲ ਖ਼ਰਚ ਵਿੱਚ ਕ੍ਰਮਵਾਰ 52.56, 50.62, 48.97, 47.89, 43.51, 43.27, 37.78, 29.03, ਅਤੇ 28.82 ਪ੍ਰਤੀਸ਼ਤ ਦਾ ਯੋਗਦਾਨ ਪਾਇਆ। ਅਸੀਂ ਪ੍ਰਵਾਸੀਆਂ ਦੇ ਪਰਵਾਰਾਂ ਦੁਆਰਾ ਰਿਪੋਰਟ ਕੀਤੇ ਅਨੁਸਾਰ ਬੱਚਤ ਦੇ ਇਹ ਅੰਕੜੇ ਲਏ ਹਨ। ਅਸਲ ਵਿੱਚ ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ਰਹਿਣ ਵਾਲ਼ੇ ਲੋਕ, ਖ਼ਾਸ ਕਰਕੇ ਕਿਸਾਨ, ਮੁਕਾਬਲਤਨ ਘੱਟ ਵਿਆਜ ਦਰ ਉੱਤੇ ਉਧਾਰ ਦੀ ਸਹੂਲਤ ਪ੍ਰਾਪਤ ਕਰਨ ਲਈ ਵੱਖ-ਵੱਖ ਸੰਸਥਾਵਾਂ ਤੋਂ ਆਪਣੀਆਂ ਜਾਇਦਾਦਾਂ ਗਿਰਵੀ ਰੱਖ ਕੇ ਬੈਂਕ ਲਿਮਟਾਂ ਲੈਂਦੇ ਅਤੇ ਇਹਨਾਂ ਵਿੱਚੋਂ ਜ਼ਿਆਦਾਤਰ ਆਪਣੀ ਆਮਦਨ ਅਤੇ ਬੱਚਤ ਦੀ ਗ਼ਲਤ ਤਰੀਕੇ ਨਾਲ਼ ਗਣਨਾ ਕਰਦੇ ਹਨ। ਇਸ ਤੋਂ ਬਾਅਦ ਇਹਨਾਂ ਜ਼ਿਲ੍ਹਿਆਂ ਵਿੱਚ ਪਰਵਾਸ ਲਈ ਜ਼ਮੀਨ/ਪਲਾਟ/ਗਹਿਣੇ/ ਵਾਹਨ/ਜਾਨਵਰਾਂ/ਖੇਤੀਬਾੜੀ ਮਸ਼ੀਨਰੀ ਦੀ ਵਿਕਰੀ ਅਤੇ ਬੈਂਕਾਂ/ਸਹਿਕਾਰੀ ਸਭਾਵਾਂ ਤੋਂ ਲਏ ਗਏ ਉਧਾਰ ਤੋਂ ਪ੍ਰਬੰਧ ਕੀਤਾ ਗਿਆ ਸੀ। ਅੰਮ੍ਰਿਤਸਰ ਜ਼ਿਲ੍ਹੇ ਵਿੱਚ ਕੁੱਲ ਖ਼ਰਚ ਦਾ ਸਭ ਤੋਂ ਵੱਧ ਹਿੱਸਾ ਬੈਂਕਾਂ/ਸਹਿਕਾਰੀ ਸਭਾਵਾਂ (30.61 ਪ੍ਰਤੀਸ਼ਤ) ਤੋਂ ਲਏ ਗਏ ਉਧਾਰ ਤੋਂ ਆਇਆ ਹੈ, ਇਸ ਤੋਂ ਬਾਅਦ ਪਰਵਾਰਕ ਬੱਚਤਾਂ (29.86 ਪ੍ਰਤੀਸ਼ਤ) ਅਤੇ ਜ਼ਮੀਨ/ ਪਲਾਟ/ ਗਹਿਣੇ/ ਵਾਹਨ/ ਜਾਨਵਰਾਂ/ ਖੇਤੀਬਾੜੀ ਮਸ਼ੀਨਰੀ (26.75 ਪ੍ਰਤੀਸ਼ਤ) ਦੀ ਵਿਕਰੀ ਤੋਂ ਆਇਆ ਹੈ। ਸ੍ਰੀ ਮੁਕਤਸਰ ਸਾਹਿਬ ਅਤੇ ਬਠਿੰਡਾ ਜ਼ਿਲ੍ਹਿਆਂ ਵਿੱਚ ਪਰਵਾਸੀਆਂ ਦੇ ਪਰਵਾਰਾਂ ਨੂੰ ਕੌਮਾਂਤਰੀ ਪਰਵਾਸ ਲਈ ਆਪਣੀ ਜ਼ਮੀਨ/ਪਲਾਟ/ ਗਹਿਣੇ/ ਵਾਹਨ/ਜਾਨਵਰਾਂ/ਖੇਤੀਬਾੜੀ ਮਸ਼ੀਨਰੀ ਵੀ ਵੇਚਣੀ ਪਈ। ਇਸ ਸਰੋਤ ਨੇ ਇਹਨਾਂ ਜ਼ਿਲ੍ਹਿਆਂ ਵਿੱਚ ਪਰਵਾਸ ਦੇ ਕੁੱਲ ਖ਼ਰਚ ਵਿੱਚ ਕ੍ਰਮਵਾਰ 39.47 ਅਤੇ 35.46 ਪ੍ਰਤੀਸ਼ਤ ਦਾ ਯੋਗਦਾਨ ਪਾਇਆ। ਇਸ ਤੋਂ ਬਾਅਦ ਪਰਵਾਰਕ ਬੱਚਤ (ਸ੍ਰੀ ਮੁਕਤਸਰ ਸਾਹਿਬ ਵਿੱਚ 26.23 ਪ੍ਰਤੀਸ਼ਤ ਅਤੇ ਬਠਿੰਡਾ ਵਿੱਚ 24.39 ਪ੍ਰਤੀਸ਼ਤ) ਅਤੇ ਬੈਂਕਾਂ/ਸਹਿਕਾਰੀ ਸਭਾਵਾਂ ਤੋਂ ਲਿਆ ਗਿਆ ਉਧਾਰ (ਸ੍ਰੀ ਮੁਕਤਸਰ ਸਾਹਿਬ ਵਿੱਚ 12.87 ਪ੍ਰਤੀਸ਼ਤ ਅਤੇ ਬਠਿੰਡਾ ਵਿੱਚ 16.83 ਪ੍ਰਤੀਸ਼ਤ) ਸੀ।

ਪਰਵਾਸ ਉਹਨਾਂ ਪਰਵਾਰਾਂ ਲਈ ਸਕਾਰਾਤਮਕ ਅਨੁਭਵ ਬਣ ਸਕਦਾ ਹੈ ਜਿਹਨਾਂ ਦੇ ਪਰਵਾਸੀ ਮੈਂਬਰ ਵਿਦੇਸ਼ਾਂ ਵਿੱਚ ਦਿਹਾੜੀ/ਮਜ਼ਦੂਰੀ ਕਰਕੇ ਕੀਤੀ ਕਮਾਈ ਤੋਂ ਆਪਣੇ ਖ਼ਰਚ ਕੱਢਣ ਤੋਂ ਬਾਅਦ ਆਪਣੇ ਪਰਵਾਰਾਂ ਨੂੰ ਪੈਸੇ ਭੇਜਣਾ ਸ਼ੁਰੂ ਕਰਦੇ ਹਨ। ਇਸ ਵਿੱਚ ਮੂਲ ਦੇਸ਼ ਵਿੱਚ ਪਰਵਾਸੀਆਂ ਦੁਆਰਾ ਕੀਤੇ ਗਏ ਨਿਵੇਸ਼, ਜਮ੍ਹਾਂ ਰਾਸ਼ੀ ਅਤੇ ਦਾਨ ਵੀ ਸ਼ਾਮਲ ਹੋ ਸਕਦੇ ਹਨ। ਜਲੰਧਰ ਵਿੱਚ ਪਰਵਾਸੀਆਂ ਦੀ ਸਭ ਤੋਂ ਵੱਧ ਪ੍ਰਤੀਸ਼ਤਤਾ (82.86) ਨੇ ਆਪਣੇ ਪਰਵਾਰਾਂ ਨੂੰ ਪੈਸੇ ਭੇਜੇ, ਇਸ ਤੋਂ ਬਾਅਦ ਇਹ ਰਕਮ ਹੁਸ਼ਿਆਰਪੁਰ ਵਿੱਚ 80.57, ਅੰਮ੍ਰਿਤਸਰ ਵਿੱਚ 64.67, ਮੋਗਾ ਵਿੱਚ 63.81, ਫ਼ਿਰੋਜ਼ਪੁਰ ਵਿੱਚ 62.50, ਲੁਧਿਆਣਾ ਵਿੱਚ 58.87, ਬਠਿੰਡਾ ਵਿੱਚ 54.59, ਸੰਗਰੂਰ ਵਿੱਚ 54.46, ਬਰਨਾਲਾ ਵਿੱਚ 52.31, ਪਟਿਆਲਾ ਵਿੱਚ 45.59, ਗੁਰਦਾਸਪੁਰ ਵਿੱਚ 28.65 ਅਤੇ ਸ੍ਰੀ ਮੁਕਤਸਰ ਸਾਹਿਬ ਵਿੱਚ 11.27 ਪ੍ਰਤੀਸ਼ਤ ਆਂਕੀ ਗਈ। ਮੌਜੂਦਾ ਸਰਵੇਖਣ ਦਾ ਇੱਕ ਧਿਆਨ ਦੇਣ ਯੋਗ ਦੁਖਦਾਈ ਪੱਖ ਇਹ ਹੈ ਕਿ ਸ੍ਰੀ ਮੁਕਤਸਰ ਸਾਹਿਬ (88.73 ਪ੍ਰਤੀਸ਼ਤ) ਅਤੇ ਗੁਰਦਾਸਪੁਰ (71.35 ਪ੍ਰਤੀਸ਼ਤ) ਜ਼ਿਲ੍ਹਿਆਂ ਦੇ ਦੋ-ਤਿਹਾਈ ਤੋਂ ਵੱਧ ਪਰਵਾਸੀਆਂ ਨੇ ਆਪਣੇ ਪਰਵਾਰਾਂ ਨੂੰ ਰੈਮਿਟੈਂਸ ਵਜੋਂ ਕੋਈ ਵੀ ਰਕਮ ਨਹੀਂ ਭੇਜੀ।

ਕੁੱਲ ਪਰਵਾਸੀਆਂ ਜਿਹਨਾਂ ਨੇ ਆਪਣੇ ਪਰਵਾਰਾਂ ਨੂੰ ਪੈਸੇ ਭੇਜੇ, ਉਹਨਾਂ ਨੇ ਜਲੰਧਰ (80.93 ਪ੍ਰਤੀਸ਼ਤ), ਲੁਧਿਆਣਾ (65.93 ਪ੍ਰਤੀਸ਼ਤ), ਫ਼ਿਰੋਜ਼ਪੁਰ (64.29 ਪ੍ਰਤੀਸ਼ਤ), ਮੋਗਾ (64.18 ਪ੍ਰਤੀਸ਼ਤ), ਹੁਸ਼ਿਆਰਪੁਰ (56.76 ਪ੍ਰਤੀਸ਼ਤ), ਬਠਿੰਡਾ (53.67 ਪ੍ਰਤੀਸ਼ਤ), ਸੰਗਰੂਰ (52.72 ਪ੍ਰਤੀਸ਼ਤ), ਅੰਮ੍ਰਿਤਸਰ (48.73 ਪ੍ਰਤੀਸ਼ਤ) ਅਤੇ ਗੁਰਦਾਸਪੁਰ (47.05 ਪ੍ਰਤੀਸ਼ਤ) ਜ਼ਿਲ੍ਹਿਆਂ ਵਿੱਚ ਆਪਣੇ ਪਰਵਾਰਾਂ ਨੂੰ 5 ਲੱਖ ਰੁਪਏ ਤੱਕ ਦੀ ਰਕਮ ਹੀ ਭੇਜੀ। ਇਸ ਤੋਂ ਇਲਾਵਾ ਅੰਮ੍ਰਿਤਸਰ (25.21), ਗੁਰਦਾਸਪੁਰ (23.53) ਅਤੇ ਲੁਧਿਆਣਾ (23.14) ਜ਼ਿਲ੍ਹਿਆਂ ਦੇ ਪਰਵਾਸੀਆਂ ਦੀ ਸਭ ਤੋਂ ਵੱਧ ਪ੍ਰਤੀਸ਼ਤਤਾ ਨੇ 4 ਤੋਂ 5 ਲੱਖ ਰੁਪਏ ਦੇ ਦਰਮਿਆਨ ਰਕਮ ਆਪਣੇ ਪਰਵਾਰਾਂ ਨੂੰ ਭੇਜੀ, ਜਦੋਂ ਕਿ ਬਠਿੰਡਾ (38.24), ਸੰਗਰੂਰ (28.18) ਅਤੇ ਮੋਗਾ (27.61) ਜ਼ਿਲ੍ਹਿਆਂ ਦੇ ਪਰਵਾਸੀਆਂ ਦੀ ਸਭ ਤੋਂ ਵੱਧ ਪ੍ਰਤੀਸ਼ਤ ਨੇ ਆਪਣੇ ਪਰਵਾਰਾਂ ਨੂੰ 5 ਤੋਂ 6 ਲੱਖ ਰੁਪਏ ਦੇ ਵਿਚਕਾਰ ਰਕਮ ਭੇਜੀ। ਜਲੰਧਰ ਜ਼ਿਲ੍ਹੇ ਵਿੱਚ ਇੱਕ-ਤਿਹਾਈ ਤੋਂ ਥੋੜ੍ਹਾ ਘੱਟ (33.13 ਪ੍ਰਤੀਸ਼ਤ) ਅਤੇ ਫ਼ਿਰੋਜ਼ਪੁਰ ਜ਼ਿਲ੍ਹੇ ਵਿੱਚ 24.29 ਪ੍ਰਤੀਸ਼ਤ ਪਰਵਾਸੀਆਂ ਨੇ ਆਪਣੇ ਪਰਵਾਰਾਂ ਨੂੰ 2 ਤੋਂ 3 ਲੱਖ ਰੁਪਏ ਦੇ ਦਰਮਿਆਨ ਰਕਮ ਭੇਜੀ, ਜਦੋਂ ਕਿ ਹੁਸ਼ਿਆਰਪੁਰ ਜ਼ਿਲ੍ਹੇ ਦੇ 27.35 ਪ੍ਰਤੀਸ਼ਤ ਪਰਵਾਸੀਆਂ ਨੇ 3 ਤੋਂ 4 ਲੱਖ ਦੇ ਵਿਚਕਾਰ ਰਕਮ ਭੇਜੀ। ਇਸ ਦੇ ਨਾਲ਼ ਹੀ ਬਰਨਾਲਾ (38.24 ਪ੍ਰਤੀਸ਼ਤ), ਸੰਗਰੂਰ (28.18 ਪ੍ਰਤੀਸ਼ਤ) ਅਤੇ ਮੋਗਾ (27.61 ਪ੍ਰਤੀਸ਼ਤ) ਜ਼ਿਲ੍ਹਿਆਂ ਦੇ ਪਰਵਾਸੀਆਂ ਨੇ ਆਪਣੇ ਪਰਵਾਰਾਂ ਨੂੰ 10 ਲੱਖ ਜਾਂ ਇਸ ਤੋਂ ਵੱਧ ਦੀ ਰਕਮ ਭੇਜੀ।

ਪਰਵਾਸ ਦੀ ਉੱਚੀ ਲਾਗਤ ਅਤੇ ਪਰਵਾਸੀਆਂ ਵੱਲੋਂ ਆਪਣੇ ਪਰਵਾਰਾਂ ਨੂੰ ਘੱਟ ਪੈਸੇ ਭੇਜਣ ਕਾਰਨ ਬਹੁਤ ਸਾਰੇ ਪਰਵਾਰ, ਜਿਵੇਂ ਕਿ ਗੁਰਦਾਸਪੁਰ ਵਿੱਚ 91.01 ਪ੍ਰਤੀਸ਼ਤ, ਅੰਮ੍ਰਿਤਸਰ ਵਿੱਚ 89.13 ਪ੍ਰਤੀਸ਼ਤ, ਸ੍ਰੀ ਮੁਕਤਸਰ ਸਾਹਿਬ ਵਿੱਚ 78.87 ਪ੍ਰਤੀਸ਼ਤ, ਪਟਿਆਲਾ ਵਿੱਚ 75.74 ਪ੍ਰਤੀਸ਼ਤ, ਬਠਿੰਡਾ ਵਿੱਚ 74.51 ਪ੍ਰਤੀਸ਼ਤ, ਫ਼ਿਰੋਜ਼ਪੁਰ ਵਿੱਚ 66.96 ਪ੍ਰਤੀਸ਼ਤ, ਬਰਨਾਲਾ ਵਿੱਚ 64.62 ਪ੍ਰਤੀਸ਼ਤ, ਸੰਗਰੂਰ ਵਿੱਚ 62.87 ਪ੍ਰਤੀਸ਼ਤ, ਜਲੰਧਰ ਵਿੱਚ 62.40 ਪ੍ਰਤੀਸ਼ਤ, ਮੋਗਾ ਵਿੱਚ 58.57 ਪ੍ਰਤੀਸ਼ਤ, ਹੁਸ਼ਿਆਰਪੁਰ ਵਿੱਚ 56.87 ਪ੍ਰਤੀਸ਼ਤ ਅਤੇ ਲੁਧਿਆਣਾ ਵਿੱਚ 54.76 ਪ੍ਰਤੀਸ਼ਤ ਕਰਜ਼ੇ ਹੇਠ ਸਨ। ਕਰਜ਼ਈ ਪਰਵਾਰਾਂ ਵਿੱਚੋਂ ਸਭ ਤੋਂ ਵੱਧ ਅੰਮ੍ਰਿਤਸਰ ਵਿੱਚ 46.74 ਪ੍ਰਤੀਸ਼ਤ, ਗੁਰਦਾਸਪੁਰ ਵਿੱਚ 30.34 ਪ੍ਰਤੀਸ਼ਤ, ਜਲੰਧਰ ਵਿੱਚ 29.95 ਪ੍ਰਤੀਸ਼ਤ, ਬਠਿੰਡਾ ਵਿੱਚ 27.45 ਪ੍ਰਤੀਸ਼ਤ, ਫ਼ਿਰੋਜ਼ਪੁਰ ਵਿੱਚ 26.79 ਪ੍ਰਤੀਸ਼ਤ, ਬਰਨਾਲਾ ਵਿੱਚ 22.31 ਪ੍ਰਤੀਸ਼ਤ, ਹੁਸ਼ਿਆਰਪੁਰ ਵਿੱਚ 22.27 ਪ੍ਰਤੀਸ਼ਤ ਅਤੇ ਮੋਗਾ ਵਿੱਚ 21.43 ਪ੍ਰਤੀਸ਼ਤ ਪਰਵਾਰਾਂ ਉੱਤੇ 5 ਲੱਖ ਰੁਪਏ ਤੱਕ ਦਾ ਕਰਜ਼ਾ ਸੀ। ਸ੍ਰੀ ਮੁਕਤਸਰ ਸਾਹਿਬ (23.94 ਪ੍ਰਤੀਸ਼ਤ), ਸੰਗਰੂਰ (23.27 ਪ੍ਰਤੀਸ਼ਤ) ਅਤੇ ਲੁਧਿਆਣਾ (18.77 ਪ੍ਰਤੀਸ਼ਤ) ਜ਼ਿਲ੍ਹਿਆਂ ਵਿੱਚ ਸਭ ਤੋਂ ਵੱਧ ਪਰਵਾਰਾਂ ਉੱਤੇ 5 ਤੋਂ 10 ਲੱਖ ਰੁਪਏ ਦਾ ਕਰਜ਼ਾ ਪਾਇਆ ਗਿਆ। ਪਟਿਆਲਾ ਜ਼ਿਲ੍ਹੇ ਵਿੱਚ ਸਭ ਤੋਂ ਵੱਧ ਪਰਵਾਰ ਭਾਵ 22.06 ਪ੍ਰਤੀਸ਼ਤ ਦੇ ਸਿਰ 10 ਤੋਂ 15 ਲੱਖ ਰੁਪਏ ਦੇ ਦਰਮਿਆਨ ਕਰਜ਼ਾ ਸੀ। ਮੌਜੂਦਾ ਸਰਵੇਖਣ ਦਾ ਇੱਕ ਧਿਆਨ ਦੇਣਯੋਗ ਦੁੱਖਦਾਈ ਪੱਖ ਇਹ ਵੀ ਹੈ ਕਿ ਕੁਝ ਪਰਵਾਰ ਜਿਵੇਂ ਕਿ ਸ੍ਰੀ ਮੁਕਤਸਰ ਸਾਹਿਬ ਵਿੱਚ 5.63 ਪ੍ਰਤੀਸ਼ਤ, ਬਰਨਾਲਾ ਵਿੱਚ 3.85 ਪ੍ਰਤੀਸ਼ਤ, ਪਟਿਆਲਾ ਵਿੱਚ 2.21 ਪ੍ਰਤੀਸ਼ਤ ਅਤੇ ਬਾਕੀ ਚੁਣੇ ਗਏ ਜ਼ਿਲ੍ਹਿਆਂ ਵਿੱਚ ਦੋ ਪ੍ਰਤੀਸ਼ਤ ਤੋਂ ਘੱਟ ਪਰਵਾਰਾਂ ਉੱਤੇ 20 ਲੱਖ ਜਾਂ ਇਸ ਤੋਂ ਵੱਧ ਦਾ ਕਰਜ਼ਾ ਸੀ।

ਪੇਂਡੂ ਪੰਜਾਬ ਦੇ ਚੁਣੇ ਗਏ ਸਾਰੇ ਜ਼ਿਲ੍ਹਿਆਂ ਦੇ ਫੀਲਡ ਸਰਵੇਖਣ ਤੋਂ ਇਹ ਤੱਥ ਸਾਹਮਣੇ ਆਏ ਹਨ ਕਿ ਪੰਜਾਬ ਵਿੱਚੋਂ ਕੌਮਾਂਤਰੀ ਪਰਵਾਸ ਬੌਧਿਕ ਹੂੰਝੇ, ਪੂੰਜੀ ਹੂੰਝੇ ਅਤੇ ਜਨਸੰਖਿਆ ਲਾਭਅੰਸ਼ ਦੇ ਨੁਕਸਾਨ ਤੋਂ ਬਿਨਾਂ ਵੀ ਹੋਰ ਅਨੇਕਾਂ ਸਮੱਸਿਆਵਾਂ ਖੜ੍ਹੀਆਂ ਕਰ ਰਿਹਾ ਹੈ। ਇਹਨਾਂ ਹੂੰਝਿਆਂ ਦੇ ਨਾਲ਼-ਨਾਲ਼ ਕੁਝ ਖ਼ਤਰਨਾਕ ਪੂੰਝਿਆਂ ਦਾ ਪਰਚਲਣ ਵੀ ਸ਼ੁਰੂ ਹੋ ਗਿਆ ਹੈ। ਇਹਨਾਂ ਪੂੰਝਿਆਂ ਵਿੱਚੋਂ ਖ਼ੂਹ ਉੱਪਰਲੇ ਤੌੜ-ਪਹੀ ਵਿੱਚੋਂ ਆਪਣਾ ਹਿੱਸਾ ਅਤੇ ਪਿੰਡ ਦੀਆਂ ਰੂੜੀਆਂ ਵਾਲ਼ੇ ਟੋਏ ਨੂੰ ਵੇਚਣਾ ਪੇਂਡੂ ਪੰਜਾਬ ਤੋਂ ਕੌਮਾਂਤਰੀ ਪਰਵਾਸ ਕਰ ਰਹੇ ਵਿਅਕਤੀਆਂ/ਪਰਵਾਰਾਂ ਦੁਆਰਾ ਆਪਣੀਆਂ ਜੜ੍ਹਾਂ ਨੂੰ ਆਪੇ ਹੀ ਪੁੱਟਣਾ ਅਤੇ ਸੁਕਾਉਣਾ ਹੈ, ਜਿਸ ਦੇ ਸੱਭਿਆਚਾਰਕ ਅਤੇ ਹੋਰ ਅਨੇਕਾਂ ਨਤੀਜੇ ਬਹੁਤ ਭਿਆਨਕ ਹੁੰਦੇ ਹਨ। ਇਸ ਲਈ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਸੂਬੇ ਅਤੇ ਦੇਸ਼ ਵਿੱਚ ਰੁਜ਼ਗਾਰ ਦੇ ਢੁਕਵੇਂ ਮੌਕੇ ਪੈਦਾ ਕਰਨੇ ਯਕੀਨੀ ਬਣਾਉਣੇ ਚਾਹੀਦੇ ਹਨ ਤਾਂ ਜੋ ਸਾਰੇ ਵਿਅਕਤੀ ਜ਼ਿੰਦਗੀ ਦੀਆਂ ਮੁੱਢਲੀਆਂ ਸੱਤ ਲੋੜਾਂ- ਰੋਟੀ, ਕੱਪੜਾ, ਮਕਾਨ, ਸਿੱਖਿਆ, ਸਿਹਤ-ਸੰਭਾਲ, ਸਾਫ਼ ਵਾਤਾਵਰਨ ਅਤੇ ਸਮਾਜਿਕ ਸੁਰੱਖਿਆ ਨੂੰ ਸਤਿਕਾਰਯੋਗ ਢੰਗ ਨਾਲ਼ ਪੂਰਾ ਕਰ ਸਕਣ। ਇਸ ਤੋਂ ਬਿਨਾਂ ਨਸ਼ਿਆਂ ਦੇ ਫੈਲ ਰਹੇ ਮੱਕੜ-ਜਾਲ, ਵਿਗੜੀਆਂ ਸਮਾਜਿਕ-ਆਰਥਿਕ ਸਥਿਤੀਆਂ, ਵਧ ਰਹੇ ਅਪਰਾਧਾਂ, ਰਹਿਣ-ਸਹਿਣ ਦੀਆਂ ਮਾੜੀਆਂ ਸਥਿਤੀਆਂ, ਅਤੇ ਨੀਵੇਂ ਦਰਜੇ ਦੀਆਂ ਪ੍ਰਸ਼ਾਸਕੀ ਸਹੂਲਤਾਂ ਆਦਿ ਸਮੱਸਿਆਵਾਂ ਉੱਪਰ ਕਾਬੂ ਪਾਉਣਾ ਕੇਂਦਰ ਅਤੇ ਸੂਬਾ ਸਰਕਾਰਾਂ ਦੁਆਰਾ ਯਕੀਨੀ ਬਣਾਉਣਾ ਬਣਦਾ ਹੈ।

(ਸਮਾਪਤ)



## ਨਵਾਂ ਜ਼ਮਾਨਾ ਲਈ ਸਹਾਇਤਾ

ਗ਼ਦਰੀ ਬਾਬਾ ਨਿਰੰਜਣ ਸਿੰਘ ਪੰਡੋਰੀ ਲੱਧਾ ਸਿੰਘ ਦੀ ਯਾਦ ਵਿੱਚ ਉਨ੍ਹਾ ਦੇ ਪੋਤਰੇ ਮਨਜੀਤ ਸਿੰਘ ਢਿੱਲੋਂ ਤੇ ਬੀਬੀ ਹਰਜੀਤ ਕੌਰ ਢਿੱਲੋਂ ਵੱਲੋਂ ਕੈਨੇਡਾ (ਜਿਕਰਯੋਗ ਹੈ ਕਿ ਬੀਬੀ ਹਰਜੀਤ ਕੌਰ ਢਿੱਲੋਂ ਜਰਨੈਲ ਮੂਲਾ ਸਿੰਘ ਬਾਹੋਵਾਲ ਦੀ ਬੇਟੀ ਹੈ।) 'ਨਵਾਂ ਜ਼ਮਾਨਾ' ਲਈ 2000 ਰੁਪਏ ਅਤੇ ਬੀਬੀ ਗੁਰਮੀਤ ਕੌਰ ਸਾਰਾ ਬੰਬੇਲੀ ਨੇ ਆਪਣੇ ਪਿਤਾ ਜਰਨੈਲ ਮੂਲਾ ਸਿੰਘ ਬਾਹੋਵਾਲ ਦੀ ਯਾਦ ਵਿੱਚ 1100 ਰੁਪਏ ਵਿਜੈ ਬੰਬੇਲੀ ਰਾਹੀਂ ਨਵਾਂ ਜ਼ਮਾਨਾਂ ਲਈ ਭੇਜੇ। ਅਦਾਰਾ ਇਨ੍ਹਾਂ ਦਾ ਧੰਨਵਾਦੀ ਹੈ।

-ਸੰਪਾਦਕ

# ਬਾਲ ਕੋਨਾ

## ਪੇਪਰਾਂ ਦੇ ਦਿਨ

ਪੜ੍ਹ ਪੁੱਤਰਾ ਤੂੰ ਹੁਣ ਤਾਂ ਪੜ੍ਹ ਪੁੱਤਰਾ।
ਪੇਪਰਾਂ ਦੇ ਦਿਨ ਬੁੱਕ ਫੜ ਪੁੱਤਰਾ।

ਛੱਡ ਦੇ ਪਤੰਗ ਬਸੰਤ ਲੰਘ ਗਈ,
ਰੁੱਤ ਸੋਹਣੀ ਬਿਨਾਂ ਪੜ੍ਹੇ ਕੱਢ ਲਈ।
ਹੁਣ ਕੰਨੀ ਅੱਖਰਾਂ ਦੀ ਫੜ ਪੁੱਤਰਾ,
ਪੜ੍ਹ ਪੁੱਤਰਾ ਤੂੰ ਹੁਣ ਤਾਂ ਪੜ੍ਹ ਪੁੱਤਰਾ।

ਪੜ੍ਹੇ ਹੋਏ ਕੰਮ ਦੀ ਕਰ ਦੁਹਰਾਈ,
ਪੁੱਛ ਸਰ ਕੋਲੋਂ ਜੇ ਕੋਈ ਕਠਿਨਾਈ।
ਵਿਹਲਾ ਇੱਕ ਪਲ ਵੀ ਨਾ ਖੜ੍ਹ ਪੁੱਤਰਾ,
ਪੜ੍ਹ ਪੁੱਤਰਾ ਤੂੰ ਹੁਣ ਤਾਂ ਪੜ੍ਹ ਪੁੱਤਰਾ।

ਦੇਖ 'ਜਸ਼ਨ' ਵੱਲ ਕਿੰਨਾ ਹੈ ਪੜ੍ਹਦੀ,
ਤੇਰੇ ਵਾਂਗ ਹੱਥ 'ਚ ਫੋਨ ਨਾ ਫੜਦੀ।
ਅਗਲੀ ਜਮਾਤੇ ਜਾਊ ਚੜ੍ਹ ਪੁੱਤਰਾ,
ਪੜ੍ਹ ਪੁੱਤਰਾ ਤੂੰ ਹੁਣ ਤਾਂ ਪੜ੍ਹ ਪੁੱਤਰਾ।

'ਲੱਡੇ' ਵਾਂਗ ਜੇ ਤੂੰ ਵੀ ਐਸ਼ ਕਰਨੀ,
ਫੇਰ ਕੁਝ ਤਕਲੀਫ਼ ਪਊਗੀ ਜਰਨੀ।
ਆਪਣੀ ਕਿਸਮਤ ਆਪੇ ਘੜ ਪੁੱਤਰਾ,
ਪੜ੍ਹ ਪੁੱਤਰਾ ਤੂੰ ਹੁਣ ਤਾਂ ਪੜ੍ਹ ਪੁੱਤਰਾ।


**— ਜਗਜੀਤ ਸਿੰਘ ਲੱਡਾ**




ਅਗਮਦੀਪ ਸਿੰਘ, ਤੀਜੀ, ਦਿ ਬ੍ਰਿਟਿਸ਼ ਵਰਲਡ ਰਾਮਗੜ੍ਹ ਸਰਦਾਰਾਂ, ਲੁਧਿਆਣਾ



ਬਲਜੋਤ ਸਿੰਘ, ਦੂਜੀ, ਸ. ਪ. ਸ. ਗੰਭੀਰਪੁਰ ਲੋਅਰ



ਬਲਜੋਤ ਸਿੰਘ, ਦੂਜੀ, ਸ. ਪ. ਸ. ਗੰਭੀਰਪੁਰ ਲੋਅਰ